# ਪਿੰਡ ਬ੍ਰਹਮੰਡ

(ਸਮੁੱਚੀ ਕਵਿਤਾ-ਸੈਂਚੀ ਪੰਜਵੀਂ : 2003 ਤੋਂ 2014 - ਕੈਨੇਡਾ)



ਰਵਿੰਦਰ ਰਵੀ

Academy of the Punjab in North America - APNA:  http://www.apnaorg.com

# ਪਿੰਡ ਬ੍ਰਹਮੰਡ

## ਸਮੁੱਚੀ ਕਵਿਤਾ : ਸੈਂਚੀ ਪੰਜਵੀਂ

2003 ਤੋਂ 2014 (ਕੈਨੇਡਾ)



ਰਵਿੰਦਰ ਰਵੀ

Academy of the Punjab in North America - APNA: http://www.apnaorg.com

# ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ : ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983) ਮੇਰੇ ਕਾਵਿ-ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਤ੍ਰੈਲੜੀ ਨਾਟਕ** : ਸੂਰਜ ਨਾਟਕ (1974-1983),

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005)

**ਚਰਚਤ ਕਹਾਣੀ**: ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2

**ਅੰਗਰੇਜ਼ੀ** : Wind Song (Poetry), Wind Song-2 (Poetry)
Restless Soul (Poetry)
Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

**ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)**

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000)

**ਸਮੁੱਚਾ ਨਾਟਕ** : ਮੰਚ ਨਾਟਕ (1974-1990), **ਕਾਵਿ-ਨਾਟਕ** : ਮਨ ਦੇ ਹਾਣੀ

Academy of the Punjab in North America - APNA: http://www.apnaorg.com

# ਪਿੰਡ ਬ੍ਰਹਮੰਡ

## ਸਮੁੱਚੀ ਕਵਿਤਾ : ਸੈਂਚੀ ਪੰਜਵੀਂ
## 2003 ਤੋਂ 2014 (ਕੈਨੇਡਾ)

ਰਵਿੰਦਰ ਰਵੀ

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

Academy of the Punjab in North America - APNA: http://www.apnaorg.com

# PIND BRAHMAND

Collected Poetry : Volume 5 (2003 to 2014)- Canada
A collection of Poetry
Written by : **Ravinder Ravi (R. S. Gill)**

© Ravinder Ravi
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **r.ravi@live.ca**
My Personal Bolg/Website : **www.ravinder-ravi.com**

Art : K.S. Manupuria, (India) and Donna Caplette (Canada)
Photographs : Raj Shergill (Detroit, Michigan, U.S.A.)
Typesetting : Kuldeep Singh (India) (M. 9811544085)

ਰੂਪਕਾਰ : ਕੇ. ਐੱਸ. ਮਾਨੂੰਪੁਰੀਆ
ਫ਼ੋਟੋ : ਰਾਜ ਸ਼ੇਰਗਿੱਲ (ਡੈਟਰੌਇਟ, ਮਿਸ਼ੀਗਨ, ਅਮਰੀਕਾ)
ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2015

ISBN 978-81-7116-000-0

**PRICE : Rs. 000.00**

Published by :
**NATIONAL BOOK SHOP**
Pleasure Garden Market, Chandni Chowk, Delhi-110006
Ph. : 011-23264342, 64529291 Email:nbs.bookstore@gmail.com

*ਪ੍ਰਿੰਟਰ*
**ਬੀ. ਕੇ. ਆਫਸੈੱਟ** ਦਿੱਲੀ-110032

Academy of the Punjab in North America - APNA: http://www.apnaorg.com

# Dedicated to

My student

**Santokh (Sam) Singh Kodial**

who completed the Project of My Blog/Website :

**www.ravinder-ravi.com**

ਆਪਣੇ ਵਿਦਿਆਰਥੀ

**ਸੰਤੋਖ ਸਿੰਘ ਕੁਢੈਲ** ਦੇ ਨਾਂ

ਜਿਸ ਨੇ ਮੇਰੇ ਬਲਾਗ/ਵੈਬਸਾਈਟ ਦਾ ਪ੍ਰਾਜੈਕਟ ਸੰਪੂਰਨ ਕੀਤਾ

**www.ravinder-ravi.com**

Academy of the Punjab in North America - APNA: http://www.apnaorg.com

# ਤਰਤੀਬ


ਰਵਿੰਦਰ ਰਵੀ ਦਾ ਜੀਵਨ-ਬਿਓਰਾ 0
ਪਿੰਡ ਬ੍ਰਹਮੰਡ : ਆਰੰਭਕ-ਸ਼ਬਦ 0


## ਸ਼ਬਦਾਂ ਦੇ ਚਿਹਰੇ : (2013-14 ਅਤੇ 1969-1978)


ਸ਼ਬਦਾਂ ਦੇ ਚਿਹਰੇ : ਆਰੰਭਕ ਸ਼ਬਦ - ਰਵਿੰਦਰ ਰਵੀ


## ਸ਼ਬਦਾਂ ਦੇ ਚਿਹਰੇ (ਕਲਮੀਂ ਚਿਤਰ) : 2013


ਮੋਹਨ ਸਿੰਘ 0
ਕਰਤਾਰ ਸਿੰਘ ਦੁੱਗਲ 0
ਬਲਵੰਤ ਗਾਰਗੀ 0
ਡਾ. ਐੱਮ. ਐੱਸ. ਰੰਧਾਵਾ 0
ਡਾ. ਪ੍ਰੇਮ ਪ੍ਰਕਾਸ਼ ਸਿੰਘ 0
ਅਜੀਤ ਕੌਰ 0
ਪਿਆਰਾ ਸਿੰਘ ਭੋਗਲ 0
ਗੁਰਚਰਨ ਰਾਮਪੁਰੀ 0
ਗੁਰੂਮੇਲ (ਡਾ. ਗੁਰਮੇਲ ਸਿੱਧੂ) 0
ਡਾ. ਰਘਬੀਰ ਸਿੰਘ 'ਸਿਰਜਣਾ' 0
ਡਾ. ਸੁਤਿੰਦਰ ਸਿੰਘ ਨੂਰ 0
ਅਮਰਜੀਤ ਸਿੰਘ 'ਅਕਸ' 0
ਤਾਰਾ ਸਿੰਘ ਹੇਅਰ 0
ਮਨਜੀਤ ਟਿਵਾਣਾ 0
ਡਾ. ਦੇਵਿੰਦਰ ਕੌਰ 0
ਚਰਨ ਸਿੰਘ 0
ਮਨਜੀਤ ਮੀਤ 0
ਰਵਿੰਦਰ ਰਵੀ :
ਆਪਣੀ ਬੁੱਕਲ (ਸਵੈ-ਚਿਤਰ) 0


## ਸ਼ਬਦਾਂ ਦੇ ਚਿਹਰੇ (ਕਲਮੀਂ ਚਿਤਰ) : 1969-1978


ਅੰਮ੍ਰਿਤਾ ਪ੍ਰੀਤਮ 0
ਹਰਿਭਜਨ ਸਿੰਘ 0
ਜਸਬੀਰ ਸਿੰਘ ਆਹਲੂਵਾਲੀਆ 0
ਅਜਾਇਬ ਕਮਲ 0
ਜਗਤਾਰ 0
ਤਾਰਾ ਸਿੰਘ 0
ਗੁਲਜ਼ਾਰ ਸਿੰਘ ਸੰਧੂ 0
ਸਰਬੰਸ 0
ਸੋਹਨ ਕਾਦਰੀ 0
ਅਵਤਾਰਜੀਤ 0


Academy of the Punjab in North America - APNA: http://www.apnaorg.com

| | | | |
|---|---|---|---|
| ਪ੍ਰੀਤਮ ਸਿੰਘ | 0 | ਕੁਲਵੰਤ ਸਿੰਘ ਵਿਰਕ | 0 |
| ਰਵਿੰਦਰ ... ਰਵੀ (ਸਵੈ ਚਿਤਰ) | 0 | ਗੁਲਜ਼ਾਰ ਸਿੰਘ ਸੰਧੂ | 0 |
| ਸੁਰਜੀਤ ਸਿੰਘ ਸੇਠੀ | 0 | ਸ. ਸ. ਮੀਸ਼ਾ | 0 |
| ਮਹਿਰਮ ਯਾਰ | 0 | ਕੁਲਬੀਰ ਸਿੰਘ ਕਾਂਗ | 0 |
| ਸੁਖਪਾਲਵੀਰ ਸਿੰਘ ਹਸਰਤ | 0 | ਬਰਿੱਜ ਕੌਸ਼ਕ | 0 |
| ਅਤਰ ਸਿੰਘ | 0 | ਤਰਸੇਮ ਪੁਰੇਵਾਲ | 0 |
| ਸੰਤ ਸਿੰਘ ਸੇਖੋਂ | 0 | ਰਵਿੰਦਰ ਰਵੀ : | |
| ਦੇਵਿੰਦਰ ਸਤਿਆਰਥੀ | 0 | ਖਾਲੀ ਪਿਆਲਾ (ਸਵੈ ਚਿਤਰ) | 0 |

## ਨਵੀਂ ਸਦੀ ਦੀ ਨਵੀਂ ਨਸਲ (2010-20130

ਨਵੀਂ ਸਦੀ ਦੀ ਨਵੀਂ ਨਸਲ : ਆਰੰਭਕ ਸ਼ਬਦ -ਰਵਿੰਦਰ ਰਵੀ

| | | | |
|---|---|---|---|
| ਪਿੰਡ ਬ੍ਰਹਮੰਡ | 0 | ਭਾਰਤ :ਭ੍ਰਿਸ਼ਟਾਚਾਰ ਦਾ ਸੱਭਿਆਚਾਰ | 0 |
| ਰੁੱਤਾਂ ਦੀ ਸਾਜ਼ਸ਼ | 0 | ਬਾਲੀਵੁੱਡ : ਨਾਇਕ ਤੇ ਖਲਨਾਇਕ | 0 |
| ਸੁੱਕੀ ਨਦੀ ਦਾ ਗੀਤ | 0 | ਖਪਤ-ਸੱਭਿਆਚਾਰ : | |
| ਇਕ ਸੂਰਜ ਹੋਰ | 0 | ਬਦਲਦੇ ਸੰਦਰਭ | 0 |
| ਨਵੀਂ ਸਦੀ ਦੀ ਨਵੀਂ ਨਸਲ | 0 | ਯੁੱਧ ਦੀ ਸ਼ਤਰੰਜ | 0 |
| ਨਵੀਂ ਸਦੀ ਦੀ ਨਵੀਂ ਤਾਸ਼ | 0 | ਕੁਕਨੂਸ : ਤ੍ਰੈਕਾਲੀ ਚਿਤਰਪਟ | 0 |
| ਨਵੀਂ ਸਦੀ ਦਾ ਨਵਾਂ ਘਰ | 0 | ਆਤਮ-ਘਾਤੀ ਬੰਬ | 0 |
| ਉਮਰ ਦਾ ਅੰਤਿਮ ਪੜਾਅ | 0 | ਚਿੜੀ ਵਰਗੀ ਕੁੜੀ | 0 |
| ਵਿਆਹ | 0 | ਬੀਜ ਦੇ ਮੌਸਮ | 0 |
| ਮੀਮੋਂ | 0 | ਵਿਸ਼ਵੀਕਰਨ : ਅਧੂਰੀ ਵਿਥਿਆ | 0 |
| ਇਹ ਦੀਵਾ ਤੇਰੇ ਨਾਂ | 0 | ਮੋਬਾਇਲ ਟਾਪੂ | 0 |
| ਸੱਸੀ, ਸਾਹਿਬਾਂ ਤੇ ਹੀਰ ਦੀ | | ਸੱਸੀ, ਸੂਰਜ, ਥਲ | 0 |
| ਊਲ ਜਲੂਲ ਤਸਵੀਰ | 0 | ਰਿਸ਼ਤਿਆਂ ਦੀ ਸ਼ੂਨਯਤਾ | 0 |
| ਉੱਤਰ ਮਾਰਕਸਵਾਦ | 0 | ਨੰਗੇਜੀ ਸਿਖਰ-ਸੰਤੋਖ | 0 |
| ਤਾਨਾਸ਼ਾਹੀ ਤੇ ਵਿਸ਼ਵੀਕਰਨ | 0 | ਇਕ ਬੇਨਾਮ ਇਸ਼ਕ | 0 |
| ਵਣ ਨੂੰ ਬਚਾਓ | 0 | ਮਾਨਸਕ ਗੁੰਝਲਾਂ ਦਾ ਚੱਕ੍ਰਵਯੂਹ | |
| ਸਦੀਆਂ ਦੀ ਪਿਆਸ | 0 | ਤੇ ਨਵੀਂ ਨਸਲ | 0 |
| 'ਮੈਂ-ਕੁ-ਭਰ' ਅਸਮਾਨ | 0 | ਨਵਾਂ ਵਰ੍ਹਾ : ਲਾ-ਪਤਾ | 0 |
| ਸ਼ੀਸ਼ਾ ਤੇ ਪ੍ਰਸ਼ਨਾਂ ਦੀ ਪਿਆਸ | 0 | ਬਿਨ ਦਰੋਂ ਦੀਵਾਰ | 0 |
| ਅਮਰੀਕਾ : ਹਿੰਸਾ ਦਾ ਸੱਭਿਆਚਾਰ | 0 | ਬਾਜ਼ਾਂ ਦੀਆਂ ਛਾਵਾਂ : | |
| ਗੈਂਗ ਰੇਪ | 0 | ਤਿੰਨ ਪ੍ਰਭਾਵ-ਸਕੇਪ | 0 |



Academy of the Punjab in North America - APNA: http://www.apnaorg.com

# ਬਾਜ਼ ਦੀ ਨਜ਼ਰ : ਕਵਿਤਾਵਾਂ (2007-2010)


ਬਾਜ਼ ਦੀ ਨਜ਼ਰ : ਆਰੰਭਕ ਸ਼ਬਦ -ਰਵਿੰਦਰ ਰਵੀ

ਬਾਜ਼ ਦੀ ਨਜ਼ਰ 0
ਮੇਰਾ ਸੂਰਜ 0
ਚੱਕ੍ਰਵਯੂਹ ਵਿਚ ਰਿਸ਼ਤੇ 0
ਕੰਧਾਂ, ਦਰਵਾਜ਼ੇ ਤੇ ਪਿੰਜਰੇ 0
ਵਿਸ਼ਵ-ਚੇਤਨਾ ਦਾ ਮੌਸਮ :
ਤਿੰਨ ਪ੍ਰਭਾਵ-ਸਕੇਪ 0
ਦਰਜ਼ੀ 0
ਕੈਨਵਸ ਤੇ ਬਿੰਦੂ 0
ਸ਼ੀਸ਼ੇ ਦੀ ਭਾਸ਼ਾ 0
ਪਾਰ-ਗਾਥਾ 0
ਨਾਇਕ ਤੇ ਖਲਨਾਇਕ 0
ਗੁਮਸ਼ੁਦਾ ਰਸਤੇ 0
ਚੈੱਕ-ਮੇਟ 0
ਇਕ ਸ੍ਵੈ-ਚਿਤਰ 0
ਚਾਹ ਦਾ ਪਿਆਲਾ :
ਤਿੰਨ ਪ੍ਰਭਾਵ-ਸਕੇਪ 0
ਵਿਮਾਨ ਦੀ ਦੁਨੀਆ 0
ਮੈਟਰੋ ਦਾ ਸਫ਼ਰ 0
ਸ਼ੀਸ਼ੇ ਵਿਚ ਦਰਾੜਾਂ 0
ਬੀਤਣ ਤੇ ਰੁਕਣ ਦੇ ਨਾਲ ਨਾਲ 0
ਰੁੱਤਾਂ ਦਾ ਸੰਗਮ 0
ਦਿਲ ਦਾ ਕਿੱਸਾ 0
ਦਿਲ : ਬਿਜਲੀ ਝਟਕੇ 0
ਮਾਨਸਕ ਦਬਾਅ 0
ਅਵਿਸ਼ਵੀਕਰਨ :
ਇਕ ਪ੍ਰਭਾਵ-ਸਕੇਪ 0
ਗਲੋਬਲ ਵਾਰਮਿੰਗ :
ਇਕ ਚਿਤਾਵਨੀ 0
ਨਜ਼ਰ ਦੇ ਬਦਲਦੇ ਮੌਸਮ :
ਤਿੰਨ ਪ੍ਰਭਾਵ-ਸਕੇਪ 0
ਸੀਤ ਯੁੱਗ 0
ਰੀਮੋਟ ਕੰਟਰੋਲ 0
ਕਲਾਕਾਰ : ਇਕ ਵਿਅਕਤੀ ਚਿਤਰ 0
ਬੇਕਾਰੀ : ਹਵਾ, ਫੁਲ ਤੇ ਪਾਣੀ 0
ਸੜਕ ਦੇ ਕੰਢੇ 0
ਆਰਥਕ ਮੰਦਵਾੜਾ :
ਇਕ ਪ੍ਰਭਾਵ-ਸਕੇਪ 0
ਸੂਰਜਾਂ ਦੇ ਜਨਮ ਦੀ ਰੁੱਤ 0
ਆਬਸ਼ਾਰ : ਇਕ ਦੁਖਾਂਤ 0
ਬੁਢਾਪਾ : ਇਕ ਬਿੰਬ-ਸਕੇਪ 0
ਖੜੋਤ : ਇਕ ਪ੍ਰਭਾਵ-ਸਕੇਪ 0
ਰਾਵਣਾਂ ਦਾ ਚੱਕ੍ਰਵਯੂਹ 0
ਮਸ਼ੀਨ ਕਲਚਰ 0
ਦਾਵਾਨਲ ਦਾ ਮੌਸਮ 0
ਭੂਤ ਨਗਰ 0
ਤਕਨੀਕੀ ਬਸਤੀਆਂ 0
ਚੁੱਪ ਦਾ ਸ਼ੋਰ 0
ਸੌ ਸਾਲ ਬਾਅਦ 0
ਕਾਵਿ-ਨਾਟਕ : "ਮਖੌਟੇ ਤੇ ਹਾਦਸੇ"
ਦਾ ਥੀਮ ਗੀਤ 0
ਕਾਵਿ-ਨਾਟਕ : "ਚੱਕ੍ਰਵਯੂਹ ਤੇ ਪਿਰਾਮਿਡ"
ਦਾ ਥੀਮ ਗੀਤ 0
ਕਾਵਿ-ਨਾਟਕ : "ਚੱਕ੍ਰਵਯੂਹ ਤੇ ਪਿਰਾਮਿਡ"
ਦੀ ਇਕ ਬੋਲੀ 0
ਕਾਵਿ-ਨਾਟਕ : "ਚੱਕ੍ਰਵਯੂਹ ਤੇ ਪਿਰਾਮਿਡ"
ਦੀ ਕਵਾਲੀ 0



Ist on 25.3.2015
D:/National/Ravi-15/Pind Brahmand/1-Proof/**Pind Brahmand-A1**



Academy of the Punjab in North America - APNA: http://www.apnaorg.com

# ਛਾਵਾਂ ਤੇ ਪਰਛਾਵੇਂ (2003–2007)


ਛਾਵਾਂ ਤੇ ਪਰਛਾਵੇਂ : ਆਰੰਭਕ ਬੋਲ —ਰਵਿੰਦਰ ਰਵੀ 0

ਸਰਹੱਦਾਂ ਤੋਂ ਪਾਰ 0
ਸਮੇਂ ਦੀ ਤ੍ਰਿਵੈਣੀ 0
ਕਾਵਿਕਤਾ 0
ਬੇ-ਬੀਜ ਰੇਤਾ 0
ਛਾਵਾਂ ਤੇ ਪਰਛਾਵੇਂ-1 0
ਛਾਵਾਂ ਤੇ ਪਰਛਾਵੇਂ-2 0
ਸ਼ਬਦਾਂ ਦੀ ਛਾਵੇਂ 0
ਯੁੱਧ 0
ਕੱਚ ਸੱਚ 0
ਖਿਡੌਣੇ ਬਿਖਰ ਗਏ 0
ਇਕ ਬਿਰਧ ਪਾਤਰ ਦੀ ਫੈਂਟਸੀ 0
ਤ੍ਰੈਕਾਲੀ ਯੁੱਧ 0
ਅੱਠ ਪ੍ਰਭਾਵ-ਸਕੇਪ 0
ਕੰਧਾਂ 0
ਢਲਦੀ ਉਮਰ :
ਸੱਤ ਪ੍ਰਭਾਵ-ਸਕੇਪ 0
ਉੱਤਰ-ਆਧੁਨਿਕ 0
ਅੱਥਰੂਆਂ ਦਾ ਵਿਸ਼ਵੀਕਰਨ 0
ਬੋਲੀ ਦੀ ਭੀੜ ਵਿਚ ਗੁਆਚੇ ਸ਼ਬਦ 0
ਬਾਪ : ਇਕ ਆਦਿ-ਕਥਾ 0
ਪੰਛੀ, ਮੱਛੀਆਂ ਤੇ ਮੈਂ : 2006 ਦੀ
ਹਿੰਦ-ਪਾਕ ਫੇਰੀ ਤੋਂ ਬਾਅਦ 0
ਦਰਾੜਾਂ 0
ਸੁੰਗੜਦੇ ਮੌਸਮ 0
ਦਾਣੇ ਦਾ ਜਨਮ 0
ਮੌਸਮਾਂ ਦੇ ਹਾਣੀ 0
ਜੜ੍ਹ-ਹੀਣਤਾ ਵਲ ਵਧਦੇ ਕਦਮ 0
ਚਿੰਤਾ ਤੇ ਚਿੰਤਨ 0
ਸ਼ਬਦ-ਸਮਾਧੀ 0
ਗਲੋਬਲ ਵਾਰਮਿੰਗ 0
ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ 0
ਦਿਲ ਦੀ ਬਾਤ ਅਲਹਿਦੀ 0
ਪਿੰਡ ਤੇ ਬ੍ਰਹਮੰਡ ਵਿਚਕਾਰ
ਲਟਕਦੇ ਪਰਵਾਸੀ 0
ਉਮਰ ਦੀ ਢਲਾਣ ਤੇ ਮੁਹੱਬਤ 0
ਭੂਗੋਲੇ ਵਿਚ ਘਿਰੇ ਲੋਕ 0
ਸਮਾਨ-ਅੰਤਰ ਰਿਸ਼ਤੇ 0
ਖਤਰੇ ਦੀ ਘੰਟੀ 0
ਮਨ ਦੇ ਹਾਣੀ 0
ਰੁੱਤ ਜਸ਼ਨਾਂ ਦੀ 0
ਸਾਧਾਰਨ ਆਦਮੀ 0
ਕਿੱਤਾਕਾਰੀ ਮੁਸਕਾਨ 0
ਰੌਸ਼ਨੀ 0
ਰੇਤ 0
ਰੱਦੀ 0
ਉਦੈ, ਅਸਤ 0
ਲੋਹ-ਖੋਲ 0
ਪਾਣੀ ਤੇ ਭਾਫ਼ ਦੇ ਵਿਚਕਾਰ 0
ਬੇਕਾਰ ਆਦਮੀ 0
ਗ਼ੁਰਬਤ 0
ਸਭੱਯ ਵਣ 0
ਦੂਰ ਹੋ ਰਹੇ ਲੋਕ 0
ਇਕੱਲ ਦਾ ਇਕ ਹੋਰ ਕਾਂਡ 0
ਰਾਜੀ ਆਤੰਕਵਾਦ 0
ਦਹਿਸ਼ਤ ਤੇ ਪ੍ਰਦੂਸ਼ਣ 0
ਆਤੰਕਵਾਦ ਬਨਾਮ
ਇਜ਼ਰਾਈਲ ਤੇ ਫਲਸਤੀਨ 0
ਅਮਰੀਕਾ : ਇਕ ਫੈਂਟਸੀ 0
ਜ਼ਿੰਦਗੀ : ਤਿਓਹਾਰ 0
ਸੁਨਾਮੀਂ 0
ਆਵੋ, ਬੈਠੋ 0
ਸਿਰਨਾਵੇਂ 0
ਮਾਡਰਨ ਕਾਫ਼ੀ 0
ਆਦਿ ਅੰਤ ਤੋਂ ਮੁਕਤ 0





Academy of the Punjab in North America - APNA: http://www.apnaorg.com

## "ਪਿੰਡ ਬ੍ਰਹਮੰਡ" ਵਿਚ ਸ਼ਾਮਿਲ ਕਾਵਿ-ਸੰਗ੍ਰਹਿ ਆਲੋਚਕਾਂ ਦੀ ਨਜ਼ਰ ਵਿਚ


ਛਾਵਾਂ ਤੇ ਪਰਛਾਵੇਂ -ਡਾ. ਸੁਖਵਿੰਦਰ ਸਿੰਘ, ਡਾ. ਸੁਰਿੰਦਰ ਗਿੱਲ, ਸੁਖਿੰਦਰ (ਕੈਨੇਡਾ) ਤੇ ਆਸ਼ਕ ਰਹੀਲ (ਪਾਕਿਸਤਾਨ) 0

ਬਾਜ਼ ਦੀ ਨਜ਼ਰ -ਡਾ. ਚੰਦਰ ਮੋਹਨ, ਨਿਰੰਜਣ ਬੋਹਾ, ਕੇ.ਐਲ. ਗਰਗ ਤੇ ਡਾ. ਦਰਸ਼ਨ ਸਿੰਘ ਆਸ਼ਟ 0

ਨਵੀਂ ਸਦੀ ਦੀ ਨਵੀਂ ਨਸਲ -ਡਾ. ਚੰਦਰ ਮੋਹਨ, ਡਾ. ਰਵਿੰਦਰ ਸਿੰਘ ਸੋਢੀ ਤੇ ਡਾ. ਸਤਨਾਮ ਸਿੰਘ ਜੱਸਲ 0

ਸ਼ਬਦਾਂ ਦੇ ਚਿਹਰੇ -ਡਾ. ਸ਼ਰਨਜੀਤ ਕੌਰ ਤੇ ਸੁਖਮਿੰਦਰ ਸਿੰਘ ਸੇਖੋਂ 0


## ਅੰਤਿਕਾ


ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 0

ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 0

ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 0

ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 0

ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 0

ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ 0

ਰਵਿੰਦਰ ਰਵੀ ਦੇ ਸਾਹਿਤ ਉੱਤੇ ਐੱਮ.ਫਿਲ. ਪੱਧਰ ਦਾ ਤੇ ਐੱਮ.ਏ. ਦਾ ਖੋਜ-ਕਾਰਜ 0

ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 0

ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 0

ਇਆਪਾ (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 0


## ਪੁਸਤਕ ਦਰਸ਼ਨ


ਸ਼ਬਦਾਂ ਦੇ ਚਿਹਰੇ -ਡਾ. ਸ਼ਰਨਜੀਤ ਕੌਰ ਤੇ ਸੁਖਮਿੰਦਰ ਸਿੰਘ ਸੇਖੋਂ 0

ਦੋ ਨਾਟਕ ਤੇ ਰੰਗਮੰਚ -ਸੁਖਮਿੰਦਰ ਸਿੰਘ ਸੇਖੋਂ ਤੇ ਜਗੀਰ ਸਿੰਘ ਨੂਰ 0

ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ -ਨਿਰੰਜਣ ਬੋਹਾ 0

ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ 'ਥੀਮ-ਵਿਗਿਆਨਕ' ਵਿਸ਼ਲੇਸ਼ਣ -ਸੁਖਮਿੰਦਰ ਸਿੰਘ 0




Academy of the Punjab in North America - APNA: http://www.apnaorg.com

# ਰਵਿੰਦਰ ਰਵੀ ਦਾ ਜੀਵਨ ਬਿਓਰਾ

| | | |
|---|---|---|
| ਜਨਮ | : | ਮਾਰਚ 8, 1937, ਸਿਆਲਕੋਟ (ਪਾਕਿਸਤਾਨ) |
| ਜਨਮ-ਮਿਤੀ | : | ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ |
| ਪਿਤਾ | : | ਪ੍ਰੋ. ਪਿਆਰਾ ਸਿੰਘ ਗਿੱਲ |
| ਮਾਤਾ | : | ਚਰਨਜੀਤ ਕੌਰ |
| ਪਤਨੀ | : | ਕਸ਼ਮੀਰ ਕੌਰ |
| ਪੁੱਤਰ | : | ਅੰਮ੍ਰਿਤਪਾਲ ਅਤੇ ਸਹਿਜਪਾਲ |
| ਨੂੰਹਾਂ | : | ਪਲਬਿੰਦਰ ਤੇ ਮਨਵੀਨ |
| ਪੋਤਰੀਆਂ | : | ਮਨਪ੍ਰੀਯਾ ਤੇ ਮੋਹਨਾਮ |
| ਪੋਤਰੇ | : | ਈਮਾਨ, ਕੁਰਬਾਨ ਤੇ ਸਾਗਰ |
| ਵਿੱਦਿਆ | : | ਐਮ. ਏ., ਬੀ. ਏ. (ਆਨਰਜ਼), ਬੀ. ਟੀ. |
| ਜੱਦੀ ਪਿੰਡ | : | ਜਗਤਪੁਰ (ਨਵਾਂ ਸ਼ਹਿਰ) |

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ



Academy of the Punjab in North America - APNA: http://www.apnaorg.com

ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।



Academy of the Punjab in North America - APNA: http://www.apnaorg.com

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਜ਼ਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਣਾ ਕੀਤੀ ਤਾਂ "ਯੂਨੀਵਰਸਿਟੀ ਆਫ਼ ਬ੍ਰਿਟਿਸ਼



Academy of the Punjab in North America - APNA: http://www.apnaorg.com

ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਅਦਬੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ। ਡਾ. ਰਵਿੰਦਰ ਕੌਰ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਜੋ ਪੁਸਤਕ ਰੂਪ ਵਿਚ 2014 ਵਿਚ ਛਪੀ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 12 ਕਾਵਿ-ਨਾਟਕ ਲਿਖੇ ਹਨ ਅਤੇ ਉਨ੍ਹਾਂ ਵਿੱਚੋਂ ਹੁਣ ਤਕ 11, ਭਾਰਤ ਦੇ ਨਾਮਵਰ ਰੰਗਕਰਮੀਆਂ ਵਲੋਂ ਖੇਡੇ ਜਾ ਚੁੱਕੇ ਹਨ।



Academy of the Punjab in North America - APNA: http://www.apnaorg.com

# ਪਿੰਡ ਬ੍ਰਹਮੰਡ : ਆਰੰਭਕ ਸ਼ਬਦ



Academy of the Punjab in North America - APNA:  http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

# "ਪਿੰਡ ਬ੍ਰਹਮੰਡ" : ਅਰੰਭਕ ਸ਼ਬਦ



"ਪਿੰਡ ਬ੍ਰਹਮੰਡ" ਮੇਰੀ ਸਮੁੱਚੀ ਕਵਿਤਾ ਦੀ ਪੰਜਵੀਂ* ਸੈਂਚੀ ਹੈ। 2003 ਤੋਂ 2014 ਤਕ ਸੰਪੂਰਨ ਹੋਈ, ਇਸ ਸੈਂਚੀ ਵਿਚ, ਮੇਰੇ ਹੇਠ ਲਿਖੇ ਚਾਰ ਕਾਵਿ-ਸੰਗ੍ਰਹਿ ਸ਼ਾਮਲ ਹਨ :

1. ਛਾਵਾਂ ਤੇ ਪਰਛਾਵੇਂ (2007)
2. ਬਾਜ਼ ਦੀ ਨਜ਼ਰ (2010)
3. ਨਵੀਂ ਸਦੀ ਦੀ ਨਵੀਂ ਨਸਲ (2013)
4. ਸ਼ਬਦਾਂ ਦੇ ਚਿਹਰੇ (2014)

ਇਸ ਤੋਂ ਪਹਿਲਾਂ ਮੇਰੀ ਸਮੁੱਚੀ ਕਵਿਤਾ ਦੀਆਂ, ਹੇਠ ਲਿਖੀਆਂ, ਚਾਰ ਸੈਂਚੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ :

1. ਅਕੱਥ ਕਥਾ, ਸੈਂਚੀ ਪਹਿਲੀ, 1955-1966 (ਭਾਰਤ ਵਿਚ ਲਿਖੀ)
2. ਵਣ ਵਾਣੀ, ਸੈਂਚੀ ਦੂਜੀ, 1967-1974, (ਕੀਨੀਆਂ ਵਿਚ ਲਿਖੀ)
3. ਪਿਆਸਾ ਬੱਦਲ, ਸੈਂਚੀ ਤੀਜੀ, 1975-1986 (ਕੈਨੇਡਾ ਵਿਚ ਲਿਖੀ)
4. ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ ਵਿਚ ਲਿਖੀ)

ਇਸ ਪੰਜਵੀਂ ਸੈਂਚੀ ਵਿਚ ਸ਼ਾਮਿਲ ਕੀਤੇ ਗਏ ਮੇਰੇ 4 ਕਾਵਿ-ਸੰਗ੍ਰਹਿਆਂ ਬਾਰੇ ਲਿਖੇ/ਛਪੇ, ਪ੍ਰਾਪਤ ਲੇਖ ਤੇ ਰੀਵੀਊ ਆਦਿ ਵੀ, ਭਵਿੱਖ ਦੇ ਖੋਜਾਰਥੀਆਂ,

---

* ਮੇਰੀ ਕਵਿਤਾ ਦੀਆਂ ਇਹ ਪੰਜੇ ਸੈਂਚੀਆਂ, ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ ਹਨ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਵਿਦਿਆਰਥੀਆਂ, ਅਧਿਆਪਕਾਂ ਅਤੇ ਕਵਿਤਾ ਦੇ ਗੰਭੀਰ ਪਾਠਕਾਂ ਲਈ, ਇਸ ਸੈਂਚੀ ਵਿਚ, ਹੇਠ ਲਿਖੇ ਸ਼ੀਰਸ਼ਕ ਹੇਠ, ਇਕੱਤਰ ਕਰ ਦਿੱਤੇ ਗਏ ਹਨ :

"ਪਿੰਡ ਬ੍ਰਹਮੰਡ" ਵਿਚ ਸ਼ਾਮਿਲ ਕਾਵਿ-ਸੰਗ੍ਰਹਿ : ਆਲੋਚਕਾਂ ਦੀ ਨਜ਼ਰ ਵਿਚ

ਇਸ ਸਾਲ ਹੀ, 2014-2015 ਵਿਚ ਲਿਖਿਆ, ਮੇਰਾ ਇੱਕੀਆਂ ਕਾਵਿ-ਸੰਗ੍ਰਹਿ "ਨਿਹੋਂਦ ਦਾ ਗੀਤ" ਵੀ ਪ੍ਰਕਾਸ਼ਤ ਹੋਇਆ ਹੈ। ਇਸ ਸੰਗ੍ਰਹਿ ਨਾਜਲ, 1955 ਵਿਚ ਸ਼ੁਰੂ ਹੋਏ, ਮੇਰੇ ਕਾਵਿ-ਸਫ਼ਰ ਦੇ 60 ਵਰ੍ਹੇ ਪੂਰੇ ਹੁੰਦੇ ਹਨ।

**-ਰਵਿੰਦਰ ਰਵੀ**



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com




| | | |
|---|---|---|
| ਲਿਖਣ-ਸਾਲ | : | 2013 ਅਤੇ 1969-1978 |
| ਛਪਣ-ਸਾਲ | : | 2014 |


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

# ਸ਼ਬਦਾਂ ਦੇ ਚਿਹਰੇ : ਆਰੰਭਕ ਸ਼ਬਦ



ਕਲਮੀਂ ਚਿਤਰ (Pen Portraits) ਮੈਂ 1967-68 ਵਿਚ, ਕੀਨੀਆਂ ਵਿਚ ਰਹਿੰਦਿਆਂ, ਲਿਖਣੇ ਸ਼ੁਰੂ ਕੀਤੇ ਸਨ। 1969 ਵਿਚ ਛਪੇ ਆਪਣੇ ਕਾਵਿ-ਸੰਗ੍ਰਹਿ : "ਦਿਲ-ਟ੍ਰਾਂਸਪਲਾਂਟ ਤੋਂ ਬਾਅਦ" ਵਿਚ, ਮੈਂ ਇਨ੍ਹਾਂ ਨੂੰ ਪਹਿਲੀ ਵਾਰ ਛਾਪਿਆ ਤੇ ਫਿਰ ਇਹ ਸਿਲਸਿਲਾ ਜਾਰੀ ਰਿਹਾ। ਦਸੰਬਰ 14, 1974 ਨੂੰ ਮੈਂ, ਕੀਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਕੇ, ਕੈਨੇਡਾ ਆ ਗਿਆ ਤੇ ਏਥੇ ਆ ਕੇ, 1978 ਵਿਚ, ਮੈਂ ਕੇਵਲ ਇਕ ਸਵੈ-ਚਿਤਰ ਹੀ ਲਿਖ ਸਕਿਆ। ਸਾਲ 2013 ਵਿਚ, ਮੈਂ ਇਕ ਵਾਰੀ ਫਿਰ ਇਸ ਕਾਵਿ-ਵਿਧਾ ਵਲ ਮੁੜਿਆ ਹਾਂ।

ਗੁਰੂਮੇਲ, ਮਨਜੀਤ ਮੀਤ, ਚਰਨ ਸਿੰਘ ਤੇ ਕੁਝ ਹੋਰ ਦੋਸਤਾਂ ਦਾ ਸੁਝਾਅ ਸੀ ਕਿ ਕਾਵਿ ਦੀ ਇਸ ਵਿਧਾ ਵਿਚ ਕੀਤਾ, ਮੈਂ ਹੁਣ ਤਕ ਦਾ ਆਪਣਾ ਸਾਰਾ ਕਾਰਜ ਇਕੱਤਰ ਕਰ ਕੇ, ਇਕ ਜਿਲਦ ਵਿਚ ਸੰਗ੍ਰਹਿ-ਬੱਧ ਕਰਾਂ, ਤਾਂ ਕਿ ਇਸ ਨੂੰ ਇਸ ਦੇ ਸਮੁੱਚ ਵਿਚ ਸਮਝਿਆ, ਪਰਖਿਆ, ਸਲਾਹਿਆ ਤੇ ਮਾਣਿਆਂ ਜਾ ਸਕੇ।

ਕਿਤਾਬਾਂ, ਅਖ਼ਬਾਰਾਂ, ਮੈਗਜ਼ੀਨਾਂ ਤੇ ਫਾਈਲਾਂ ਵਿਚ ਖਿੰਡਰੇ ਪਏ, "ਸ਼ਬਦਾਂ ਦੇ ਇਹ ਸਭ ਚਿਹਰੇ" ਇਕੱਤਰ ਕਰਕੇ, ਮੈਂ ਹਥਲੇ ਸੰਗ੍ਰਹਿ ਦੇ ਰੂਪ ਵਿਚ ਪ੍ਰਸਤੁਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

ਕੋਈ ਰਚਨਾ ਜਾਂ ਰਚਨਾ-ਅੰਸ਼, ਰਚਨਾਕਾਰ ਜਾਂ ਉਸ ਦੇ ਅਸਤਿਤਵੀ ਸਰੋਕਾਰ ਜਾਂ ਉਨ੍ਹਾਂ ਦਾ ਕੋਈ ਅੰਸ਼ ਅਤੇ ਇਨ੍ਹਾਂ ਦੀ ਅੰਤਰਕਿਰਿਆ ਤੇ ਪ੍ਰਸਪਰ ਸੰਵਾਦ, ਕਾਵਿ-ਵਿਧਾ ਵਿਚ ਲਿਖੇ ਕਲਮੀਂ ਚਿਤਰਾਂ ਦਾ ਵਸਤੂ ਬਣਦੇ ਹਨ। ਕਿਸੇ ਰਚਨਾਕਾਰ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਦਾ ਸਾਹਿਤ ਵਿਚ ਸਮੁੱਚਾ ਸਥਾਨ, ਉਸ ਦੀ ਰਚਨਾ ਦਾ ਕੋਈ ਖੰਡਤ ਜਾਂ ਸਮੁੱਚਾ ਬਿੰਬ ਅਤੇ ਉਸ ਸੰਬੰਧੀ ਦੰਦ-ਕਥਾ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਤਕਨੀਕ ਦੇ ਪੱਖੋਂ, ਇਨ੍ਹਾਂ ਕਲਮੀਂ ਚਿਤਰਾਂ ਵਿਚ, ਪ੍ਰਭਾਵ-ਵਾਦੀ ਵਿਧੀ ਦੁਆਰਾ, ਰਚਨਾ, ਰਚਨਾਕਾਰ ਜਾਂ ਇਨ੍ਹਾਂ ਦੇ ਆਪਸੀ ਸੰਬੰਧਾਂ ਦਾ ਕੋਈ ਪ੍ਰਭਾਵ ਉਸਾਰਿਆ ਜਾਂਦਾ ਹੈ। ਕੋਈ ਵਿਅੰਗਾਤਮਿਕ ਜਾਂ ਮੁਲਾਂਕਣੀ ਟਿਪਣੀ ਕੀਤੀ ਜਾਂਦੀ ਹੈ। ਸਥਿਤੀ-ਮੂਲਕ ਜਾਂ ਕਥਾ-ਮੂਲਕ ਸੰਦਰਭ ਵਿਚ, ਸੰਖਿਪਤ ਕਿਰਦਾਰ-ਨਿਗਾਰੀ ਪ੍ਰਸਤੁਤ ਕੀਤੀ ਜਾਂਦੀ ਹੈ। ਨਾਟਕੀ ਢੰਗ ਨਾਲ ਕਿਸੇ ਅਹਿਮ ਨੁਕਤੇ ਦੀ ਕਾਰਜ-ਭਰਪੂਰ ਤਸਵੀਰ-ਕਸ਼ੀ ਵੀ ਇਸ ਦੇ ਘੇਰੇ ਵਿਚ ਆ ਜਾਂਦੀ ਹੈ।

**ਕਾਵਿ ਵਿਚ ਕਲਮੀਂ ਚਿਤਰਕਾਰੀ, ਤ੍ਰੇਲ ਦੇ ਤੁਪਕੇ ਜਾਂ ਉਸ ਵਿਚ ਪ੍ਰਕਾਸ਼ਮਾਨ ਸਤਰੰਗੀਆਂ ਨੂੰ ਪਕੜਨ ਤੇ ਹਥੇਲੀ ਉੱਤੇ ਸਰ੍ਹੋਂ ਜਮਾਉਣ ਦੀ ਕਲਾ ਹੈ।**

ਕਲਮੀਂ ਚਿਤਰ, ਆਕਾਰ ਦੇ ਪੱਖੋਂ, ਅੱਧੇ ਕੁ ਪੰਨੇ ਤੋਂ ਲੈ ਕੇ ਤਿੰਨ ਚਾਰ ਪੰਨੇ ਦਾ ਹੋ ਸਕਦਾ ਹੈ। ਵਾਰਤਕ ਰੇਖਾ-ਚਿਤਰਾਂ ਵਾਲੇ ਲੰਮੇ ਵਿਸਥਾਰ ਦਾ ਬੋਝ ਇਹ ਨਹੀਂ ਚੁੱਕ ਸਕਦਾ। ਇੰਜ ਕੀਤਿਆਂ ਇਹਦਾ ਪ੍ਰਭਾਵ ਖਿੰਡ ਜਾਵੇਗਾ ਅਤੇ ਇਹ ਬੋਰਿੰਗ ਜਾਂ ਅਕਾਊ ਵੀ ਹੋ ਜਾਵੇਗਾ। ਇਸ ਨੂੰ ਨਾਵਲ, ਪੂਰੇ ਨਾਟਕ ਜਾਂ ਕਹਾਣੀ ਵਾਲੇ ਵਿਸਥਾਰ ਦੀ ਲੋੜ ਨਹੀਂ, ਸਗੋਂ ਮਿੰਨੀ ਕਵਿਤਾ ਅਤੇ ਮਿੰਨੀ ਕਹਾਣੀ ਇਸ ਦੇ ਵਧੇਰੇ ਨੇੜੇ ਹਨ।

## *ਮੁਲਾਕਾਤਾਂ : ਪ੍ਰਸ਼ਨਾਂ ਅਤੇ ਉੱਤਰਾਂ ਦੇ ਚਿਹਰੇ

2012 ਤੇ 2013 ਵਿਚ ਹੀ, ਮੇਰੀਆਂ ਦੋ ਲੰਮੀਆਂ ਤੇ ਅਹਿਮ ਮੁਲਾਕਾਤਾਂ ਵੀ ਪਰਚਿਆਂ ਤੇ ਵੈਬਸਾਈਟਾਂ ਵਿਚ ਛਪ ਕੇ, ਚੋਖੀ ਚਰਚਾ ਦਾ ਵਿਸ਼ਾ ਬਣੀਆਂ। ਇਨ੍ਹਾਂ ਮੁਲਾਕਾਤਾਂ ਦੌਰਾਨ, ਮੈਨੂੰ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ 'ਪ੍ਰਸ਼ਨਾਂ' ਅਤੇ 'ਉੱਤਰਾਂ' ਦੇ ਚਿਹਰੇ ਇਕ ਦੂਜੇ ਦੇ ਸਮਾਨੰਤਰ ਚੱਲਦੇ ਹੋਏ, ਇਕ ਦੂਜੇ ਨਾਲ ਅੰਤਰ-ਕਿਰਿਆ ਵੀ ਕਰਦੇ ਰਹੇ ਅਤੇ ਇਕ ਦੂਜੇ ਦੀ ਯੋਗਤਾ, ਸਮਰੱਥਾ ਤੇ ਸੀਮਾ ਨੂੰ ਚੁਣੌਤੀ ਵੀ ਦਿੰਦੇ ਰਹੇ।

ਇਕ ਚੰਗਾ ਪ੍ਰਸ਼ਨ-ਕਰਤਾ, ਜਿਸ ਨੇ ਕਿਸੇ ਸਾਹਿਤਕਾਰ ਦੇ ਜੀਵਨ ਤੇ ਸਾਹਿਤ ਦਾ ਗਹਿਨ ਅਧਿਐਨ ਕੀਤਾ ਹੋਵੇ, ਨਿਸ਼ਚੇ ਹੀ ਡੂੰਘੀਆਂ ਚੁੱਭੀਆਂ ਮਾਰ ਕੇ, ਸਵੈ-ਜੀਵਨੀ-ਆਤਮਿਕ ਸਾਹਿਤਕ ਵੇਰਵਿਆਂ ਦੇ 'ਸ਼ਾਬਦਕ ਚਿਹਰਿਆਂ' ਦੀ ਨਿਵੇਕਲੀ ਪਹਿਚਾਣ ਦੀ ਪ੍ਰਾਪਤੀ ਤੇ ਸਥਾਪਤੀ ਨੂੰ ਸੰਭਵ ਬਣਾਉਂਦਾ ਹੈ। ਚੰਗੀ ਮੁਲਾਕਾਤ, ਰਚਨਾ, ਰਚਨਾਕਾਰ ਤੇ ਪਾਠਕ ਦੇ ਵਿਚਕਾਰ ਪੁਲ ਦਾ ਕੰਮ ਦਿੰਦੀ ਹੈ।

"ਸ਼ਬਦਾਂ ਦੇ ਚਿਹਰੇ" ਸ਼ਬਦਕਾਰਾਂ ਦੇ ਹੀ ਚਿਹਰੇ ਹਨ, ਜਿਨ੍ਹਾਂ ਨੇ ਆਪਣੇ,

---

* ਮੁਲਾਕਾਤ ਇਸ ਸੈਂਚੀ ਵਿਚ ਨਹੀਂ ਛਾਪੀਆਂ ਜਾ ਰਹੀਆਂ। ਇਹ "ਸ਼ਬਦਾਂ ਦੇ ਚਿਹਰੇ" ਦੇ ਪਹਿਲੇ ਐਡੀਸ਼ਨ (2014) ਵਿਚ ਛਪ ਚੁੱਕੀਆਂ ਹਨ।



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਆਪਣੇ ਖੇਤਰ ਵਿਚ, ਸ਼ਬਦਾਂ ਜਾਂ ਭਾਸ਼ਾ ਦੇ ਮਾਧਿਅਮ ਦੁਆਰਾ, ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ। ਇਨ੍ਹਾਂ ਵਿਚ ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਮੋਹਨ ਸਿੰਘ, ਦੇਵਿੰਦਰ ਸਤਿਆਰਥੀ, ਡਾ. ਐੱਸ.ਐੱਸ. ਰੰਧਾਵਾ, ਕੁਲਵੰਤ ਸਿੰਘ ਵਿਰਕ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਅਜੀਤ ਕੌਰ, ਪਿਆਰਾ ਸਿੰਘ ਭੋਗਲ, ਡਾ. ਹਰਿਭਜਨ ਸਿੰਘ, ਡਾ. ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ, ਮਹਿਰਮ ਯਾਰ, ਸ.ਸ. ਮੀਸ਼ਾ, ਡਾ. ਗੁਰੂਮੇਲ (ਸਿੱਧੂ) ਗੁਰਚਰਨ ਰਾਮਪੁਰੀ, ਸੁਖਪਾਲਵੀਰ ਸਿੰਘ ਹਸਰਤ, ਡਾ. ਸੁਰਜੀਤ ਸਿੰਘ ਸੇਠੀ, ਗੁਲਜ਼ਾਰ ਸਿੰਘ ਸੰਧੂ, ਤਾਰਾ ਸਿੰਘ, ਡਾ. ਰਘਬੀਰ ਸਿੰਘ ('ਸਿਰਜਣਾ'), ਮਨਜੀਤ ਟਿਵਾਣਾ, ਡਾ. ਦੇਵਿੰਦਰ ਕੌਰ, ਸਰਬੰਸ, ਕੁਲਬੀਰ ਸਿੰਘ ਕਾਂਗ ਅਤੇ ਅਮਰਜੀਤ ਸਿੰਘ ('ਅਕਸ') ਆਦਿ ਤੋਂ ਲੈ ਕੇ ਅਜੋਕੀ ਨਵੀਂ ਪੀੜ੍ਹੀ ਦੇ ਕੈਨੇਡਾ ਨਿਵਾਸੀ ਲੇਖਕਾਂ, ਜਿਵੇਂ ਚਰਨ ਸਿੰਘ ਅਤੇ ਮਨਜੀਤ ਮੀਤ ਆਦਿ ਤਕ, ਪੰਜਾਬੀ ਲੇਖਕਾਂ ਦੀਆਂ 4-5 ਪੀੜ੍ਹੀਆਂ ਸ਼ਾਮਲ ਹਨ। ਇਨ੍ਹਾਂ ਵਿਚ ਸੋਹਨ ਕਾਦਰੀ, ਬਰਿੱਜ ਕੌਸ਼ਿਕ ਅਤੇ ਅਵਤਾਰਜੀਤ ਵਰਗੇ ਕੁਝ ਚਿਤਰਕਾਰ ਤੇ ਮੂਰਤੀਕਾਰ ਵੀ ਆ ਜਾਂਦੇ ਹਨ, ਜਿਨ੍ਹਾਂ ਨਾਲ ਮਾਧਿਅਮ ਦਾ ਵੱਖਰੇਵਾਂ ਹੋਣ ਦੇ ਬਾਵਜੂਦ ਵੀ, ਕਲਾ ਦੀ ਸਿਰਜਣ-ਪ੍ਰਕਿਰਿਆ ਦੀ ਸਾਂਝ ਬਣੀ ਰਹਿੰਦੀ ਹੈ।

ਆਪਣੇ ਜੀਵਨ-ਕਾਲ ਵਿਚ, ਪੀੜ੍ਹੀਆਂ ਦੇ ਆਰ ਪਾਰ ਵਿਚਰਦਿਆਂ, ਇਨ੍ਹਾਂ ਚਿਹਰਿਆਂ ਦੀ ਪਹਿਚਾਣ ਤੇ ਸਿਰਜਣਾ, ਮੇਰੇ ਲਈ ਇਕ ਅਦਭੁੱਤ ਤਜ਼ਰਬਾ ਸੀ।

**-ਰਵਿੰਦਰ ਰਵੀ**



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਸ਼ਬਦਾਂ ਦੇ ਚਿਹਰੇ (2013)

## ਮੋਹਨ ਸਿੰਘ

'ਕੱਚ' ਤੇ 'ਸੱਚ' ਦੀ ਪਹਿਚਾਣ ਵਿਚ ਉਲਝਿਆ,
ਨਾ ਉਹ 'ਕੱਚ' ਹੀ ਪਾ ਸਕਿਆ, ਨਾ 'ਸੱਚ'।

ਉਹ ਸ਼ਬਦ ਦੀ 'ਇਨਕਲਾਬ-ਕਲਾ' ਦਾ ਮਾਹਰ* ਸੀ,
ਇਨਕਲਾਬ ਦਾ ਨਹੀਂ :
[1] "ਆਉਣ ਵਾਲੀ ਪਰ ਕਯਾਮਤ,
ਆਉਣ ਵਾਲੀ ਹੋਏਗੀ।
ਤਾਂਬੇ ਦਾ ਅਸਮਾਨ ਬਣਸੀ,
ਧਰਤ ਬਣਸੀ ਲੋਹੇ ਦੀ।"

ਨਾ ਅਸਮਾਨ ਤਾਂਬੇ ਦਾ ਬਣਿਆ,
ਨਾ ਧਰਤ ਲੋਹੇ ਦੀ।

ਸੁਫਨਿਆਂ ਤੋਂ ਅੱਗੇ,
ਹੋਰ ਸੁਫਨਿਆਂ ਦੇ,
[2] 'ਜੰਦਰੇ' ਖੋਲ੍ਹਦਾ ਖੋਲ੍ਹਦਾ,
ਉਹ [3] 'ਅੱਧਵਾਟੇ' ਰਹਿ ਗਿਆ!!!

---

* ਮੋਹਨ ਸਿੰਘ ਪਹਿਲਾਂ ਆਪਣੇ ਨਾਂ ਦੇ ਨਾਲ 'ਮਾਹਰ' ਤਖੱਲਸ ਵਰਤਦਾ ਹੁੰਦਾ ਸੀ।

1. ਮੋਹਨ ਸਿੰਘ ਦੀ ਕਵਿਤਾ ਦੀਆਂ ਪੰਗਤੀਆਂ, 2. ਤੇ 3. 'ਜੰਦਰੇ', 'ਅੱਧਵਾਟੇ' ਅਤੇ 'ਕੱਚ ਸੱਚ' ਮੋਹਨ ਸਿੰਘ ਦੇ ਕਾਵਿ-ਸੰਗ੍ਰਹਿ ਹਨ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

## ਕਰਤਾਰ ਸਿੰਘ ਦੁੱਗਲ

ਸੂਰਜ ਦੇ ਚੜ੍ਹਾ ਨਾਲ, ਡੋਡੀ,
ਲਗਾਤਾਰ ਖੁੱਲ੍ਹਦੀ ਗਈ।
ਉਸ ਵਿਚ,
ਤ੍ਰੇਲ ਦੀ ਇਕ ਬੂੰਦ ਡਿਗ ਪਈ।

ਫੁੱਲ 'ਤੇ ਪਈ,
ਤ੍ਰੇਲ ਦੀ ਬੂੰਦ 'ਚੋਂ,
ਸੂਰਜ ਦੀ ਕਿਰਨ,
ਰੰਗ, ਰੰਗ ਹੋ, ਟੁੱਟ ਗਈ!!!
ਅੰਬਰ 'ਤੇ,
ਸੱਤ-ਰੰਗੀਆਂ ਬਣ, ਫੈਲ ਗਈ :

ਕਹਾਣੀ
ਕਵਿਤਾ
ਨਾਵਲ
ਨਾਟਕ
ਵਾਰਤਕ
ਆਲੋਚਨਾ
ਸਵੈ-ਜੀਵਨੀ ...
....
ਉਸ ਦਾ ਹੀ ਪਾਸਾਰ ਸੀ !!!
....
....
ਕਹਾਣੀ,
ਉਸ ਦੀ ਆਤਮਾ ਸੀ,
ਜੁ ਭਿੰਨ, ਭਿੰਨ,
ਰੂਪ, ਰੰਗ ਬਣਦੀ ਗਈ!!!



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉਹ ਇਕ ਵਿਲੱਖਣ,
[1] 'ਆਲ-ਇਨ-ਵਨ' [2] ਅਦੀਬ ਸੀ!!!

ਸਾਹਿਤ, ਉਸ ਦੀ ਕੁਦਰਤ,
ਆਪ ਉਹ ਕਰਤਾਰ ਸੀ!!!

## ਬਲਵੰਤ ਗਾਰਗੀ

[3] 'ਕਾਲੇ ਅੰਬ' ਚੂਪਦਾ, ਚੂਪਦਾ,
[4] 'ਕੌਡੀਆਂ ਵਾਲਾ ਸੱਪ' ਬਣ ਕੇ,
ਉਹ [5] 'ਨੰਗੀ ਧੁੱਪ' ਵਿਚ ਆ ਬੈਠਾ !

ਗਾਰਗੀ ਦਾ ਆਕਾਸ਼ ਬਹੁਤ ਵੱਡਾ ਸੀ,
ਉਸ ਦੇ ਖੰਭਾਂ ਲਈ ਸਭ 'ਰੂਪ' ਸੌੜੇ ਸਨ !

ਉਹ 'ਦੇਹ' ਤੇ 'ਆਤਮ' 'ਆਨੰਦ' ਵਿਚਕਾਰ,
ਦੀਵਾਰ ਨਹੀਂ ਸੀ ਬਣਦਾ।

[6] 'ਲੋਹਾ ਕੁੱਟ' ਤੇ [7] 'ਸੁਲਤਾਨ ਰਜ਼ੀਆ',
ਉਸ ਦੇ ਨਾਟਕੀ ਹੁਨਰ
ਤੇ ਚਿੰਤਨ ਦਾ ਸਿਖਰ ਸਨ।

---

1. 'ਆਲ-ਇਨ-ਵਨ : 'All-in-one', 2. ਅਦੀਬ: ਸਾਹਿਤਕਾਰ। 3. 'ਕਾਲੇ ਅੰਬ' : ਬਲਵੰਤ ਗਾਰਗੀ ਦੀ ਚਰਚਿਤ ਕਹਾਣੀ। 4. 'ਕੌਡੀਆਂ ਵਾਲਾ ਸੱਪ' : ਗਾਰਗੀ ਦੁਆਰਾ ਲਿਖਿਆ, ਕਵੀ ਸ਼ਿਵ ਕੁਮਾਰ ਦਾ ਰੇਖਾ-ਚਿਤਰ। 5. 'ਨੰਗੀ ਧੁੱਪ' : ਗਾਰਗੀ ਦਾ ਲਿਖਿਆ ਸਵੈ-ਜੀਵਨੀ-ਆਤਮਕ ਨਾਵਲ। 6. 'ਲੋਹਾ ਕੁੱਟ' : ਗਾਰਗੀ ਦਾ ਨਾਟਕ। 7.'ਸੁਲਤਾਨ ਰਜ਼ੀਆ' : ਗਾਰਗੀ ਦਾ ਨਾਟਕ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਲੋਕੀਂ ਕਵਿਤਾ ਵਿਚ ਨਾਟਕ ਲਿਖਦੇ ਹਨ।
ਉਸ ਨੇ ਨਾਟਕ ਵਿਚ ਕਵਿਤਾ ਲਿਖੀ।

[1] 'ਪੱਤਣ ਦੀ ਬੇੜੀ',
ਅੱਜ ਵੀ ਮੇਰੇ ਸਿਮਰਨ ਵਿਚ,
ਉੱਸਲਵੱਟੇ ਲੈਂਦੀ,
ਅਥਾਹ ਪਾਣੀਆਂ ਵਿਚ,
ਠਿੱਲ੍ਹ ਪੈਂਦੀ ਹੈ।

ਗਾਰਗੀ, ਸਾਹਿਤ ਦਾ
ਸਿੱਕੇਬੰਦ ਬੋਲ,
ਬੋਲੀ ਦਾ,
ਠੇਠ ਮੁਹਾਵਰਾ ਸੀ !!!

## ਡਾ. ਐੱਸ.ਐੱਸ. ਰੰਧਾਵਾ

[1] '47 ਦੇ ਬਟਵਾਰੇ ਤੋਂ ਬਾਅਦ,
ਮੁੜ-ਵਸੇਬੇ ਲਈ,
ਉਸ ਦੇ ਨਾਮ ਦੇ ਨਾਲ,
ਅੰਮ੍ਰਿਤਾ ਪ੍ਰੀਤਮ, ਭਾਪਾ ਪ੍ਰੀਤਮ ਸਿੰਘ
ਤੇ ਕਈ ਹੋਰ ਪ੍ਰਸਿੱਧ ਨਾਮ ਜੁੜੇ।

ਉਹ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ
ਤੇ ਕਲਾ ਦਾ ਸ਼ੈਦਾਈ ਸੀ।
[3] 'ਵਿਰਕ', [4] 'ਸੇਖੋਂ', [5] 'ਗੁਲਜ਼ਾਰ' ਤੇ 'ਮੋਹਨ ਸਿੰਘ',

---

1. 'ਪੱਤਣ ਦੀ ਬੇੜੀ' : ਗਾਰਗੀ ਦਾ ਇਕਾਂਗੀ ਨਾਟਕ, 2. 1947 ਦੀ ਦੇਸ਼-ਵੰਡ, 3. ਕੁਲਵੰਤ ਸਿੰਘ ਵਿਰਕ, 4. ਸੰਤ ਸਿੰਘ ਸੇਖੋਂ, 5. ਗੁਲਜ਼ਾਰ ਸਿੰਘ ਸੰਧੂ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉਸ ਦੀ ਰੌਸ਼ਨੀ ਵਿਚ ਨਹਾਉਂਦੇ ਰਹੇ।
ਉਹ ਪੰਜਾਬ ਦਾ ਛੇਵਾਂ ਰੌਸ਼ਨ ਦਰਿਆ ਸੀ।

ਆਪਣੇ ਕਾਰਜ-ਖੇਤਰ ਦੇ ਸਭ ਕਾਨੂੰਨ,
ਉਹ ਆਪ ਬਣਾਉਂਦਾ ਸੀ।
ਹਰ ਇਕ ਨੂੰ ਉਸਦੀ ਯੋਗ ਥਾਂ 'ਤੇ,
ਟਿਕਾਉਂਦਾ ਸੀ।

ਸਰਕਾਰ ਦੇ ਸਮਾਨ-ਅੰਤਰ ਚੱਲਦੀ,
ਉਹ ਆਪ ਇਕ ਸਰਕਾਰ ਸੀ !!!

## ਡਾ. ਪ੍ਰੇਮ ਪ੍ਰਕਾਸ਼ ਸਿੰਘ

ਉਹ ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਦਾ ਹੀ ਨਹੀਂ,
ਅੰਗ੍ਰੇਜ਼ ਬੋਲੀ ਤੇ ਸਾਹਿਤ ਦਾ ਵੀ ਪੰਡਿਤ ਸੀ।
ਭਾਸ਼ਾ ਦੀ ਖੋਜ ਤੇ ਸੋਝੀ,
ਉਸ ਕੋਲ ਵਿਗਿਆਨ ਬਣ ਜਾਂਦੀ ਸੀ।

ਉਸ ਨੂੰ ਕਵਿਤਾ ਦੀ ਵੀ ਡੂੰਘੀ ਸੂਝ ਸੀ।
ਮੇਰੀ ਪੁਸਤਕ "ਬਿੰਦੂ"[1] ਬਾਰੇ ਲਿਖਦਿਆਂ,
"ਅਕੱਥਾ ਕਥਾ"[2] ਦੀਆਂ ਹੇਠ ਲਿਖੀਆਂ ਪੰਗਤੀਆਂ ਦਾ,
ਉਸ ਨੇ ਉਚੇਚਾ ਜ਼ਿਕਰ ਕੀਤਾ ਸੀ :

"ਸ਼ਬਦਾਂ ਦੇ ਦਰ ਸੌੜੇ ਹਨ
ਤੇ ਕੱਦ ਅਰਥਾਂ ਦੇ ਉੱਚੇ।

---

1 "ਬਿੰਦੂ" : ਰਵਿੰਦਰ ਰਵੀ ਦਾ ਕਾਵਿ-ਸੰਗ੍ਰਹਿ, ਜੁ 1965 ਵਿਚ ਭਾਰਤ ਰਹਿੰਦਿਆਂ ਛਪਿਆ ਸੀ, 2. "ਅਕੱਥ ਕਥਾ", "ਬਿੰਦੂ" ਵਿਚ ਸ਼ਾਮਲ ਇਕ ਕਵਿਤਾ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਬਹੁ-ਦਿਸ਼ਾਵੀ ਚੇਤੰਨ ਅਨੁਭਵ,
ਕਵਣ ਸੁ ਦਰ, ਜਿੱਤ ਢੁੱਕੇ ?
ਸ਼ਬਦਾਂ ਬਾਝੋਂ ਅਰਥ, ਬੇ-ਅਰਥੇ,
ਮਰਦੇ ਵਿਚ ਨਮੋਸ਼ੀ।
ਸਿਰਜੇ ਜੀ ! ਕੋਈ ਸਿਰਜੇ ਕਿਵੇਂ ਖਾਮੋਸ਼ੀ !

ਕੰਜਕ ਅਉਧ ਤੇ ਨਿਰਛੁਹ ਕਾਇਆ,
ਭਾਵ ਮੇਰੇ ਗਰਭਾਏ।
ਭਰ ਸਰਵਰ 'ਚੋਂ, ਸੂਰਜ ਦਾ ਨਾ
ਸੇਕ ਪਕੜਿਆ ਜਾਏ।"

ਉਹ ਹਰ "ਅਕੱਥ ਕਥਾ" ਦੇ ਦਰ ਖੋਲ੍ਹ ਲੈਂਦਾ ਸੀ,
ਯੁੱਗਾਂ ਦੀ ਚੁੱਪ ਦੇ ਭੇਦ ਫਰੋਲ ਲੈਂਦਾ ਸੀ।

ਸ਼ਬਦਾਂ ਦੇ ਆਰ ਪਾਰ ਵਿਚਰਦਾ, ਉਹ
ਅਰਥਾਂ ਦਾ ਇਕ ਖਾਮੋਸ਼ ਤੇ ਅਸੀਮ ਸੰਸਾਰ ਸੀ।

ਸੂਰਜ ਵਲ ਵੇਖ ਕੇ,
ਤ੍ਰੇਲ ਦੇ ਤੁਪਕੇ 'ਚੋਂ ਵੀ, ਉਹ
ਸਤਰੰਗੀਆਂ ਚੜ੍ਹਾ ਲੈਂਦਾ ਸੀ।

ਜੋ ਅਰਥ ਆਮ ਸੂਝ ਵਿਚ ਆ ਕੇ,
ਟੁੱਟ, ਖਿੰਡ, ਰੁਕ ਜਾਂਦੇ ਸਨ,
ਉਨ੍ਹਾਂ ਨੂੰ ਵੀ ਉਹ 'ਸ਼ਬਦ' ਬਣਾ ਲੈਂਦਾ ਸੀ।

ਪੰਜਾਬੀ ਵਿਚ,
ਭਾਸ਼ਾ ਵਿਗਿਆਨ ਦਾ,
ਉਹ ਆਕਾਸ਼ ਵੀ ਸੀ,
ਪਿੰਡ ਤੇ ਬ੍ਰਹਿਮੰਡ ਵੀ।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

## ਅਜੀਤ ਕੌਰ

ਵਿਆਹ ਕਰਵਾਉਣ ਤਕ,
ਉਹ ਔਰਤ ਸੀ।

ਵਿਆਹ-ਮੁਕਤ ਹੋਣ ਉਪ੍ਰੰਤ, ਉਹ
ਹੱਸਾਸ ਔਰਤ ਅੰਦਰ ਵਿਚਰਦਾ,
ਮਰਦ ਬਣ ਗਈ।

ਇਸ ਸਮੇਂ ਹੀ, ਉਸ ਦੀ
ਹੱਦਾਂ ਤੇ ਸਰਹੱਦਾਂ ਦੇ ਨਾਲ
ਠਣ ਗਈ।

[1] "ਪੰਜ ਰੁਪਏ ਵਾਲਾ ਕੰਮ",
ਲਿਖਦੀ, ਲਿਖਦੀ, ਉਹ
[2] "ਖਾਨਾਬਦੋਸ਼" ਬਣ ਗਈ !!!

## ਪਿਆਰਾ ਸਿੰਘ ਭੋਗਲ

ਚੇਤਨਾ ਦੇ ਪੰਨਿਆਂ ਉੱਤੇ,
ਉਹ ਇਕ ਡੂੰਘਾ "ਸਿਆੜ"[3] ਹੈ,
ਜਿਸ 'ਚੋਂ ਸਿਮਰਤੀਆਂ ਦੇ ਬੀਜ,
ਹਰ ਵਰ੍ਹੇ ਮੌਲਦੇ ਰਹੇ ਹਨ।

---

1 "ਪੰਜ ਰੁਪਏ ਵਾਲਾ ਕੰਮ" -ਅਜੀਤ ਕੌਰ ਦੀ ਚਰਚਤ ਕਹਾਣੀ। 2 "ਖਾਨਾਬਦੋਸ਼" -ਅਜੀਤ ਕੌਰ ਦੀ ਸਵੈ-ਜੀਵਨੀ, ਜਿਸ ਉੱਤੇ ਉਸ ਨੂੰ 'ਸਾਹਿਤ ਅਕਾਦਮੀ' (ਦਿੱਲੀ) ਦਾ ਪੁਰਸਕਾਰ ਮਿਲਿਆ। 3. "ਸਿਆੜ" : ਪਿਆਰਾ ਸਿੰਘ ਭੋਗਲ ਦਾ ਨਾਟਕ,



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

'ਗਿਆਨੀ', 'ਵਿੱਦਵਾਨੀ' ਤੇ 'ਬੁੱਧੀਮਾਨੀ'
ਦੇ ਵਿੱਦਿਆਰਥੀ ਪੜ੍ਹਾਉਂਦਾ, ਪੜ੍ਹਾਉਂਦਾ,
ਉਹ ਸਾਹਿਤਕਾਰੀ ਦੇ ਰਾਹ ਪੈ ਗਿਆ।
'ਇਮਤਿਹਾਨੀ ਗਾਈਡਾਂ' ਲਿਖਦਾ, ਲਿਖਦਾ,
ਉਹ ਆਲੋਚਕ ਤੇ ਸਾਹਿਤ ਦਾ ਇਤਿਹਾਸਕਾਰ ਬਣ ਗਿਆ।

ਮਹਿਰਮ ਯਾਰ, ਜਸਵੰਤ ਸਿੰਘ ਵਿਰਦੀ ਤੇ ਪ੍ਰੇਮ ਪ੍ਰਕਾਸ਼
ਦੀ 'ਕਥਾ-ਤਿੱਕੜੀ'[1] ਦੇ,
ਸਮਾਨੰਤਰ, ਚਲੱਦਿਆਂ ਵੀ,
ਉਸ ਨੇ ਆਪਣੀ ਨਿਵੇਕਲੀ ਪਛਾਣ ਨਾ ਗਵਾਈ।

ਗੁਲਜ਼ਾਰ ਸਿੰਘ ਸੰਧੂ ਵਾਂਗ,
ਉਸ ਦੀ ਤੋਰ ਮੱਠੀ,
ਪਰ ਮੜਕ ਵਾਲੀ ਹੈ।

ਪਿਆਰਾ ਸਿੰਘ ਭੋਗਲ :
ਤਿੱਖੀ ਨਜ਼ਰ ਤੇ ਡੂੰਘੀ ਸੂਝ ਨਾਲ,
ਮਾਨਵੀ ਜੀਵਨ ਦੇ,
ਅਨਿਕ ਰੰਗ ਚਿਤਰਦਾ ਰਿਹਾ,
ਅਪਹੁੰਚ ਤਕ, ਪਹੁੰਚ ਦੇ,
ਸੰਭਵ ਯਤਨ ਕਰਦਾ ਰਿਹਾ।

ਸ਼ਿਲਪ ਤੇ ਕਲਾ ਦੇ,
ਵਿਚ ਵਿਚਕਾਰ, ਵਿਚਰਦਾ ਰਿਹਾ।

ਹੱਸਣਾ ਹੀ ਉਸ ਦੀ ਜੀਵਨ-ਸ਼ੈਲੀ ਤੇ ਜੀਵਨ-ਜਾਚ ਹੈ!!!
ਉਹ ਸਭ ਨੂੰ ਖੇੜਿਆਂ ਦੇ ਰਾਹ ਪਾਉਂਦਾ ਰਿਹਾ,
ਜ਼ਿੰਦਗੀ ਦੇ ਭੇਦ ਸਮਝਾਉਂਦਾ ਰਿਹਾ!!!

---

1. ਕਥਾ-ਤਿੱਕੜੀ : 60ਵਿਆਂ (1960) ਦੇ ਤਿੰਨ ਨਵੇਂ ਤੇ ਚਰਚਤ ਪੰਜਾਬੀ ਕਹਾਣੀਕਾਰ : ਮਹਿਰਮ ਯਾਰ, ਜਸਵੰਤ ਸਿੰਘ ਵਿਰਦੀ ਤੇ ਪ੍ਰੇਮ ਪ੍ਰਕਾਸ਼


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਸ.ਸ. ਮੀਸ਼ਾ ਦੀ ਹਰਵਰਿਆਈ[1],
ਤੇ ਭੇਦ-ਭਰੀ,
ਖਾਮੋਸ਼ ਮੁਸਕਾਨ ਤੋਂ ਉਲਟ,
ਉਹ ਦੱਬਕੇ ਤੇ ਖੁੱਲ੍ਹਕੇ ਹੱਸਦਾ ਰਿਹਾ।

ਉਸ ਦਾ ਹਾਸਾ ਤੇ ਉਸ ਦਾ ਸਾਹਿਤ,
ਕੇਵਲ ਉਸ ਵਰਗਾ ਹੈ,
ਕਿਸੇ ਹੋਰ ਵਰਗਾ ਨਹੀਂ!!!

## ਗੁਰਚਰਨ ਰਾਮਪੁਰੀ*

ਅੱਧੀ ਕੁ ਸਦੀ,
ਕੈਨੇਡਾ ਵਿਚ ਰਹਿੰਦਿਆਂ,
ਉਹ ਅਜੇ ਵੀ,
ਬੋਹੜਾਂ ਵਾਲਾ ਖੂਹ, ਜੁ
ਟੂਟੀਆਂ 'ਚੋਂ ਵੱਗਦਾ ਹੈ।

ਸ਼ਾਨਦਾਰ ਘਰ, ਕਾਰ, ਸੁਵਿਧਾਵਾਂ,
ਝਿਲਮਿਲ ਰੌਸ਼ਨੀਆਂ ਵਿਚ ਵੀ,
ਉਸ ਅੰਦਰ,
ਖਾਲਸ ਸਰ੍ਹੋਂ ਦਾ ਦੀਵਾ ਜਗਦਾ ਹੈ।

ਚੜ੍ਹਦੀ ਉਮਰ ਤੋਂ ਹੀ, 'ਅਮਨ ਲਹਿਰ',
'ਸੋਵੀਅਤ ਯੂਨੀਅਨ' ਤੇ 'ਚੀਨ' ਉਸ ਦੇ ਮਾਡਲ ਸਨ,
ਪਰ ਉਸ ਦਾ ਤੇ ਪਰਵਾਰ ਦਾ,

1. ਹਰਵਰ੍ਹਿਆਈ : Evergreen
* ਗੁਰਚਰਨ ਰਾਮਪੁਰੀ : ਕੈਨੇਡਾ-ਨਿਵਾਸੀ ਪ੍ਰਗਤੀਵਾਦੀ ਪੰਜਾਬੀ ਕਵੀ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

'ਆਰਥਕ ਇਨਕਲਾਬ',
ਕੈਨੇਡਾ ਵਿਚ ਆਇਆ।

ਉਸ ਅੰਦਰਲਾ ਨਾਟਕੀ ਕਿਰਦਾਰ,
ਬੜਾ ਮਨੋਰੰਜਕ ਹੈ !
ਉਹ ਹਾਸ-ਵਿਅੰਗ ਦਾ ਧਨੀ,
ਇਕ ਤੁਰਦਾ ਫਿਰਦਾ ਲਤੀਫਾ ਹੈ !

ਇਕ ਲਤੀਫਾ ਇਹ ਵੀ ਹੈ :
'ਉਹ 'ਪੂੰਜੀਵਾਦ' ਜਿਊਂਦਾ,
ਤੇ 'ਪ੍ਰਗਤੀਵਾਦ' ਸੋਚਦਾ ਹੈ,
'ਇਨਕਲਾਬ' ਲੋਚਦਾ ਹੈ!!!'

## *ਗੁਰੂਮੇਲ (ਡਾ. ਗੁਰਮੇਲ ਸਿੱਧੂ)

1.
ਉਸ ਦੀ ਸ਼ਾਇਰੀ
ਸੁਫਨੇ ਤਾਂ ਲੈਂਦੀ ਹੈ,
ਪਰ ਉਨ੍ਹਾਂ ਦੀ ਤਾਬੀਰ ਤੋਂ,
ਕੁਝ ਕਦਮ,
ਪਿੱਛੇ ਰਹਿ ਜਾਂਦੀ ਹੈ।

ਐਸੇ ਸਮੇਂ ਹੀ,
ਉਸ ਦੇ ਸ਼ੀਸ਼ੇ ਵਿਚ,
ਇਕ ਚਿੜੀ ਉੱਡਦੀ ...

* ਗੁਰੂਮੇਲ (ਡਾ. ਗੁਰਮੇਲ ਸਿੱਧੂ) : ਅਮਰੀਕਨ ਪੰਜਾਬੀ ਸਾਹਿਤਕਾਰ


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

...ਤੇ...
ਬਹਿ ਜਾਂਦੀ ਹੈ।

ਸੱਚ ਤੇ ਭਰਮ ਦੀ ਸ਼ਤਰੰਜ,
ਉਹ ਲਗਾਤਾਰ ਖੇਡਦਾ ਆ ਰਿਹਾ ਹੈ,
ਚੇਤਨਾ-ਕਾਲ ਤੋਂ ਹੁਣ ਤਕ।

ਸ਼ੀਸ਼ੇ ਵਿਚ ਚਿੜੀ ਹੈ ?
ਜਾਂ ਉਸ ਦਾ ਅਕਸ ?
ਉੱਤਰ ਬੰਦ ਦਰਵਾਜ਼ੇ ਹਨ,
ਉਹ ਜਾਣਦਾ ਹੈ।

ਇਸ ਲਈ,
ਸਭ ਦਰਵਾਜ਼ੇ ਖੁੱਲ੍ਹੇ ਰੱਖ,
ਉਹ ਇਕ ਹੋਰ ਨਜ਼ਮ
ਲਿਖਣ ਬੈਠ ਜਾਂਦਾ ਹੈ!!!

2.
ਮੱਥੇ 'ਚ ਬਲਦੀ ਅੱਗ ਨੇ
ਉਸ ਨੂੰ ਵਿਗਿਆਨ ਦੇ ਰਾਹ ਪਾ ਦਿੱਤਾ !
ਮਾਨਵੀ ਬਿਹਤਰੀ ਲਈ,
ਪ੍ਰਯੋਗ ਦਾ ਰਸਤਾ ਵਿਖਾ ਦਿੱਤਾ !

ਸਾਹਿਤ ਨੇ ਉਸ ਨੂੰ ਸੁਫਨੇ ਵਿਖਾਏ!!!

ਇਕ ਸੁਫਨਾ ਉਸ ਦਾ,
ਮੁਹੱਬਤ ਤੇ ਸਦੀਵੀ ਸਾਥ ਦਾ ਸੀ !

ਇਹ ਦੋਵੇਂ ਉਸ ਨੂੰ ਮਿਲੇ ਤਾਂ ਸਹੀ,
ਪਰ ਕੱਲੇ, ਕੱਲੇ !


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੁਹੱਬਤ ਤੇ ਸਦੀਵੀ ਸਾਥ ਦੀ,
ਏਕਤਾ ਦੀ ਕਾਮਨਾ ਕਰਦਾ,
ਇਨ੍ਹਾਂ ਦੋਹਾਂ ਵਿਚਕਾਰ ਭਟਕਦਾ,
ਉਹ ਖਲਾਅ ਹੋ ਗਿਆ !
ਖੁਦ ਤੋਂ ਤੇ ਸਭ ਤੋਂ ਜੁਦਾ ਹੋ ਗਿਆ!!!

## ਡਾ. ਰਘਬੀਰ ਸਿੰਘ 'ਸਿਰਜਣਾ'

ਪਿਆਰ ਉਸ ਨੂੰ ਜੀਵਨ ਵਿਚ,
ਬਹੁਤ ਛੇਤੀ ਮਿਲ ਗਿਆ ਸੀ।

ਵਿਦਿਆਰਥੀ ਜੀਵਨ ਵਿਚ, ਇਸ ਨੂੰ
ਪਾਠ-ਪੁਸਤਕਾਂ ਵਾਂਗ ਪੜ੍ਹਦਾ, ਉਹ
ਮਾਨਵ-ਪ੍ਰੇਮ ਦਾ ਫਲਸਫਾ ਬਣ ਗਿਆ।

ਬੀਜ ਤੋਂ ਰੁੱਖ ਦੀ ਪਹਿਚਾਣ ਨੇ, ਉਸ ਨੂੰ
ਜੀਵਨ ਦੀ ਨਿਰੰਤਰਤਾ ਨਾਲ ਜੋੜਿਆ,
'ਸਿਰਜਣਾ'[1] ਤੇ 'ਰਚਨਾ'[2] ਵਿਚ,
ਬਾਲ ਬਣਾ, ਤੋਰਿਆ।

ਪਰ ਫਿਰ ਵੀ,
ਸ਼ਬਦਾਂ ਨਾਲ ਉਸ ਦਾ,
ਮੋਹ ਨਾ ਗਿਆ।

ਪੱਤਰਕਾਰੀ ਉਸ ਦੀ ਦੂਜੀ ਮੁਹੱਬਤ ਸੀ,
ਆਪਣੀ ਜ਼ਿੰਦਗੀ ਵਰਗੀ।

---

1. 'ਸਿਰਜਣਾ' ਅਤੇ 2. 'ਰਚਨਾ' : ਡਾ. ਰਘਬੀਰ ਸਿੰਘ ਦੀਆਂ ਦੋ ਧੀਆਂ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਦੂਜਿਆਂ ਦੀਆਂ ਰਚਨਾਵਾਂ ਦੀ ਚੋਣ ਕਰਦਾ,
ਉਹ ਕੁਝ ਵੀ ਆਪਣੇ ਆਪ ਤੋਂ,
ਨੀਵਾਂ ਨਾਂ ਚੁਣਦਾ।
ਪੁਣੇ ਹੋਏ ਨੂੰ ਬਾਰ, ਬਾਰ ਪੁਣਦਾ।

ਉਸ ਲਈ 'ਸ਼ੈਲੀ ਹੀ ਮਨੁੱਖ'[1] ਨਹੀਂ,
ਮੱਜਾਰ ਵੀ ਮਨੁੱਖ ਹੈ।

'ਸਿਰਜਣਾ'[2] ਪਹਿਚਾਣ ਉਸ ਦੀ
ਆਪਣੀ ਇਤਿਹਾਸਕਾਰੀ,
ਸਮਿਆਂ ਦੇ ਆਰ ਪਾਰ ਵਿਚਰਦੀ!!!

## ਡਾ. ਸੁਤਿੰਦਰ ਸਿੰਘ ਨੂਰ

ਡਾ. ਹਰਿਭਜਨ ਸਿੰਘ ਵਰਗੇ,
ਘਣਛਾਵੇਂ ਰੁੱਖ ਦੀ ਛਾਵੇਂ,
ਕਿਸੇ ਹੋਰ ਰੁੱਖ ਦਾ ਵਿਕਸਤ ਹੋਣਾ,
ਸੰਭਵ ਨਹੀਂ ਸੀ !

ਇਸ ਲਈ, 'ਨੂਰ' ਨੇ
ਮਹਾਂ-ਯੁੱਧ ਦਾ ਐਲਾਨ ਕੀਤਾ !!!

ਇਕ ਯੁੱਧ ਉਸ ਦੇ ਅੰਦਰ ਸੀ
ਤੇ ਇਕ ਯੁੱਧ ਉਸ ਦੇ ਬਾਹਰ !

---

1. ਸ਼ੈਲੀ ਹੀ ਮਨੁੱਖ : "Style is the Man", 2. 'ਸਿਰਜਣਾ' : ਡਾ. ਰਘਬੀਰ ਸਿੰਘ ਦੁਆਰਾ, ਚੰਡੀਗੜ੍ਹ, ਭਾਰਤ ਤੋਂ ਸੰਪਾਦਤ ਤ੍ਰੈ-ਮਾਸਕ ਸਾਹਿਤਿਕ ਪੱਤਰ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਯੁੱਧਾਂ ਦੇ ਇਸ ਚੱਕ੍ਰਵਯੂਹ ’ਚੋਂ,
ਉਹ ਇਕ ਵਿਜਈ ਵਾਂਗ,
ਸਗਲਾ ਸਬੂਤਾ
ਤੇ
ਆਪਣਾ ਆਪ ਬਣਕੇ ਨਿਕਲਿਆ :
‘ਸੁਤਿੰਦਰ ਸਿੰਘ’, ਸਹੀ ਅਰਥਾਂ ਵਿਚ,
‘ਨੂਰ’ ਬਣ ਗਿਆ !!!

[1] ‘ਕਵਿਤਾ ਦੀ ਭੂਮਿਕਾ’ ਵਿਚ,
ਉਸ ਦੀ ਪੇਤਲੀ, ਇਕਹਿਰੀ ਤੇ ਸੂਚਨਾਤਮਿਕ
ਆਲੋਚਨਾਂ ਦੇ ਦਰਸ਼ਨ ਹੋਏ।

ਚਾਲਾਂ ਪ੍ਰਤਿਚਾਲਾਂ ਦਾ ਜਾਣੂੰ,
ਉਹ ਇਕ ਮਾਹਰ ਸ਼ਤਰੰਜੀ ਵੀ ਸੀ।

ਇਸ ਪੁਸਤਕ ਉੱਤੇ,
‘ਸਾਹਿਤ ਅਕਾਦਮੀ’ ਦਾ ਇਨਾਮ ਲੈ ਕੇ
ਉਸ ਨੇ ਹਥੇਲੀ ਉੱਤੇ ਸਰ੍ਹੋਂ ਜਮਾਈ।
ਸਾਹਿਤ ਉੱਤੇ,
ਸਿਆਸਤ ਦੀ ਧਾਂਕ ਜਮਾਈ।

ਉਹ ਇਕ ਨਿੱਘਾ ਵਿਅਕਤੀ ਵੀ ਸੀ,
ਸ਼ਾਮਾਂ ਵਿਚ ਰੰਗ ਭਰਨ ਵਾਲਾ,
ਹਮ-ਪਿਆਲਾ ਤੇ ਹਮ-ਨਿਵਾਲਾ ਵੀ ਸੀ।

ਉਸ ਦੀ ਜ਼ਿੰਦਗੀ ਵਿਚ,
ਨਿੱਜੀ ਅਨੁਭਵ ਦੀ ਕਵਿਤਾ
ਤੇ ਨਿਰੰਤਰ ਇਸ਼ਕ ਦਾ ਸੁਮੇਲ ਸੀ !!!

---

1. ‘ਕਵਿਤਾ ਦੀ ਭੂਮਿਕਾ’-ਡਾ. ਸੁਤਿੰਦਰ ਸਿੰਘ ਨੂਰ ਦੀ ਆਲੋਚਨਾਂ-ਪੁਸਤਕ ਹੈ, ਜਿਸ ਉੱਤੇ ਉਸ ਨੂੰ ਭਾਰਤੀ ‘ਸਾਹਿਤ ਅਕਾਦਮੀ’ (ਦਿੱਲੀ) ਦਾ ਪੁਰਸਕਾਰ ਮਿਲਿਆ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਬਾਕੀ ਦਾ 'ਨੂਰ',
[1] 'ਲੋਕੋਮੋਟਿਵ ਆਲੋਚਕ' ਸੀ,
ਸਫਰ ਸੀ, ਵਿਮਾਨ ਸੀ, ਬੱਸ ਸੀ ਤੇ ਰੇਲ ਸੀ !!!
ਸਾਹਿਤ ਉਸ ਦਾ ਸ਼ੌਕ,
ਆਲੋਚਨਾਂ ਉਸ ਲਈ ਖੇਲ੍ਹ ਸੀ !!!

## ਅਮਰਜੀਤ ਸਿੰਘ 'ਅਕਸ'

ਦੇਸ਼ ਬਦੇਸ਼ ਘੁੰਮਦਾ, ਉਹ ਜਿੱਥੇ ਵੀ ਜਾਂਦਾ ਹੈ,
ਯਾਰੀ, ਗੁੱਸੇ, ਗਿਲੇ, ਨਿਹੋਰੇ,
'ਅਕਸ'[2] ਤੇ ਬਿਓਪਾਰ
ਆਪਮੁਹਾਰੇ ਹੀ,
ਉਸ ਦੇ ਨਾਲ ਤੁਰ ਪੈਂਦੇ ਹਨ,
ਬੁੱਤ ਤੇ ਪਰਛਾਵੇਂ ਵਾਂਗ !

ਫਿਰ ਵੀ, ਉਹ
ਗੱਲਾਂ ਬੜੀਆਂ ਦਿਲਚਸਪ ਕਰਦਾ ਹੈ।
ਅਸਲੀ ਜਾਂ ਫਰਜ਼ੀ ਪ੍ਰੇਮਿਕਾਵਾਂ ਦੇ ਕਿੱਸੇ,
ਚਟਖਾਰੇ ਲਾ, ਲਾ ਸੁਣਾਉਂਦਾ ਹੈ।
ਗੱਲਾਂ ਹੀ ਗੱਲਾਂ ਵਿਚ, ਅੱਖ ਦਬਾ,
ਧੌਲਿਆਂ ਨੂੰ ਕਾਲੇ ਬਣਾਉਂਦਾ ਹੈ !

---

1. 'ਲੋਕੋਮੋਟਿਵ ਆਲੋਚਕ' (Locomotive Critic) –ਯਾਰ ਲੋਕ 'ਨੂਰ' ਨੂੰ, ਹਾਸੇ ਠੱਠੇ ਵਿਚ, 'ਲੋਕੋਮੋਟਿਵ ਆਲੋਚਕ' ਹੀ ਆਖਦੇ ਸਨ, ਕਿਉਂਕਿ ਸਾਹਿਤ ਸਭਾਵਾਂ ਵਿਚ ਪੜ੍ਹਨ ਵਾਲੇ ਵਧੇਰੇ ਪਰਚੇ, ਉਸ ਨੇ, ਸਫਰ ਕਰਦਿਆਂ, ਰੇਲਗੱਡੀ, ਬੱਸ ਜਾਂ ਵਿਮਾਨ ਵਿਚ ਹੀ ਲਿਖੇ ਹੁੰਦੇ ਸਨ। 2. 'ਅਕਸ'–ਦਿੱਲੀ, ਭਾਰਤ ਤੋਂ ਅਮਰਜੀਤ ਸਿੰਘ ਦੀ ਸੰਪਾਦਨਾ ਹੇਠ ਛਪਣ ਵਾਲਾ ਮਾਸਕ ਪੱਤਰ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਵਾਰਤਕ ਵਿਚ ਬੋਲਦਾ, ਬੋਲਦਾ ਵੀ,
ਉਸ ਸਮੇਂ,
ਉਹ ਕਵੀ ਬਣ ਜਾਂਦਾ ਹੈ।
ਉਸਦੀਆਂ ਸੱਤਰੰਗੀਆਂ ਵਿਚ,
ਗੁਆਚੇ ਹੋਏ ਸੁਫਨਿਆਂ ਦੀ ਲੋਅ ਹੁੰਦੀ ਹੈ।

ਆਪਣੇ ਚਿੰਤਨ ਦੀ ਛਾਨਣੀ ਵਿੱਚੋਂ,
ਸੱਚ ਤੇ ਭਰਮ ਨੂੰ ਛਾਣਦਾ-
ਖਾਲੀ ਛਾਨਣੀ ਦੇ ਛੇਕਾਂ ਵਿੱਚੋਂ,

ਚਿਹਰਿਆਂ ਪਿੱਛੇ ਛੁਪੇ,
'ਚਿਹਰੇ'[1] ਪਹਿਚਾਣਦਾ,
'ਕਾਫੀ ਹਾਊਸ ਦੇ ਬਾਹਰ ਖੜ੍ਹਾ ਆਦਮੀ'[2],
ਕਹਾਣੀਆਂ ਪਾਉਂਦਾ, ਪਾਉਂਦਾ
'ਬਾਹਰਲਾ ਕਿਰਦਾਰ'[3] ਬਣ ਜਾਂਦਾ ਹੈ!!!

## ਤਾਰਾ ਸਿੰਘ ਹੇਅਰ

ਵਿਚਾਰਾਂ ਦੇ ਪੱਖੋਂ,
ਉੱਤਰੀ ਤੇ ਦੱਖਣੀ ਧਰੁੱਵ ਹੁੰਦੇ ਹੋਏ ਵੀ,
ਅਸੀਂ 'ਪਿਆਲੇ' ਵਿਚ 'ਕੱਠੇ ਸਾਂ।

ਉਹ ਵਿਚਾਰਧਾਰਾ ਤੇ ਮਿੱਤਰਚਾਰਾ
ਦੇ ਅੰਤਰ ਨੂੰ ਸਮਝਦਾ ਸੀ।

---

1. 'ਚਿਹਰੇ'-ਅਮਰਜੀਤ ਸਿੰਘ ਦਾ ਲਿਖਿਆ ਹੋਇਆ ਨਾਵਲ, 2. 'ਕਾਫੀ ਹਾਊਸ ਦੇ ਬਾਹਰ ਖੜ੍ਹਾ ਆਦਮੀ'-ਅਮਰਜੀਤ ਸਿੰਘ ਦਾ ਲਿਖਿਆ ਹੋਇਆ ਕਹਾਣੀ-ਸੰਗ੍ਰਹਿ, 3. 'ਬਾਹਰਲਾ ਕਿਰਦਾਰ'-'The outsider', ਫਰਾਂਸੀਸੀ ਨਾਵਲਕਾਰ Albert Camus ਦਾ ਲਿਖਿਆ ਹੋਇਆ ਨਾਵਲ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਆਪਣੇ ਸ਼ੀਸ਼ੇ ਵਿਚ,
ਹਰ ਰਿਸ਼ਤਾ ਹੀ ਉਸ ਨੇ,
ਯੋਗ ਥਾਂ ਟਿਕਾ ਰੱਖਿਆ ਸੀ।

'ਇੰਡੋ-ਕਨੇਡੀਅਨ ਟਾਈਮਜ਼'[1] ਵਿਚ,
ਹਰ ਵਿਰੋਧੀ ਨੂੰ, ਵੀ ਉਹ
ਪੂਰੀ ਥਾਂ ਦਿੰਦਾ ਸੀ।
ਪਰ ਅਪਣੀ ਗੱਲ ਵੀ,
ਨਗਾਰੇ ਦੀ ਚੋਟ ਨਾਲ,
ਠੋਕ ਵਜਾ ਕੇ ਕਹਿੰਦਾ ਸੀ।

ਰਾਏ ਦੀ ਆਜ਼ਾਦੀ ਤੇ ਮਨੁੱਖ ਦੇ
ਬੁਨਿਆਦੀ ਹੱਕਾਂ ਲਈ ਯੁੱਧ ਹੀ,
ਉਸ ਦਾ ਧਰਮ ਸੀ।

ਫੁਲ ਤੇ ਮਹਿਕ ਦੇ,
ਸਹਿਵਾਸ ਨੂੰ ਹੀ, ਉਹ
ਪੂਰਨ ਜ਼ਿੰਦਗੀ ਸਮਝਦਾ ਸੀ।

ਅਪੰਗ ਹੋ ਕੇ ਵੀ, ਉਹ
ਜ਼ਿੰਦਗੀ ਤੋਂ ਵਡੇਰੀ,
'ਮਹਾਂ-ਜ਼ਿੰਦਗੀ' ਲੋਚਦਾ ਸੀ!!!

---

1. 'ਇੰਡੋ-ਕਨੇਡੀਅਨ ਟਾਈਮਜ਼'-ਸਰੀ, ਬੀ.ਸੀ., ਕੈਨੇਡਾ ਤੋਂ ਸਵਰਗੀ ਤਾਰਾ ਸਿੰਘ ਹੇਅਰ ਦੀ ਸੰਪਾਦਨਾ ਹੇਠ, ਪੰਜਾਬੀ ਵਿਚ, ਛਪਣ ਵਾਲਾ ਸਪਤਾਹਕ ਪੰਜਾਬੀ ਪੱਤਰ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਮਨਜੀਤ ਟਿਵਾਣਾ

1981 ਦੀ ਭਾਰਤ-ਫੇਰੀ ਦੌਰਾਨ,
ਉਹ ਫਿਰ ਮਿਲੀ,
ਤਾਂ ਆਪਣੀ ਪੁਸਤਕ "ਇਲਜ਼ਾਮ" ਉੱਤੇ,
ਹੇਠ ਲਿਖਿਆ ਸ਼ਿਅਰ ਲਿਖ ਕੇ,
ਅਰਪਨ ਕਰ ਗਈ :

"ਰੌਸ਼ਨੀ ਸੇ ਡਰਤੇ ਹੋ ?
ਖ਼ੁਦ ਹੀ ਰੌਸ਼ਨੀ ਹੋ !"

ਦੋ-ਆਤਸ਼ਾ ਰੌਸ਼ਨੀਆਂ ਵਿਚ,
ਮੈਂ ਸਾਰੇ ਦਾ ਸਾਰਾ ਡੁੱਬ ਗਿਆ!

ਇਹ ਰੌਸ਼ਨੀਆਂ ਦਾ ਸਮਰਪਨ ਸੀ ?
ਕਿ ਪੁਸਤਕ ਦਾ ?

ਸਿਮਰਨ 'ਚ,
ਰੇਲਵੇ ਸਟੇਸ਼ਨ ਸੀ,
ਡੱਬੇ ਸਨ, ਇੰਜਨ ਸੀ,
ਸ਼ੰਟਿੰਗ[1] ਸੀ,
ਸੋਚ, ਪ੍ਰਤੀਸੋਚ ਸੀ,
ਪਰ ਟਰੇਨ[2],
ਕਿਤੇ ਵੀ ਨਾ ਗਈ।
ਸੂਰਜ ਵਾਂਗ ਹੀ,
ਰੌਸ਼ਨੀਆਂ ਦੀ 'ਟਰੇਨ' ਦੀ,
ਕੋਈ ਨਿਸ਼ਚਿਤ ਤੇ ਅੰਤਿਮ ਮੰਜ਼ਲ ਨਹੀਂ ਹੁੰਦੀ।

"ਅਲਵਿਦਾ!!!"

---

1. ਸ਼ੰਟਿੰਗ : Shunting, 2. ਟਰੇਨ : Railway Train



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## *ਡਾ. ਦੇਵਿੰਦਰ ਕੌਰ

ਉਹ ਖਾਮੋਸ਼ੀ ਵਾਂਗ ਮਿਲੀ
ਤੇ ਸ਼ੋਰ ਬਣ ਕੇ ਵਿੱਛੜੀ।

ਉਸਦੀ ਪਹਿਲੀ ਮਿਲਣੀ ਤੋਂ ਵੀ ਪਹਿਲਾਂ,
ਜਿਵੇਂ ਮੈਂ ਉਸ ਨੂੰ ਜਾਣਦਾ ਸਾਂ ...
ਤੇ ਉਸ ਨੂੰ ਮਿਲਣ ਲਈ,
ਵਿਮਾਨ ਦਾ ਸਫਰ ਕਰਦਿਆਂ,
ਮੈਂ ਇਕ ਨਜ਼ਮ ਲਿਖੀ : 'ਦੀਪਕ' :

[1] "ਇਸ ਦੀਪਕ ਦੀ ਬਾਤ
ਮਿੱਟੀ ਤੋਂ ਵੱਡੀ ਹੈ।
ਅੱਜ ਫਿਰ ਮੈਨੂੰ
ਸੂਰਜ ਦੀ ਤੇਹ ਲੱਗੀ ਹੈ।

ਮਿੱਟੀ, ਮਿੱਟੀ ਅੰਦਰ
ਸੂਰਜ ਕਿਵੇਂ ਬਲੇ!
ਜਿਸਮਾਂ ਦੀ ਖੋਹ ਪਈ ਹੈ
ਮੈਨੂੰ ਦਿਹੁੰ ਢਲੇ!

ਅੰਬਰੋਂ ਸੂਰਜ ਬਰਸੇ,
ਸਾਗਰ ਵੀ ਬਰਸੇ!
ਕੈਸਾ ਮਹਾਂ-ਸੰਭੋਗ,
[2] ਧਰਾ ਅੰਬਰ [3] ਪਰਸੇ !"

---

** ਡਾ. ਦੇਵਿੰਦਰ ਕੌਰ - ਇੰਗਲੈਂਡ ਨਿਵਾਸੀ ਪੰਜਾਬੀ ਸਾਹਿਤਕਾਰ*

1. ਕਵਿਤਾ 'ਦੀਪਕ' - ਕਾਵਿ-ਸੰਗ੍ਰਹਿ : "ਸੂਰਜ ਤੇਰਾ ਮੇਰਾ" (1989) - ਕਵੀ : ਰਵਿੰਦਰ ਰਵੀ, 2. ਧਰਾ : ਧਰਤੀ, 3. ਪਰਸੇ : ਛੂਹਵੇ (Touches)



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਇਹ ਨਜ਼ਮ,
ਭਵਿੱਖ-ਦਰਸ਼ੀ, ਫੈਂਟਸੀ ਸੀ!

ਉਹ ਬੜੀ ਹੱਸਾਸ ਤੇ ਸਿਆਣਪੀ ਸੀ।

ਉਸ ਦਿਆਂ ਨੈਣਾਂ ਵਿਚ,
ਵਰ੍ਹਿਆਂ ਦੀ ਪਹਿਚਾਣ ਦੀ,
ਰੌਸ਼ਨੀ ਸੀ।

ਮੇਰੇ ਸ਼ਬਦ,
ਉਸ ਦੇ ਅਰਥ ਸਨ।
ਉਸ ਦੇ ਸੰਕੇਤ,
ਮੇਰਾ ਕਾਵਿ-ਬਿੰਬ।

ਇਹ ਕਾਵਿ-ਲੋਅ ਦਾ,
ਕਾਵਿ-ਆਕਾਰ ਨਾਲ ਰਿਸ਼ਤਾ ਸੀ।

ਬਹੁਤ ਕੁਝ ਕਹਿ, ਸੁਣ ਕੇ ਵੀ,
ਬਹੁਤ ਕੁਝ ਅਣਕਿਹਾ,
ਅਣਸੁਣਿਆ ਸੀ।

ਹਰ ਘੜੀ ਪੈਗ਼ੰਬਰੀ,
ਹਰ ਛਿਣ ਫਰਿਸ਼ਤਾ ਸੀ।

... ਤੇ ਫਿਰ ...

ਸ਼ਬਦਾਂ ਦੀ ਅਰਥਾਂ ਨਾਲ,
ਅਰਥਾਂ ਦੀ,
ਮਾਹੌਲ ਨਾਲ,
ਠਣ ਗਈ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਚੁੱਪ ਦੀ ਭਾਸ਼ਾ,
ਸ਼ੋਰ ਦੀ ਭਾਸ਼ਾ ਬਣ ਗਈ।

... ਸ਼ੋਰ ਸੀ ...
ਸ਼ੋਰ ਹੀ ਸ਼ੋਰ!!!

ਚੁੱਪ ਤੇ ਸ਼ੋਰ ਵਿਚ ਵਿਚਰਦੀ,
ਮੇਰੀ ਕਲਮ,
ਆਪਮੁਹਾਰੇ ਹੀ,
ਪਿੰਡ ਤੋਂ ਬ੍ਰਹਮੰਡ ਹੋ ਗਈ :

[1] "ਸ਼ੋਰ ਦੀ ਭਾਸ਼ਾ ਵਿੱਚੋਂ ਲੰਘੇ
ਚੁੱਪ ਦੀ ਭਾਸ਼ਾ ਸਹਿ ਗਏ!
ਆਪਣੇ ਜੇਡੀ ਕੱਥਦੇ, ਕੱਥਦੇ
ਬ੍ਰਹਮੰਡ ਜੇਡੀ ਕਹਿ ਗਏ!"

## *ਚਰਨ ਸਿੰਘ

ਉਹ ਸਮੁੰਦਰ ਨੂੰ ਬੀਜ ਸਮਝਦਾ ਸੀ,
ਪਰਬਤ ਨੂੰ ਧਰਤੀ
ਤੇ ਦਰਿਆ ਨੂੰ ਪਾਣੀ ਦਾ ਰੁੱਖ।

ਸੂਰਜ ਨੂੰ ਵੀ ਉਸ ਨੇ
ਹਾਂਡੀ ਵਿਚ ਪਾ ਲਿਆ।
ਜ਼ਿਹਨ ਵਿਚ ਚਿੰਤਨ ਨੂੰ
ਪਕਾ ਲਿਆ।

---

1. ਕਵਿਤਾ 'ਸੂਰਜ ਤੇਰਾ ਮੇਰਾ' - ਕਾਵਿ-ਸੰਗ੍ਰਹਿ : "ਸੂਰਜ ਤੇਰਾ ਮੇਰਾ" (1989) - ਕਵੀ: ਰਵਿੰਦਰ ਰਵੀ

** ਚਰਨ ਸਿੰਘ - ਕੈਨੇਡੀਅਨ ਪੰਜਾਬੀ ਸਾਹਿਤਕਾਰ*



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਵੀਰਜ ਨੂੰ ਉਹ
ਮਾਨਵ ਦਾ ਹੀ ਨਹੀਂ,
ਈਸ਼ਵਰ ਦਾ ਵੀ,
ਜਨਮ-ਦਾਤਾ ਸਮਝਦਾ ਸੀ।

ਸ਼ਬਦਾਂ ਦੀ ਭੰਨ ਤੋੜ ਕਰਦਾ,
ਅਰਥਾਂ ਦੇ ਨਵੇਂ ਰੂਪ ਘੜਦਾ-
ਉਹ ਦੇਸ਼ ਛੱਡ,
ਆਬਾਦ ਹੋਣ ਨਿਕਲਿਆ ਸੀ,
ਬਰਬਾਦ ਹੋ ਗਿਆ।
ਸਮੇਂ ਨਾਲ ਬੱਝੀ ਹਰ ਹੋਂਦ ਤੋਂ,
ਆਜ਼ਾਦ ਹੋ ਗਿਆ!!!

## *ਮਨਜੀਤ ਮੀਤ

ਜ਼ਿੰਦਗੀ ਨੂੰ ਇਕ ਸਿੱਧਾ ਸਪਾਟ ਰਾਹ ਸਮਝਦਾ,
ਜੁਗਾੜ ਬੰਨ੍ਹਕੇ-
ਉਹ ਕੈਨੇਡਾ ਪਹੁੰਚ ਗਿਆ।

ਏਥੇ ਆ ਕੇ, ਸੜਕਾਂ ਪਾਟ ਗਈਆਂ!

ਦਿਸ਼ਾਵਾਂ ਦੇ ਮਕੜ-ਜਾਲ ਵਿਚ ਉਲਝਿਆ,
ਉਹ ਬੇ-ਦਿਸ਼ਾ ਹੋ ਗਿਆ।

ਹਰ ਤ੍ਰਿਸ਼ਨਾ ਨੂੰ ਆਪਣਾ ਬਣਾਉਂਦਾ,
ਹਰ ਭਰਮ 'ਚੋਂ ਸੱਚ ਨੂੰ ਪਾਉਂਦਾ,

---

** ਮਨਜੀਤ ਮੀਤ - ਕੈਨੇਡੀਅਨ ਪੰਜਾਬੀ ਸਾਹਿਤਕਾਰ*



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉਹ ਟੁਕੜੀ, ਟੁਕੜੀ ਹੋਏ ਸ਼ੀਸ਼ੇ ਵਿਚ,
ਟੁੱਟ, ਖਿੰਡ ਗਿਆ।

ਉਸ ਕੋਲ ਸਮੁੰਦਰ ਵੀ ਸੀ,
ਦਰਿਆ ਵੀ,
ਬਰਫ ਤੇ ਪਹਾੜ ਵੀ ...
... ਛਿਣ ਦੀ ਛਿਣ ...

ਰੁੱਤਾਂ ਦੀ ਬੇਰਹਿਮੀਂ ਸੀ,
ਜਾਂ ਆਤਮ-ਚਿੰਤਨ ਦਾ ਸਰਾਪ ???

ਸਮੁੰਦਰ ਹੇਠੋਂ ਟਾਪੂ ਨਿਕਲ ਆਏ,
ਪਹਾੜਾਂ ਤੋਂ ਬਰਫ ਉੱਡ ਗਈ,
ਬੱਦਲਾਂ ਵਿਚ ਪਾਣੀ ਸੁੱਕ ਗਿਆ!!!

ਆਪਣੇ ਪੈਰਾਂ 'ਤੇ ਤੁਰਦਾ ਹੋਇਆ ਵੀ, ਉਹ
ਆਪਣੀ ਤੋਰ ਤੋਂ ਟੁੱਟ ਗਿਆ !
ਸਦੀਵੀ ਭਟਕਣ ਵਿਚ ਰੁਕ ਗਿਆ!!!

## ਰਵਿੰਦਰ ਰਵੀ : ਆਪਣੀ ਬੁੱਕਲ

*(ਸਥਿਤੀ ਮੂਲਕ ਸਵੈ-ਚਿਤਰ)*

ਆਪਣੀ ਬੁੱਕਲ ਮਾਰ ਕੇ ਬਹਿ ਗਏ,
ਆਪਣੇ ਵਰਕੇ ਫੋਲੇ।
ਹੁਣ ਨਾ ਧੁੱਪ ਲੱਗੇ, ਨਾ ਪਾਲਾ,
ਮਨ ਹੁਣ ਮਨ ਦੀ ਭਾਸ਼ਾ ਬੋਲੇ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

'ਗੁੰਮ ਸੁੰਮ ਚੁੱਪ' ਨੂੰ ਪੀ ਚੁੱਕੇ ਹਾਂ,
'ਸ਼ੋਰ' ਬਥੇਰਾ ਜੀ ਚੁੱਕੇ ਹਾਂ।
ਬਾਰ, ਬਾਰ ਅਸੀਂ ਖੁਦ ਤੋਂ ਟੁੱਟ ਕੇ,
[1] 'ਹੋਰ' ਬਥੇਰਾ ਜੀ ਚੁੱਕੇ ਹਾਂ।
ਆਪਣੇ ਵਲ ਨੂੰ ਪਿੱਠ ਭੁਆ ਕੇ,
ਕੌਡਾਂ ਦੇ ਭਾਅ ਹੀਰੇ ਰੋਲੇ।

ਆਪੇ ਚੱਲ ਕੇ ਆ ਗਏ ਹਨ ਹੁਣ,
ਦਰਿਆਵਾਂ ਦੇ ਪਾਣੀ।
ਘਟਨਾ, ਘਟਨਾ ਜੁੜ ਕੇ ਬਣ ਗਈ,
ਸਾਗਰ ਜੇਡ ਕਹਾਣੀ।
ਕਿੱਥੋਂ ਪੜ੍ਹੇ ? ਸੁਣਾਵੇ ਕਿੱਥੋਂ ?
ਕਿਸ ਨੂੰ ਛੱਡੇ ? ਕਿਸ ਨੂੰ ਖੋਲ੍ਹੇ ?

'ਆਦਿ', 'ਮੱਧ' ਤੇ 'ਅੰਤ' ਵੀ ਆਪੇ,
ਆਪੇ 'ਪੁਨਰ ਜਨਮ' ਦਾ ਜੇਰਾ।
'ਕੱਥ', 'ਮਿੱਥ', 'ਸੱਚ', 'ਕਲਪਨਾ' ਆਪੇ,
ਸਭ ਕੁਝ 'ਆਪ', 'ਅਨਾਪ' ਹੈ ਕਿਹੜਾ ?
'ਖਲਨਾਇਕ' ਤੇ 'ਨਾਇਕ' ਆਪੇ,
ਹਰ 'ਪਾਤਰ', 'ਮੈਂ-ਬਾਣੀ' ਬੋਲੇ।

'ਪਰਬਤ', 'ਅੰਬਰ', 'ਬੱਦਲ' ਤੇ 'ਥਲ',
ਇਨ੍ਹਾਂ ਉੱਤੇ ਉੱਚ-ਉਡਾਰੀ।
'ਤਾਰੇ', 'ਸੂਰਜ', 'ਪਿੰਡ', 'ਬ੍ਰਹਮੰਡ' 'ਤੇ,
'ਹੋਂਦ' ਫੈਲ ਗਈ ਸਾਰੀ।

---

1. ਹੋਰ : The Other- ਜੁ 'ਸਵੈ' ਜਾਂ 'ਆਪ' ਨਾ ਹੋਵੇ : "ਦੂਜਾ ਜਾਂ ਦੂਜੇ ਦਾ ਜਾਂ ਦੂਜੇ ਵਰਗਾ ਜੀਵਨ"।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਆਪਣੇ 'ਆਪ' ਤੋਂ ਭੱਜਦਾ, ਭੱਜਦਾ,
ਆ ਗਿਆ 'ਆਪਣੇ ਕੋਲੇ'।

॥ਰਹਾਓ॥

'ਚਿੰਤਨ-ਰੁੱਤੇ', ਆਪਣੇ ਅੰਦਰ,
ਆਪਣਾ ਹੀ 'ਪ੍ਰਕਾਸ਼'।
ਆਪੇ 'ਕਰਤਾ', ਆਪੇ 'ਕਾਰਜ',
ਆਪੇ ਹੀ 'ਅਰਦਾਸ'।
ਆਪਣਾ 'ਸਿੱਕਾ', 'ਰਾਜ' ਵੀ ਆਪਣਾ,
ਆਪਣੀ 'ਤੱਕੜੀ', 'ਆਪਾ' ਤੋਲੇ।

'ਮਹਿਕ', 'ਹਵਾ' ਦੀ ਯਾਰੀ ਨੇ ਹਰ
'ਹੱਦ', 'ਸਰਹੱਦ' ਨਿਕਾਰੀ।
[1] 'ਅੰਡੇ' ਤੇ 'ਬੀਰਜ' 'ਚੋਂ ਨਿਕਲੀ,
'ਭਾਸ਼ਾ' ਮਾਰ ਉਡਾਰੀ।
'ਸ਼ਬਦ' ਬਣਾਇਆ, 'ਰੱਬ' ਬੋਲਿਆ,
'ਸ਼ਬਦ' ਨੇ 'ਯੁੱਗ' ਫਰੋਲੇ।

ਆਪਣੀ ਬੁੱਕਲ ਮਾਰ ਕੇ ਬਹਿ ਗਏ,
ਆਪਣੇ ਵਰਕੇ ਫੋਲੇ।
ਹੁਣ ਨਾ ਧੁੱਪ ਲੱਗੇ, ਨਾ ਪਾਲਾ,
ਮਨ ਹੁਣ ਮਨ ਦੀ ਭਾਸ਼ਾ ਬੋਲੇ।

---

1. "ਅੰਡੇ ਤੇ ਬੀਰਜ 'ਚੋਂ ਨਿਕਲੀ, ਭਾਸ਼ਾ ਮਾਰ ਉਡਾਰੀ" : Origin and development of the language through the 'word', invented and created by human beings. 'ਸ਼ਬਦ' ਮਾਨਵ ਦੇ ਚਿੰਤਨ ਦੀ ਘਾੜਤ ਜਾਂ ਕਾਢ (invention) ਹੈ। 'ਸ਼ਬਦ' ਨਾਲ ਜੁੜੇ ਹਰ ਸੰਕਲਪ, ਵਿਕਲਪ ਅਤੇ 'ਅਰਥ' ਦਾ ਕਰਤਾ ਜਾਂ ਖਾਲਕ ਵੀ ਮਾਨਵ ਆਪ ਹੀ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਸ਼ਬਦਾਂ ਦੇ ਚਿਹਰੇ (1969-1978)

## ਅੰਮ੍ਰਿਤਾ*

ਕਵਿਤਾ, ਨਾਵਲ, ਕਹਾਣੀਆਂ
ਦੇਸ਼ਾਂ ਬਦੇਸ਼ਾਂ ਦੀ ਸੈਰ, ਸਫ਼ਰਨਾਮੇ—
ਉਮਰ ਦੇ ਛਿਣ ਛਿਣ ਮੁਕ ਰਹੇ ਫ਼ਾਸਲੇ ਵਿਚ
ਲਮਕ ਕੇ ਠਹਿਰਦਾ ਫ਼ੈਸਲੇ ਦਾ ਛਿਣ
ਇਮਰੋਜ਼ !

ਉਸਨੂੰ ਪਤਾ ਨਹੀਂ ਸੀ ਕਿ ਜੋ ਸਵਾਲ
ਉਸ ਨੇ ਹਰ 'ਹੋਰ' ਨੂੰ ਪਾਇਆ,
ਉਸਦਾ ਉੱਤਰ ਜੇ ਸੀ, ਤਾਂ ਉਹ ਆਪ ਸੀ—
ਤੇ ਉਹ ਆਪ :
ਅਚਿਤਰ, ਨਿਸ਼ਬਦ,
ਅਸੀਮ ਸੀਮਾਂ 'ਚ ਬੱਝੀ
ਮੌਨ ਅਤ੍ਰਿਪਤੀ।

(1969)

---

* ਅੰਮ੍ਰਿਤਾ : ਅੰਮ੍ਰਿਤਾ ਪ੍ਰੀਤਮ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਹਰਿਭਜਨ ਸਿੰਘ

ਦਰਦ ਅਜੇ ਬਾਕੀ ਹੈ,
ਜ਼ਿਹਨ ਅਜੇ ਬਾਕੀ ਹੈ !
ਰਾਤ ਦੀ ਕਾਲਖ ਹੈ,
ਤਾਂ ਸੁਹਜ ਅਜੇ ਬਾਕੀ ਹੈ !

ਨਵੀਂ ਤੇ ਪੁਰਾਣੀ ਪੀੜ੍ਹੀ ਵਿਚਕਾਰ,
ਜਿੱਥੇ, ਅਸੀਮ ਸੀਮਾਂ ਮਿਲਦੀਆਂ,
ਉੱਥੇ ਹੋਰ ਕੋਈ ਨਹੀਂ
ਉਹ ਅਜੇ ਬਾਕੀ ਹੈ।

(1969)

## ਜਸਬੀਰ ਸਿੰਘ ਆਹਲੂਵਾਲੀਆ

'ਨਵੀਂ ਪੀੜ੍ਹੀ ਦਾ *ਏਨਫੈਂਟ ਟੈਰੀਬਲ, ਪ੍ਰੌਫਿਟ,
ਬੁੱਧੀਜੀਵੀ, ਆਲੋਚਕ, ਦਰਸ਼ਨਵੇਤਾ ਕਵੀ,
ਸਾਹਿਤਿਕ ਨੀਤੀਵੇਤਾ, ਸਭ ਦੀਆਂ ਅੱਖਾਂ 'ਚ ਸੂਲ',
ਲੋਕ ਕਹਿੰਦੇ ਹਨ—
ਆਪਣੇ ਅੰਦਰ ਬਲ ਰਹੀ ਜ਼ਿੰਦਗੀ ਤੇ ਕਲਾ ਦੀ ਪਿਆਸ ਨੂੰ,
ਧੁਰ ਅੰਦਰੋਂ, ਯਥਾਰਥ ਤਕ ਸ਼ਾਂਤ ਕਰਨ ਦੀ ਇੱਛਾ ਦਾ
ਉਹ ਨਾਮਕਰਨ ਕਰੇ, ਤਾਂ ਕੀ ਕਰੇ ?

(1969)

---

* "Jasbir Singh Ahluwalia is the 'enfant terrible' of the new generation." Excerpts from : "Punjabi Poetry Comes of Age" (written by Attar Singh-ਅਤਰ ਸਿੰਘ)

"The Tribune" (1967), Chandigarh, India



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਅਜਾਇਬ ਕਮਲ

ਵਿੱਦਰੋਹੀ ਜੀਵਨ ਦਾ ਉਹ ਕਰਮਸ਼ੀਲ ਉਤੇਜਤ ਛਿਣ,
ਜਿਸ ਸਮੇਂ ਨਾਲੋਂ ਟੁੱਟ ਕੇ,
ਆਪਣੇ ਦੁਆਲੇ ਇਕ ਖੋਲ ਮੜ੍ਹ ਲਿਆ !
ਮਿੱਤਰ, ਪਤੀ, ਪਿਤਾ ਉਹ ਇਸ ਤੋਂ ਬਾਹਰ ਹੈ !
ਖ਼ਬਰਦਾਰ !
ਇਸਦੇ ਅੰਦਰ ਜੋ ਹੈ,
ਤਾਂ ਵਿੱਦਰੋਹ ਹੈ !
ਆਪਣੇ ਆਪ ਲਈ, ਸਭ ਲਈ !

(1969)

## ਜਗਤਾਰ

ਹਰ ਵਾਰ ਉਹ ਪੱਥਰ ਨੂੰ ਸਿਖ਼ਰ ਤਕ ਲੈ ਕੇ ਗਿਆ :
'ਰੁੱਤਾਂ ਰਾਂਗਲੀਆਂ', 'ਤਲਖ਼ੀਆਂ ਰੰਗੀਨੀਆਂ'
'ਦੁੱਧ ਪੱਥਰੀ', 'ਅਧੂਰਾ ਆਦਮੀ'—
ਪਰ ਪੱਥਰ ਮੁੜ ਹੇਠਾਂ ਲੁੜ੍ਹਕ ਗਿਆ !
ਮੁੱਢੋਂ ਸੁੱਢੋਂ ਉਸਨੇ ਫਿਰ ਪੱਥਰ ਨਾਲ ਮੱਥਾ ਲਾਇਆ,
ਲਾਉਂਦਾ ਆਇਆ, ਵਿਫਲ, ਨਿਰੰਤਰ !
ਸਜ਼ਾ ਦੇ ਸਰਾਪ ਵਿਚ ਬੱਝਿਆ
ਇਸ ਸਦੀਵੀ ਕਾਰਜ ਨੂੰ ਹੀ ਉਸਨੇ ਆਪਣਾ ਧਰਮ ਬਣਾ ਲਿਆ,
ਉਹ ...
... ਸਿਸੀਫਸ !

(1969)


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਪ੍ਰੀਤਮ ਸਿੰਘ*

ਵੱਸਦੀ ਅਗਨੀ, ਢਹਿੰਦੇ ਅੰਬਰ, ਪੈਂਦੇ ਕੱਕਰ
ਵਿਚ ਉਹ—
ਇਕ ਸਾਊ ਸ਼ੀਰੀਂ ਮਿੱਤਰ ਬੋਲ !
ਮਿੱਤਰ, ਦੁਸ਼ਮਣ, ਸਭ ਲਈ ਸਾਵਾਂ ਤੋਲ !

ਕਲਮ ਓਸਦੀ ਅੱਗ ਉਗਲਦੀ,
ਲਾਵਾ ਸੁੱਟੇ, ਪਾਜ ਉਘਾੜੇ,
ਪਰਬਤ ਕੰਬਣ, ਚੌਖਟ ਤਿੜਕੇ ਅਤੇ ਪ੍ਰੰਪਰਾ
ਕਹਿਰਵਾਨ ਹੋ ਉਸ 'ਤੇ ਝਪਟੇ—
ਉਹ ਇਕ ਜਿਊਂਦਾ, ਮਘਦਾ, ਵਧਦਾ : 'ਵਾਦ ਵਿਵਾਦ' !

(1969)

## ਰਵਿੰਦਰ*

ਉਸਦੇ ਅੰਦਰ ਇਕ ਚਿੜੀ ਸੀ
ਹਰ ਰੋਜ਼ ਉਹ ਸ਼ੀਸ਼ੇ ਸਾਹਵੇਂ ਆ ਕੇ
ਸ਼ੀਸ਼ੇ ਉੱਤੇ ਠੂੰਗੇ ਮਾਰਦੀ,
ਹਾਲੋਂ ਬੇਹਾਲ ਹੋ ਜਾਂਦੀ।
ਇਸ ਚਿੜੀ ਦੇ ਦਰਦ ਲਈ ਦਵਾ ਦੀ ਤਲਾਸ਼ ਵਿਚ
ਉਹ ਬਾਹਰ ਭਟਕਦਾ ਫਿਰਦਾ
ਤੇ ਜਦੋਂ ਮੁੜਦਾ,
ਤਾਂ ਚਿੜੀ ਸ਼ੀਸ਼ੇ ਸਾਹਵੇਂ ਅਧਮੋਈ ਪਈ ਹੁੰਦੀ,
ਆਪਣੇ ਅਕਸ ਵਲਾਂ ਵਿੰਹਦੀ !

---

* ਪ੍ਰੀਤਮ ਸਿੰਘ : ਪੰਜਾਬੀ ਆਲੋਚਕ, ਕਰਤਾ "ਵਾਦ ਵਿਵਾਦ'
* ਰਵਿੰਦਰ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਸ ਕਥਾ ਨੂੰ ਤੁਰਦਿਆਂ ਰੱਖਣ ਲਈ
ਉਹ ਉਸਦੀ ਚੁੰਜ ਵਿਚ ਪਾਣੀ ਪਾ ਦਿੰਦਾ
ਤੇ ਚਿੜੀ ਫਿਰ ਸ਼ੀਸ਼ੇ 'ਤੇ ਠੂੰਗੇ ਮਾਰਨ ਲੱਗ ਪੈਂਦੀ !

ਪਰ ਹੁਣ ਉਸ ਨੇ ਆਪਣੇ ਅੰਦਰ ਦੀ ਇਹ ਚਿੜੀ
ਆਪੇ ਮਾਰ ਲਈ ਹੈ ਤੇ ਪੁਸ਼ਤੋ ਪੁਸ਼ਤ
ਜ਼ਿੰਮੇਵਾਰੀਆਂ ਦੇ ਬੋਝ ਹੇਠ ਝੁਕਿਆ, ਦੱਬਿਆ,
ਉਹ ਇਕ ਪੁੱਤਰ, ਪਤੀ ਤੇ ਪਿਤਾ ਬਣ ਕੇ ਰਹਿ ਗਿਆ ਹੈ !

## ਰਵੀ*

ਸ਼ੀਸ਼ੇ ਵਿਚ ਤੱਕਿਆ, ਸ਼ੀਸ਼ਾ ਤਿੜਕ ਗਿਆ—
ਇਕ ਸੁੰਞਾਂ ਸੱਖਣਾਪਨ, ਅੰਦਰ ਬਾਹਰ ਪਸਰ ਗਿਆ !
ਇਕ ਖੋਹ ਦਾ ਮੋਹ, ਪਿਆਸੇ ਬੱਦਲ ਦੀ ਛਾਂ ਪਿੱਛੇ,
ਜੀਵਨ ਮੌਤ ਵਿਚਕਾਰ ਤਣੇ ਸਮੇਂ, ਧਰਾ ਨਾਲ ਭਟਕਦਾ,
ਇਕ ਮਾਰੂਥਲੀ ਵਿਚ ਆਣ ਖੜੋਤਾ, ਹਰ ਜ਼ੱਰਾ ਇਕ ਮ੍ਰਿਗਜਲੀ—
ਸੂਰਜ, ਵੱਸਦੀ ਅੱਗ, ਮ੍ਰਿਗਜਲੀ, ਪਿਆਸੇ ਬੱਦਲ ਦੀ ਛਾਂ—
ਸਭ ਬਿੰਬ ਮੇਰੇ ਹਨ, ਕੋਈ ਇਕ ਪਰ 'ਮੈਂ' ਨਹੀਂ !

(1969)

## ਸੁਰਜੀਤ ਸਿੰਘ ਸੇਠੀ

ਖਲਨਾਇਕ 'ਚੋਂ ਨਾਇਕ ਦੀ ਪਹਿਚਾਣ :
'ਅਲਪੱਥਰ' ਦੀ ਗੱਲ !
'ਨੰਗੇ ਰੁੱਖ ਬਦਲਦੇ ਮੌਸਮ'
ਇਕ ਸ਼ੀਸ਼ਾ, ਤੇ ਸ੍ਰਿਸ਼ਟੀ ਦਾ ਪ੍ਰਦਰਸ਼ਨ !

---

* ਰਵੀ - ਰਵਿੰਦਰ ਰਵੀ ਦਾ ਸ੍ਵੈ-ਚਿਤਰ (Self-Portrait)


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਕੁੱਤਿਆਂ ਵਰਗੇ ਬੰਦੇ ਤੇ ਫਿਰ
ਬੰਦਿਆਂ ਵਰਗੇ ਕੁੱਤੇ,
ਮੌਤ-ਬੇਚਿੰਤੇ, ਜੀਵਨ ਤੋਂ ਬੇਜ਼ਾਰ,
ਅਸਾਧਾਰਨ ਰਚਨਾ ਦਾ ਸੰਸਾਰ !

(1970)

## ਮਹਿਰਮ ਯਾਰ *

ਜਿੱਥੇ ਦਰ ਬੰਦ ਹੁੰਦੇ ਹਨ,
ਉੱਥੋਂ ਕਹਾਣੀ ਸ਼ੁਰੂ ਹੁੰਦੀ ਹੈ।
ਜਿੱਥੇ ਦਰ ਖੁੱਲ੍ਹਦੇ ਹਨ,
ਉੱਥੇ ਕਹਾਣੀ ਖ਼ਤਮ ਹੁੰਦੀ ਹੈ !
ਵਿਚਕਾਰ ਉਹ,
ਅੱਜ ਦਾ ਮਨੁੱਖ,
ਤੇ ਇਕ ਹਿਚਕੀ !

(1970)

## ਸੁਖਪਾਲਵੀਰ ਸਿੰਘ ਹਸਰਤ

ਇਕ ਸ਼ੁਦਾਅ ਕਿ ਜਿਸ ਨੇ ਉਸ ਨੂੰ ਸੂਲੀ ਤਕ ਪੁਚਾਇਆ,
ਸ਼ਿਬਲੀ ਦਾ ਉਪਹਾਸ ਉਡਾਇਆ !

---

* ਮਹਿਰਮ ਯਾਰ : ''ਡਰੱਮਰਜ਼'' (Drummers) ਅਤੇ ''ਇਕ ਕਦਮ ਜ਼ਿੰਦਗੀ'' ਕਹਾਣੀ-ਸੰਗ੍ਰਹਿਆਂ ਦਾ ਕਰਤਾ। ਉਸ ਨੇ ਕਵਿਤਾ ਤੇ ਨਾਵਲ ਵੀ ਲਿਖੇ। ਉਨ੍ਹਾਂ ਨੂੰ ਛਾਪਣ ਤੋਂ ਪਹਿਲਾਂ ਹੀ ਉਹ ਸੰਸਾਰ ਨੂੰ ਛੱਡ ਗਿਆ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਕ ਸ਼ਕਤੀ ਕਿ ਜਿੰਨ੍ਹੇ ਅਰਥ ਸਿਰਜੇ, ਸ਼ਬਦ ਗਰਭਤ ਕੀਤੇ !
ਇਕ ਸੁਕਰਾਤ ਕਿ ਜਿਸ ਨੇ ਜ਼ਹਿਰ-ਪਿਆਲੇ ਪੀਤੇ !

ਚੜ੍ਹਦੇ ਸੂਰਜ ਨਾਲ ਪਨਪਦੀ ਨੂਤਨਤਾ,
ਅਜੋਕੇ ਮਨੁੱਖ ਦੀ ਆਤਮ-ਖਿੱਚੋਤਾਣ 'ਚ ਮੌਲਦੀ ਆਧੁਨਿਕਤਾ,
ਉਹ ਤਾਂ ਛਿਣ ਛਿਣ ਪਿਛਲਾ ਨਿਰੰਤਰ ਕਰਮ ਹੈ,
ਕਲਾ ਵਿਚ ਜਿਊਂਦਾ ਸੱਚ ਹੈ !
ਉਸ ਪਿਛਲਾ ਆਤਮ-ਵਿਰੋਧ ਹੈ, ਸ੍ਵੈ-ਭਰਮ ਹੈ
ਆਪਣੇ ਆਪ 'ਚੋਂ ਗੁਜ਼ਰਦਾ,
ਸੂਕ ਰਿਹਾ ਅੱਗ ਦਾ ਦਰਿਆ !

(1970)

## ਅਤਰ ਸਿੰਘ

ਉਹ ਇਕ ਸ਼ਬਦ ਸੀ,
ਸੰਪਰਕਾਂ 'ਚੋਂ ਆਪਣੇ ਅਰਥ ਭਾਲਦਾ, ਭਾਲ ਵਿਚਰਦਾ :
ਸਾਗਰ ਪਾਰ ਉਹਦੀ ਆਵਾਜ਼,
ਏਨੀ ਨੇੜੇ, ਜਿੰਨੀ ਦਿਲ ਦੀ ਧੜਕਨ !

ਪਰ ਕੁਝ ਚਿਰ ਤੋਂ,
ਉਹ ਇਕ ਮੌਨ
ਇਕ ਸਘਨ ਬ੍ਰਿਛ ਦੇ ਥੱਲੇ।

ਕਵੀ ਬਣਨ ਦਾ ਚਾਅ,
ਆਲੋਚਕ ਦੀ ਗੱਲ
ਫਿਰ ਵੀ ਚੱਲੇ।

(1970)


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਸੰਤ ਸਿੰਘ ਸੇਖੋਂ

ਕੁਝ ਮਨੁੱਖ, ਮਨੁੱਖ ਹੁੰਦੇ ਹਨ ਤੇ ਕੁਝ ਇਕ ਯੁੱਗ,
ਉਸ ਅੰਦਰਲੇ 'ਕਲਾਕਾਰ' ਦੀ ਗੱਲ ਅਜੇ ਵੀ ਚੱਲਦੀ ਹੈ !
ਉਹ ਇਕ ਲਹਿਰ ਬਣ ਕੇ ਜੰਮਿਆਂ, ਕਹਿਰ ਬਣ ਕੇ ਛਾਇਆ,
ਜ਼ਿਕਰ ਬਣ ਕੇ ਜੀਵਿਆ ਤੇ ਆਪਣੀ ਸਾਰੀ ਪੀੜ੍ਹੀ ਉੱਤੇ
ਇਕ ਸਘਨ ਛਾਂ ਬਣ ਕੇ ਫੈਲਿਆ, 'ਬਾਬਾ ਬੋਹੜ'।

(1972)

## ਦੇਵਿੰਦਰ ਸਤਿਆਰਥੀ

ਸਦੀਆਂ ਤੋਂ ਇਹ ਬੁੱਢਾ ਦਰਿਆ,
ਇਸੇ ਤਰ੍ਹਾਂ ਹੀ ਵਹਿੰਦਾ ਚਲਾ ਆਇਆ ਹੈ :
ਮੌਸਮ ਆਉਂਦੇ ਹਨ, ਚਲੇ ਜਾਂਦੇ ਹਨ,
ਪਰ ਇਕ ਨਿਰੰਤਰ ਭਾਵਨਾਂ ਵਾਂਗ ਇਸ ਨੇ
ਹਰ ਨਵਾਂ ਮੌਸਮ, ਹਰ ਨਵਾਂ ਪੋਚ ਜੀਵਿਆ ਹੈ।

ਇਸ ਦੀ ਗਤੀ ਵਿਚ ਸਮਾਂ, ਤੇ ਹਰ ਇਕ ਬੂੰਦ ਵਿਚ,
ਇਕ 'ਤਿੰਨ ਬੂਹਿਆਂ ਵਾਲਾ ਘਰ' ਹੈ—
ਉੱਪਰ ਅੰਬਰ, ਹੇਠਾਂ ਧਰਤੀ, ਅੱਗੇ ਸੁਮੰਦਰ
ਤੇ ਆਸੇ ਪਾਸੇ ਦੁਨੀਆਂ—
ਇਨ੍ਹਾਂ 'ਚੋਂ ਕਿਹੜਾ ਬਿੰਬ ਬੁੱਢਾ ਹੈ ?

(1972)



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਤਾਰਾ ਸਿੰਘ

* ਹਾਈਡਰੇ ਦੇ ਜਿੰਨੇ ਸਿਰ ਕੱਟੋ,
ਉੱਨੇ ਹੀ ਹੋਰ ਉੱਗ ਆਉਂਦੇ ਹਨ—

ਉਸ ਦੀ ਮਹਿਫਲ ਵਿਚ ਇਕ ਕਹਿਕਹਾ ਡੁੱਬਦਾ ਹੈ,
ਤਾਂ ਹਰ ਲਤੀਫੇ ਨਾਲ, ਸੈਆਂ ਹੋਰ ਬੁਲੰਦ ਹੁੰਦੇ ਹਨ।

ਜਿਸ ਵਿਸ਼ ਤੋਂ ਦੇਵਤਿਆਂ ਤੇ ਰਾਖਸ਼ਿਸ਼ਾਂ ਨੂੰ ਘਬਰਾਹਟ ਸੀ,
ਉਹ ਉਸ ਦੇ ਕੰਠ ਵਿਚ ਵੱਸਦੀ ਹੈ—
ਉਹ ਸਿਰਜਕ ਵੀ ਹੈ ਤੇ ਸਿੰਘਾਰਕ ਵੀ !

(1972)

## ਗੁਲਜ਼ਾਰ ਸਿੰਘ ਸੰਧੂ

ਸੂਕਦਾ ਸਾਗਰ, ਚੜ੍ਹਦੇ ਲਹਿੰਦੇ ਜਵਾਰ,
ਪੰਜ, ਅਪੰਜ ਹਜ਼ਾਰੀਆਂ ਦਾ ਸ਼ੋਰ ਵਰ੍ਹਾ ਭਰ,
ਵਿਚਕਾਰ ਉਹ ਇਕ ਸ਼ਾਂਤ ਟਾਪੂ,
ਹਰ-ਭਰਿਆਈ ਕੇਂਦਰ ਮੁਸਕਾਨ।

ਉਸ ਦੇ ਸੌਂਹੇ ਸਾਹਿਤਿਕ ਰਿਸ਼ਤੇ
ਬਣਦੇ ਟੁੱਟਦੇ ਰਹਿੰਦੇ ਹਨ,
ਪਰ ਉਹ ਸਭਨਾਂ ਲਈ

* ਹਾਈਡਰਾ (Hydra)-ਇਸ ਦਾ ਉਚਾਰਨ 'ਹੀਡਰਾ' ਵੀ ਕੀਤਾ ਜਾਂਦਾ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਏਸ ਵਿਸ਼ੈਲੇ ਚੌਗਿਰਦੇ ਵਿਚ,
* 'ਸੋਨੇ ਦੀ ਇੱਟ', 'ਸਾਂਝ ਪੁਰਾਣੀ',
ਮਨੁੱਖ ਵਿਚ ਵੱਸਦੇ 'ਹੁਸਨ ਦਾ ਹਾਣੀ'।

(1972)

## ਸਰਬੰਸ **

ਮੈਂ ਕਿਹਾ, 'ਵੇਖ ਡਲਹੌਜ਼ੀ ਦੀਆਂ ਪਹਾੜੀਆਂ
ਤੇ ਝਾੜੀਆਂ 'ਚ ਫਸੇ ਬੱਦਲ,
ਜਿਵੇਂ ਜ਼ਿੰਦਗੀ ਦੇ ਸਿਵੇ 'ਚੋਂ ਧੂੰਆ ਨਿਕਲ ਰਿਹਾ ਹੋਵੇ !'

ਉਸ ਕਿਹਾ, 'ਨਹੀਂ, ਧਿਆਨ ਨਾਲ ਵੇਖ
ਝਾੜੀਆਂ 'ਚ ਫਸੀ ਅੰਬਰ ਤੱਕ ਤਣੀ
ਇਹ ਕਿਸੇ ਦੀ ਸੁਰਮਈ ਚੁੰਨੀ ਹੈ।'

ਮੈਂ ਕਿਹਾ, 'ਤੂੰ ਦਿਨ ਦਿਹਾੜੇ ਵੀ ਸਿਰਫ਼ ਸੁਫ਼ਨੇ ਭੋਗਦਾ ਹੈਂ।'

ਉਸ ਕਿਹਾ, 'ਨਹੀਂ, ਤੂੰ ਜੀਵਨ ਮਾਰ ਕੇ
ਮੌਤ ਜਿਊਣੀ ਚਾਹੁੰਦਾ ਹੈਂ—
ਮੇਰੇ ਮਿੱਤਰ, ਮੈਂ ਮਿੱਤਰਾਂ ਲਈ ਜਾਨ ਵੇਚੀ ਹੈ,
ਪਰ ਜ਼ਿੰਦਗੀ ਦਾ ਈਮਾਨ ਕਾਇਮ ਰੱਖਿਆ ਹੈ !
ਜਦੋਂ ਮੇਰੇ ਮਿੱਤਰ ਰਾਹੀਂ ਹੀ ਮੇਰੀ ਪ੍ਰੇਮਿਕਾ ਦਾ ਹਰਨ ਹੋਇਆ,
ਤਾਂ ਨਾ ਮਿੱਤਰਤਾ 'ਚੋਂ ਮੇਰਾ ਵਿਸ਼ਵਾਸ ਟੁੱਟਾ,
ਨਾ ਜ਼ਿੰਦਗੀ ਦਾ ਈਮਾਨ !

---

* 'ਸੋਨੇ ਦੀ ਇੱਟ', 'ਸਾਂਝ ਪੁਰਾਣੀ' ਅਤੇ 'ਹੁਸਨ ਦੇ ਹਾਣੀ' ਗੁਲਜ਼ਾਰ ਸਿੰਘ ਸੰਧੂ ਦੇ ਕਹਾਣੀ-ਸੰਗ੍ਰਹਿ ਹਨ।

** ਸਰਬੰਸ – ਮੋਗੇ ਦਾ ਕਵੀ ਸਰਬੰਸ ਜੁ 60ਵਿਆਂ ਵਿਚ ਪਠਾਨਕੋਟ ਵਿਚ 'ਬਰੁੱਕ ਬਾਂਡ ਚਾਹ' ਦਾ ਸੇਲਜ਼ ਏਜੰਟ ਸੀ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਫਿਨਿਕਸ ਵਾਂਗ ਆਪਣੀ ਹੀ ਸੁਆਹ 'ਚੋਂ
ਇਕ ਨਵਾਂ ਜਨਮ ਧਾਰ ਬੈਠਾ ਹਾਂ !
ਮੇਰੇ ਨੈਣਾਂ 'ਚ ਸੁਰਮਈ ਚੁੰਨੀਆਂ ਨੂੰ
ਜਨਮ-ਦਰ-ਜਨਮ ਇਸੇ ਤਰ੍ਹਾਂ,
ਅੰਬਰ ਤਕ ਤਣੇ ਰਹਿਣ ਦੇ।'

(1972)

## ਸੋਹਨ ਕਾਦਰੀ*

ਗੱਲ ਬਿੰਦੂ ਤੋਂ ਸ਼ੁਰੂ ਹੋਈ ਸੀ,
ਪ੍ਰਿਥਵੀ ਦੁਆਲੇ ਇਕ ਲੰਮੀ ਲੀਕ ਖਿੱਚਦੀ ਹੋਈ,
ਇਕ ਦਾਇਰਾ ਬਣ ਗਈ ਹੈ।
"ਸਾਈਲੈਂਟ ਐਕੋ', 'ਲੀਫੀ ਮਰਮਰ'
'ਰੋਮਾਂਸ ਐਟ ਡਸਕ', 'ਫਾਇਰ ਬਰਡ'
'ਓਬਲਿਵੀਅਨ ਅਪਾਰਟ', 'ਦ ਮੋਮੈਂਟ'—
ਇਕ ਤੋਂ ਬਾਅਦ ਇਕ ਚਿਤਰ
ਯੂਰਪ ਅਫ਼ਰੀਕਾ ਤੇ ਇੰਗਲੈਂਡ ਦੇ
ਪ੍ਰਦਰਸ਼ਨ-ਘਰਾਂ ਤੋਂ ਲੱਥ ਕੇ, ਸਦਾ ਲਈ
ਦਰਸ਼ਕਾਂ ਦੇ ਸਿਮਰਨ ਨੂੰ ਚਿਪਕ ਚੁੱਕੇ ਹਨ।

* ਸੋਹਨ ਕਾਦਰੀ : ਜਗਤ ਪ੍ਰਸਿੱਧ ਆਧੁਨਿਕ ਪੰਜਾਬੀ ਚਿਤਰਕਾਰ ਤੇ ਕਵੀ ਜੁ ਬਹੁਤੀ ਦੇਰ ਡੈਨਮਾਰਕ ਵਿਚ ਰਿਹਾ ਅਤੇ ਅੰਤਲੇ ਦਿਨਾਂ ਵਿਚ ਕੈਨੇਡਾ ਆ ਕੇ, ਕਾਲਵੱਸ ਹੋ ਗਿਆ। ਸੋਹਨ ਕਾਦਰੀ ਨੇ ਮੇਰੀਆਂ ਹੇਠ ਲਿਖੀਆਂ ਪੁਸਤਕਾਂ ਦੇ ਟਾਈਟਲ ਤੇ ਅੰਦਰਲੇ ਚਿਤਰ ਬਣਾਏ : "ਬਿੰਦੂ", "ਮੌਨ ਹਾਦਸੇ", "ਜੁਰਮ ਦੇ ਪਾਤਰ", "ਸੂਰਜ ਨਾਟਕ", "ਮੰਚ ਨਾਟਕ", "ਸਿਫ਼ਰ ਨਾਟਕ", "ਰੂਹ ਪੰਜਾਬ ਦੀ", "ਅਘਰਵਾਸੀ", "ਕੰਪਿਊਟਰ ਕਲਚਰ", "ਗੰਢਾਂ", "ਸ਼ਬਦੋਂ ਪਾਰ", "ਸੂਰਜ ਤੇਰਾ ਮੇਰਾ", "ਵਿਸ਼ਵ ਪੰਜਾਬੀ ਸਾਹਿਤ" ਅਤੇ "ਕਵਿਤਾ ਸਨਮੁਖ" (ਪਹਿਲਾ ਐਡੀਸ਼ਨ) ਆਦਿ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਪਰ ਉਸਦੀ ਤਲਾਸ਼ ਅਜੇ ਵੀ ਜਾਰੀ ਹੈ—
ਉਹ ਕਹਿੰਦਾ ਹੈ,
"ਮੈਂ ਜਦੋਂ ਵੀ ਨਵੀਂ ਕੈਨਵੈਸ ਵੱਲ ਵੇਖਦਾ ਹਾਂ,
ਮੈਨੂੰ ਉਸ ਵਿਚ ਹੁਣ ਦਾ ਸੱਚ,
ਇਕ ਚਿਤਰ ਨਜ਼ਰ ਆਉਂਦਾ ਹੈ।
ਮੈਂ ਰੰਗਾਂ ਨਾਲ ਕੈਨਵਸ ਨੂੰ ਝਾੜਦਾ ਹਾਂ,
ਤਾਂ ਉਮਰ ਭਰ ਦੇ ਲੱਥਦੇ ਥਕੇਵੇਂ ਨਾਲ ਜਾਪਦਾ ਹੈ,
ਮੈਂ ਸਦੀਵੀ ਸੱਚ ਪਕੜ ਲਿਆ ਹੈ;
ਪਰ ਨਹੀਂ, ਦੂਜੇ ਛਿਣ ਹੀ ਕੋਲ ਪਈ ਕੈਨਵਸ ਵਿਚ,
ਇਕ ਹੋਰ ਸੱਚ ਉਸਲਵੱਟੇ ਲੈ ਰਿਹਾ ਪ੍ਰਤੀਤ ਹੁੰਦਾ ਹੈ।'

ਉਹ ਦਾਇਰੇ 'ਚ ਘਿਰਿਆ ਬਿੰਦੂ ਨਹੀਂ
ਦਾਇਰੇ ਤੋਂ ਬਾਹਰ, ਅਲੋਪ—
ਦਾਇਰੇ 'ਤੇ ਦਾਇਰਾ ਖਿੱਚੀ ਜਾ ਰਿਹਾ ਹੈ।

(1972)

## ਅਵਤਾਰਜੀਤ*

ਉਸ ਦੇ ਅੰਦਰ ਇਕ ਸਦੀਵੀ ਹੁਸਨ ਦੀ ਤੇਹ ਹੈ—
ਉਸ ਦੇ ਸੁੱਕੇ ਜਿਸਮ, ਸਿਮਰਨ ਤੇ ਕਲਪਨਾ ਵਿਚ,
ਹੁਸਨ ਗੁਦਾਜ਼ ਰੂਪਾਂ ਵਿਚ ਉਸਲਵੱਟੇ ਲੈਂਦਾ ਹੈ,
ਤਾਂ ਉਹ ਇਸ ਅਮੂਰਤ ਅਨੁਭਵ ਦੀ,
ਮੂਰਤ ਘੜਨ ਬੈਠ ਜਾਂਦਾ ਹੈ,
'ਸਲੀਪਿੰਗ ਨਿਊਡ', 'ਵਰਜਿਨ' ਤੇ 'ਆਫ਼ਟਰ ਬਾਥ'—
ਇਕ ਤੋਂ ਬਾਅਦ ਇਕ ਮੂਰਤੀਆਂ ਅਵਤਾਰ ਧਾਰਦੀਆਂ ਹਨ !

---

* ਅਵਤਾਰਜੀਤ : ਪ੍ਰਸਿੱਧ ਮੂਰਤੀਕਾਰ ਜੁ ਅੱਜ ਕੱਲ੍ਹ ਇੰਗਲੈਂਡ ਵਿਚ ਰਹਿੰਦਾ ਹੈ। ਕੀਨੀਆਂ ਵਿਚ ਰਹਿੰਦਿਆਂ ਉਸ ਨੇ ਮੇਰੇ ਕਾਵਿ-ਸੰਗ੍ਰਹਿ "ਮੇਰੇ ਮੌਸਮ ਦੀ ਵਾਰੀ" ਦਾ ਟਾਈਟਲ ਡੀਜ਼ਾਇਨ ਕੀਤਾ ਸੀ।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਪਰ ਜਦੋਂ ਕੋਈ ਉਸ ਨੂੰ ਕਹਿੰਦਾ ਹੈ
ਕਿ ਮੂਰਤੀਆਂ ਸੁਲਗਦਾ ਜਿਸਮ ਨਹੀਂ,
ਤੇਰੀ ਤੇਹ ਕਿਵੇਂ ਮਿਟੇਗੀ ?
ਤਾਂ ਉਸਦੇ ਇਸ ਉੱਤਰ ਨਾਲ
ਕਿ 'ਮੂਰਤੀਆਂ ਮੇਰੀ ਤੇਹ ਦਾ ਇਤਿਹਾਸ ਹਨ'
ਖੁਜਰਾਓ ਦੀਆਂ ਮੂਰਤੀਆਂ ਵਾਂਗ',
ਉਸਦੀ ਸੋਚ ਹੋਰ ਉਲਝ ਜਾਂਦੀ ਹੈ—
ਤੇ ਉਹ ਐਲਮੀਨੀਅਮ ਦੀ ਲਚਕ ਵਿਚ
ਅਮੂਰਤ ਹੁਸਨ ਦੇ ਊਲ ਜ਼ਲੂਲ ਰੂਪ ਸਾਕਾਰ ਕਰਨ ਬੈਠਾ,
ਆਪਣੇ ਬੁੱਢੇ ਇਤਿਹਾਸ ਕੋਲੋਂ ਸੁਕਰਾਤ ਵਾਂਗ,
ਹੈਮਲੋਕ ਦਾ ਪਿਆਲਾ ਪਕੜ,
ਇਕ ਨਵਾਂ ਜਨਮ ਧਾਰ ਰਿਹਾ ਪ੍ਰਤੀਤ ਹੁੰਦਾ ਹੈ !

(1972)

## ਕੁਲਵੰਤ ਸਿੰਘ ਵਿਰਕ

ਇਕ ਵਾਰ ਇਕ ਰੇਖਾਕਾਰ ਨੇ
ਉਸ ਨੂੰ ਪੁੱਛਿਆ :
'ਤੁਹਾਡਾ ਪਿਛੋਕੜ ਕੀ ਹੈ ?'
ਤਾਂ ਉਸ ਨੇ ਮੇਰੇ ਵਲਾਂ ਇਸ਼ਾਰਾ ਕਰਕੇ ਕਿਹਾ :

'ਇਹੋ, ਜੋ ਰਵੀ ਦਾ ਤੇ ਪਿੰਡਾਂ ਵਿਚ ਪਲੇ,
ਸ਼ਹਿਰਾਂ ਵਿਚ ਪੜ੍ਹੇ, ਹਰ ਜੱਟਾਂ ਦੇ ਮੁੰਡੇ ਦਾ ਹੁੰਦਾ ਹੈ!'

ਰੇਖਾ-ਚਿਤਰਕਾਰ,
ਬੌਖਲਾ ਕੇ ਇਕ ਹੋਰ ਪ੍ਰਸ਼ਨ ਕਰ ਬੈਠਾ :

'ਆਪਣੀ ਰਚਨਾ ਬਾਰੇ ਕੁਝ ਦੱਸੋ ?'


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਉਸ ਦੇ ਹੋਠਾਂ 'ਤੇ ਇਕ ਮੁਸਕਾਨ,
ਨਜ਼ਰ ਵਿਚ ਬਾਜ ਦੀ ਚੁੰਜ
ਤੇ ਬੋਲਾਂ ਵਿਚ,
ਬਿਨਾਂ ਵਾਰ ਕੀਤਿਆਂ, ਮਾਰ ਦੇਣ ਵਾਲਾ ਸੰਜਮ ਸੀ !

"ਜੇ ਰਚਨਾ ਕਰਕੇ ਵੀ,
ਰਚਨਾ ਬਾਰੇ, ਆਪ ਦੱਸਣ ਦੀ ਲੋੜ ਹੈ,
ਤਾਂ ਰਚਨਾ ਕਰਨ ਦਾ ਕੀ ਫ਼ਾਇਦਾ ?"

ਰੇਖਾਕਾਰ[1] ਗੁੱਸੇ ਵਿਚ ਭਰਿਆ ਪੀਤਾ
ਉੱਠ ਕੇ ਤੁਰਨ ਲੱਗਾ, ਤਾਂ ਮੈਂ ਵੇਖਿਆ,
ਵਿਰਕ ਦਾ ਮੌਨ, ਕਿਰਤੀ ਹੱਥਾਂ ਵਿਚ,
ਇਕ ਐਸਾ ਤੇਜ਼ ਰੰਬਾ ਸੀ,
ਜਿਸ ਅੰਦਰ 'ਖੱਬਲ'[2] ਨੂੰ ਜੜ੍ਹੋਂ ਪੁੱਟ ਦੇਣ ਦਾ,
ਇਰਾਦਾ ਸੀ।

'ਸ਼ੇਰਨੀਆਂ' ਵਾਲਾ ਜਿਗਰਾ
ਤੇ 'ਦੁੱਧ ਦੇ ਛੱਪੜ' ਵਾਲਾ ਚਿੰਤਨ,
ਕਿਸੇ ਨੂੰ ਕਦੇ ਵੀ, ਬੁੱਢਿਆ ਨਹੀਂ ਹੋਣ ਦਿੰਦਾ !

(1976)

---

1. ਰੇਖਾਕਾਰ ਕੁਲਬੀਰ ਸਿੰਘ ਕਾਂਗ ਸੀ, 2. 'ਖੱਬਲ', 'ਸ਼ੇਰਨੀਆਂ' ਅਤੇ 'ਦੁੱਧ ਦਾ ਛੱਪੜ' ਕੁਲਵੰਤ ਸਿੰਘ ਵਿਰਕ ਦੀਆਂ ਪ੍ਰਸਿੱਧ ਕਹਾਣੀਆਂ ਹਨ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਗੁਲਜ਼ਾਰ ਸਿੰਘ ਸੰਧੂ

ਉੱਨੀਂ ਸੌ ਉਣੱਤਰ ਦੇ ਦਿਸੰਬਰ ਦੀ ਗੱਲ ਹੈ,
ਉਦੋਂ ਉਸਦੇ ਸਿਰ ਵਿਚ,
ਇਕ ਕਾਰ-ਹਾਦਸੇ ਨਾਲ ਡਾਢੀ ਸੱਟ ਲੱਗੀ ਸੀ,
ਪਰ ਉਸਨੂੰ ਮੇਰੇ ਪਾਲਮ ਪਹੁੰਚਣ ਦਾ ਸਮਾਂ
ਤੇ ਮਿਤੀ ਨਹੀਂ ਸਨ ਭੁੱਲੇ!

ਅਸੀਂ ਜ਼ਿੰਦਗੀ ਵਿਚ ਬਹੁਤ ਘੱਟ ਮਿਲੇ ਹਾਂ,
ਪਰ ਜਦ ਵੀ ਮਿਲੇ ਹਾਂ,
ਹਵਾ ਵਾਂਗ, ਸਾਗਰ ਵਾਂਗ, ਖੁੱਲ੍ਹ ਕੇ ਮਿਲੇ ਹਾਂ !
ਇਸ ਵਾਰ ਵੀ ਇੰਞ ਹੀ ਹੋਇਆ,
ਉਸਦੀ ਕਰੜ-ਬਰੜੀ ਦਾਹੜੀ ਤੇ ਭਰਪੂਰ ਮੁਸਕਾਨ ਨੇ,
ਤਿੰਨ ਕੁ ਸਾਲਾਂ ਬਾਅਦ, ਮੈਨੂੰ ਭਾਰਤ ਵਿਚ,
'ਜੀ ਆਇਆਂ' ਆਖਿਆ।

ਉਸਦੇ ਘਰ, ਮੈਂ ਉਸਨੂੰ,
ਉਸ ਦਿਨ ਪਹਿਲੀ ਵਾਰ ਮਿਲਿਆ ਸਾਂ !
ਇਕ ਦੂਜੇ ਦੇ ਆਮੋ ਸਾਮ੍ਹਣੇ ਅਸੀਂ ਵੱਖ ਵੱਖ ਬਰਾਂਡ ਦੀ,
ਖਰੀ ਤੇ ਪੁਰਾਣੀ ਵਿਸਕੀ ਦੀਆਂ ਬੋਤਲਾਂ ਵਾਂਗ ਬੈਠੇ ਸਾਂ,
ਤੇ ਫਿਰ ਮਿਲੇ ਸਾਂ :
ਕਾਕਟੇਲ ਦੇ, ਲਗਾਤਾਰ ਚੜ੍ਹ ਰਹੇ ਨਸ਼ੇ ਵਾਂਗ,
ਜੁ ਸਭ ਰੇਖਾਵਾਂ ਤੇ ਦਿਸ਼ਾਵਾਂ ਨੂੰ,
ਇਕੋ ਹੀ ਸਿਖਰ ਵਿਚ ਅਭੇਦ ਕਰ ਰਿਹਾ ਹੋਵੇ !

ਚੁੱਪ ਸਾਂ,
ਜਿਵੇਂ ਅੱਜ ਦੀਆਂ ਸਭ ਗੱਲਾਂ,
ਸਾਡਾ ਮੌਨ ਸਿੱਖ ਗਿਆ ਹੋਵੇ,
ਤੇ ਫਿਰ ਕੋਈ ਗੱਲ ਛੇੜਨ ਲਈ,
ਜਿਵੇਂ ਗ਼ੈਰ-ਹਾਜ਼ਰ ਦੋਸਤਾਂ ਨੂੰ ਯਾਦ ਕਰੀਦਾ ਹੈ,


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਪੁੱਛਿਆ : 'ਅੰਮ੍ਰਿਤਾ ਕਿਵੇਂ ਹੈ ?'
'ਇਮਰੋਜ਼, ਤਾਰਾ ਸਿੰਘ, ਦੁੱਗਲ, ਹਰਿਭਜਨ ਸਿੰਘ,
ਅਤਰ ਸਿੰਘ, ਸਤਿਆਰਥੀ ਤੇ ਭਾਪਾ ਪ੍ਰੀਤਮ ਸਿੰਘ,
ਇਹ ਸਭ, ਕਿਵੇਂ ਹਨ ?'

ਉਸਨੇ ਬੋਤਲ ਦੇ ਉੱਪਰੋਂ ਦੀ, ਉਂਗਲੀ ਨਾਲ,
ਟੈਲੀਫ਼ੋਨ ਵਲਾਂ ਇਸ਼ਾਰਾ ਕਰਕੇ,
ਆਪਣੇ ਨੌਕਰ ਨੂੰ, ਹੋਰ ਪਾਣੀ ਲਿਆਉਣ ਲਈ ਕਿਹਾ,
ਤਾਂ ਮੈਂ ਸੋਚਿਆ : ਸਭ ਬਦਲ ਗਏ,
ਪਰ ਇਹ, ਅਜੇ ਵੀ ਨਹੀਂ ਬਦਲਿਆ।
ਉਹ ਨਵੇਂ ਲੇਖਕਾਂ ਦੀ ਸੰਗਤ ਵਿਚ,
ਵੱਡੇ ਜਾਂ ਪੁਰਾਣੇ ਲੇਖਕਾਂ ਦੇ ਘਰ ਜਾਣੋਂ ਕਤਰਾਉਂਦਾ ਹੈ,
ਪਰ ਆਪ ਉਨ੍ਹਾਂ ਦੇ ਘਰ ਜਾਂਦਾ, ਉਨ੍ਹਾਂ ਨੂੰ ਬੁਲਾਉਂਦਾ ਹੈ;
ਤੇ ਉਨ੍ਹਾਂ ਨਾਲ ਟੈਲੀਫ਼ੋਨ 'ਤੇ ਗੱਲਾਂ ਕਰਦਾ,
ਇਸ ਸਾਹਿਤਿਕ ਸੰਸਾਰ ਉਤੇ ਹੱਸ ਛੱਡਦਾ ਹੈ !

ਉਹ, ਇਕ ਲੰਮੇ ਸਮੇਂ ਤਕ, ਕੁਝ ਲਿਖੇ ਨਾ ਲਿਖੇ ;
ਉਸਦੀ ਕੋਈ ਕਹਾਣੀ, ਕੋਈ ਕਿਤਾਬ, ਛਪੇ ਨਾ ਛਪੇ,
ਪਰ ਉਸਦੀ 'ਸਿਕੰਦਰ' ਵਰਗੀ ਵਿਜਈ ਮੁਸਕਾਨ,
ਸਦਾ ਹੀ ਚਰਚਾ ਦਾ ਕੇਂਦਰ ਬਣੀ ਰਹਿੰਦੀ ਹੈ !
ਸ਼ੱਤਰੂ ਤੇ ਮਿੱਤਰ ਦੋਹਾਂ ਦੇ ਘਰੀਂ,
ਉਸਦੀ ਮਹਿਮਾਨ-ਨਿਵਾਜ਼ੀ ਦੀ ਗੱਲ,
ਸਿਆਲਾਂ ਵਿਚ ਨਿੱਘੀ ਅੰਗੀਠੀ ਵਾਂਗ ਮਘਦੀ ਰਹਿੰਦੀ ਹੈ !

ਉਸਨੇ ਮੈਨੂੰ ਆਪਣਾ ਹੁਣੇ ਹੁਣੇ ਬਣਵਾਇਆ,
ਲਿਖਣ-ਕਮਰਾ ਵਿਖਾਇਆ,
ਤਾਂ ਮੈਂ ਉਸਦੀ ਪਤਨੀ ਨੂੰ ਕਿਹਾ,
'ਸੁਰਜੀਤ' ਇਸਨੂੰ ਕਹਿ ਕਿ ਕੋਈ ਨਵੀਂ ਕਹਾਣੀ ਸੁਣਾਏ।'


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਤਾਂ ਤਾਰਾ ਸਿੰਘ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ :
ਪਰ *'ਮੱਧ-ਸ਼੍ਰੇਣੀ', ਵਾਲੇ ਗੋਲ ਗੱਪੇ ਨਾ ਖਵਾਏ,
ਜਿਹੜੀ ਤਿੱਪ ਪੀਤੀ ਹੈ, ਉਹ ਵੀ ਲੱਥ ਜਾਵੇਗੀ।'

ਮੈਂ ਕਿਹਾ, 'ਇਹ ਤਾਂ 'ਹੁਸਨ ਦਾ ਹਾਣੀ' ਹੈ,
ਵਿਰਕ ਨੂੰ ਖਿੱਚ ਕੇ, ਸੇਖੋਂ ਨੇ ਆਪਣੀ ਪੀੜ੍ਹੀ ਨਾਲ ਜੋੜ ਲਿਆ ਸੀ।
ਤੇ ਗੁਲਜ਼ਾਰ ਨੇ ਆਪਣੇ ਆਪ ਨੂੰ—
ਮੈਂ ਇਸਨੂੰ ਆਪਣੀ ਤੇ ਸੇਖੋਂ ਦੀ ਪੀੜ੍ਹੀ ਵਿਚਕਾਰ,
'ਸੋਨੇ ਦੀ ਇੱਟ' ਵਰਗਾ ਸ਼ੁੱਧ 'ਸੰਬੰਧ'
ਤੇ ਇਕ ਪੱਕਾ ਪੁਲ ਸਮਝਦਾ ਹਾਂ।'

ਤਾਰਾ ਸਿੰਘ ਇਕ ਵਾਰੀ ਫੇਰ ਮੁਸਕਰਾਇਆ,
ਜਿਵੇਂ ਕਹਿ ਰਿਹਾ ਹੋਵੇ,
'ਜੇ ਇਹ ਪੁਲ ਹੈ, ਤਾਂ ਕੇਵਲ ਦਾਰੂ ਦਾ ਪੁਲ ਹੈ।'
ਫਿਰ ਮੈਨੂੰ ਅਹਿਸਾਸ ਹੋਇਆ, ਜਿਵੇਂ 'ਹੁਸਨ ਦੇ ਹਾਣੀ'
ਕਦੇ ਪੀੜ੍ਹੀਆਂ ਵਿਚ ਵੰਡੇ ਨਹੀਂ ਜਾਂਦੇ !

(1976)

## ਸ. ਸ. ਮੀਸ਼ਾ

ਰਚਨਾ ਵਿਚ ਉਹ ਜਿੰਨਾ ਉਦਾਸੀਨ
ਤੇ ਸਿਆਣਪੀ ਪ੍ਰਤੀਤ ਹੁੰਦਾ ਹੈ,
ਨਿੱਜੀ ਤੌਰ 'ਤੇ ਉੱਨਾ ਹੀ ਹੱਸਮੁੱਖ,
ਤੇ ਬੇਪਰਵਾਹ ਹੈ !

---

* 'ਮੱਧ-ਸ਼੍ਰੇਣੀ', 'ਹੁਸਨ ਦੇ ਹਾਣੀ' ਤੇ 'ਸੋਨੇ ਦੀ ਇੱਟ' ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਸ਼ੀਰਸ਼ਕ ਹਨ।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਸਾਡੀ ਪੀੜ੍ਹੀ ਦਾ ਸ਼ਾਇਦ ਉਹ ਸਭ ਤੋਂ ਘਟ, ਲਿਖਣ ਵਾਲਾ,
ਪਰ ਸਭ ਤੋਂ ਵਧ, ਹਰਮਨ ਪਿਆਰਾ
ਤੇ ਸਰਬ-ਪ੍ਰਵਾਣਤ ਕਵੀ ਹੈ!
ਝੁੰਜਲਾਹਟ ਵਿਚ ਸਾਡੇ ਵਿੱਚੋਂ ਕੁਝ,
ਉਸਦੀ ਕੁਰਸੀ ਵਲਾਂ, ਉਂਗਲਾਂ ਕਰਦੇ ਹਨ
ਤੇ ਕੁਝ,
ਉਸਦੀ ਮੁਸਕਣੀ ਤੇ ਉਸਦੇ ਵਤੀਰੇ ਵਿਚ,
ਵੇਸਵਾਈ ਵੇਖਦੇ ਹਨ,
ਪਰ ਉਸਦੀ *'ਚਪਲ-ਚੇਤਨਾ'
ਇਸ ਸਭ ਕੁਝ ਨੂੰ ਪਿੱਛੇ ਛੱਡ ਜਾਂਦੀ ਹੈ।

'ਵਾਦ-ਵਿਵਾਦ' ਵਾਲੇ ਪ੍ਰੀਤਮ ਸਿੰਘ ਅਨੁਸਾਰ
ਕਦੇ ਉਸ ਉੱਤੇ ਰੂਸ ਦਾ ਰੰਗ ਹਾਵੀ ਸੀ,
ਤੇ ਇਸ ਰੰਗ ਨੂੰ ਉਸ ਨੇ,
ਜਿਸ ਬੇਦਰਦੀ ਨਾਲ, 'ਸੀਤ-ਲਹਿਰ' ਵੱਸ ਪੈ,
'ਅੰਨ੍ਹੇ ਖੂਹ' ਵਿਚ ਸੁੱਟਿਆ
ਉਸੇ ਇਰਾਦੇ ਨਾਲ
ਉਹ ਰਚਨਾ ਦੀ 'ਆਵਾਰਾਗਰਦੀ' ਵਿਚ,
ਕਦੇ 'ਚੁਰਸਤੇ' ਵਿਚ ਭਟਕਿਆ
ਤੇ ਕਦੇ 'ਪ੍ਰਿਜ਼ਮ' ਵਾਂਗ ਰੰਗਾਂ ਦੀ ਰਚਨਾ ਰਚਾ,
ਮਨੁੱਖਾ ਹੋਂਦ ਦੀ ਰੰਗਹੀਣਤਾ ਤੇ ਊਲਜਲੂਲੀਅਤ ਦੇ ਅਹਿਸਾਸ ਨੂੰ,
ਪੁਰਜ਼ਾ ਪੁਰਜ਼ਾ ਤੋੜਨ ਤਕ ਪਹੁੰਚਿਆ !

ਤੇ ਫਿਰ ਜਦੋਂ ਜਲੰਧਰ ਵਿਚ ਕੈਬਰੇ-ਨ੍ਰਿਤ ਸ਼ੁਰੂ ਹੋਏ,
ਤਾਂ 1969 ਵਿਚ ਉਸ ਨੇ ਮੈਨੂੰ,
ਕੈਬਰੇ ਨ੍ਰਤਕੀ ਉੱਤੇ ਲਿਖੀ, ਆਪਣੀ ਇਕ
ਅਲਟਰਾ-ਮਾਡਰਨ ਕਵਿਤਾ ਸੁਣਾਈ !

ਤੁਸੀਂ ਇਹ ਕਵਿਤਾ ਪੜ੍ਹ ਕੇ ਪੁੱਛ ਸਕਦੇ ਹੋ,
ਕਿ ਮੀਸ਼ਾ, ਇਹ ਕੀ ?


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਪਰ ਉਹ ਬੜੀ ਆਸਾਨੀ ਨਾਲ ਕਹਿ ਸਕਦਾ ਹੈ,
ਕਿ ਮੈਂ 'ਚੁਰਸਤੇ'[1] ਤੋਂ 'ਦਸਤਕ'[2] ਤਕ ਦਾ ਸਫ਼ਰ ਤੈਅ ਕੀਤਾ ਹੈ;
ਦਰਵਾਜ਼ਾ ਖੁੱਲ੍ਹਣ 'ਤੇ ਪਰਦਾ ਉੱਠਣ ਉਪਰੰਤ,
ਰੰਗ-ਮੰਚ ਉੱਤੇ, ਇਸ ਸਮੇਂ,
ਤੁਸੀਂ ਹੋਰ ਕੀ ਵੇਖਣਾ ਚਾਹੁੰਦੇ ਹੋ ?

(1976)

## ਕੁਲਬੀਰ ਸਿੰਘ ਕਾਂਗ

ਨਿੰਦਾ ਤੇ ਅਗਨੀ,
ਉਸਤਤ ਤੇ ਹਾਸਾ,
ਮੈਂ ਉਸ ਦੇ ਘਰ ਜਵਾਲਾ-ਮੁਖੀ ਫੁੱਟਦੇ—
ਤੇ ਫੁੱਲ ਖਿੜਦੇ ਵੇਖੇ ਹਨ, ਕੋਲ ਕੋਲ !

ਕਦੇ ਉਸ ਨੂੰ ਮਿੱਤਰਾਂ 'ਤੇ ਗਿਲਾ ਕਰਨ ਦੀ ਆਦਤ ਸੀ
ਤੇ ਦੁਸ਼ਮਣਾਂ ਦੇ ਸਿੰਘਾਰ ਦੀ ਚਿੰਤਾ !

ਆਲੋਚਕ ਬਣ, ਉਸ ਜੱਗ ਜਿੱਤਣ ਚਾਹਿਆ
ਤੇ ਲੇਖਕ ਬਣ, ਆਪਣਾ ਆਪ !
ਇਹ ਦਵੰਦ ਕਿਉਂ ?

ਜੇ ਇਹ ਸਮਝ ਪੈ ਜਾਂਦੀ,
ਤਾਂ ਅੱਜ ਦੇ ਯੁੱਗ ਦਾ ਮਨੁੱਖ,
ਆਤਮ ਹੱਤਿਆ ਕਰ ਲੈਂਦਾ !

---

1. 'ਚੁਰਸਤਾ' ਤੇ 'ਦਸਤਕ' ਉਸ ਦੇ ਚਰਚਤ ਕਾਵਿ-ਸੰਗ੍ਰਹਿ ਹਨ। 2. 'ਚਪਲ ਚੇਤਨਾ', 'ਸੀਤ ਲਹਿਰ', 'ਅੰਨ੍ਹਾਂ ਖ਼ੂਹ', 'ਆਵਾਰਾਗਰਦੀ', 'ਚੁਰਸਤਾ', 'ਪ੍ਰਿਜ਼ਮ', ਸ.ਸ. ਮੀਸ਼ਾ ਦੀਆਂ ਚਰਚਤ ਕਵਿਤਾਵਾਂ ਹਨ।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਸਰਲ ਜ਼ਿੰਦਗੀ,
ਜੇ ਆਪੇ ਨੂੰ ਗੁੰਝਲਾਂ ਨਾ ਪਾਉਂਦੀ,
ਤਾਂ ਬੁੱਧੀ ਕਿੱਥੇ ਹੁੰਦੀ ?
ਕਿੱਥੇ ਹੁੰਦਾ ਚਿੰਤਨ ?
ਕਿੱਥੇ ਹੁੰਦਾ ਗਿਆਨ ?

*'ਹਰ ਬੰਦਰ ਜੇ ਆਦਮੀ ; ਬਣਨ, ਦੇ ਸਮਰੱਥ ਹੁੰਦਾ,
ਜੰਗਲ ਵਿਚ ਕੋਈ ਰੁੱਖ ਨਾ ਹੁੰਦਾ ?'

ਅੱਜ ਕੱਲ੍ਹ ਜਦ ਇਹੋ ਜਿਹੇ ਪ੍ਰਸ਼ਨ,
ਉਹ ਆਪਣੇ ਆਪ ਨੂੰ ਪੁੱਛਦਾ ਹੈ,
ਤਾਂ ਮੈਂ ਸੋਚਦਾ ਹਾਂ :
ਉਸ ਕੋਲ ਜਦੋਂ ਨਦੀ ਸੀ,
ਉਸਨੂੰ, ਉਦੋਂ ਪਿਆਸ ਕਿਉਂ ਨਾ ਲੱਗੀ ?

ਤੇ ਅੱਜ ਜਦੋਂ ਉਸਨੂੰ ਪਿਆਸ ਲੱਗੀ ਹੈ,
ਤਾਂ ਨਦੀਆਂ
ਆਪਣੇ ਰੁਖ ਕਿਉਂ ਮੋੜ ਲਏ ਹਨ ?

(1976)

## **ਬਰਿੱਜ ਕੌਸ਼ਿਕ (ਚਿਤਰਕਾਰ)

ਸਵੇਰੇ ਜਦੋਂ ਉਹ ਉੱਠਦਾ ਹੈ,
ਤਾਂ ਥੱਕਿਆ ਹੋਇਆ ਹੁੰਦਾ ਹੈ !

---

* "ਹਰ ਬੰਦਰ ਜੇ ਆਦਮੀ ਬਣਨ ਦੇ ਸਮਰੱਥ ਹੁੰਦਾ, ਜੰਗਲ ਵਿਚ ਕੋਈ ਰੁੱਖ ਨਾ ਹੁੰਦਾ।" ਰਵਿੰਦਰ ਰਵੀ ਦੇ ਕਾਵਿ-ਨਾਟਕ "ਬੀਮਾਰ ਸਦੀ" ਵਿਚੋਂ ਇਕ ਟੂਕ।

** ਬਰਿੱਜ ਕੌਸ਼ਕ : ਕੀਨੀਆਂ ਵਿਚ ਆਇਆ, ਹਰਿਆਣਵੀ ਆਧੁਨਿਕ ਚਿਤਰਕਾਰ ਸੀ। ਬਾਅਦ ਵਿਚ ਇੰਗਲੈਂਡ ਚਲੇ ਗਿਆ ਤੇ ਕਾਲਵਸ ਹੋ ਗਿਆ। ਉਸ ਨੇ ਮੇਰੇ ਕਾਵਿ-ਨਾਟਕ "ਬੀਮਾਰ ਸਦੀ" ਦਾ ਕਵਰ ਅਤੇ ਅੰਦਰਲੇ ਚਿਤਰ (Illustrations) ਬਣਾਏ। ਮੇਰਾ ਕਹਾਣੀ-ਸੰਗ੍ਰਹਿ "ਮੈਲੀ ਪੁਸਤਕ" ਵੀ ਉਸ ਨੇ ਹੀ ਡੀਜ਼ਾਈਨ ਕੀਤਾ ਸੀ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਰਾਤ ਜਦੋਂ ਉਹ ਰੰਗਾਂ ਵੱਲ ਵਿੰਹਦਾ ਹੈ,
ਤਾਂ ਉਸ ਵਿਚ, ਤਾਜ਼ਾ ਦਮ ਘੋੜੇ ਦੀ ਮੜਕ ਹੁੰਦੀ ਹੈ !
ਹਰ ਦਿਨ ਅੰਗਾਂ ਵਿਚ ਆਲਸ ਜਿਊਂਦਾ,
ਹਰ ਰਾਤ,
ਉਹ ਰੰਗਾਂ ਵਿਚ ਖੋ ਜਾਂਦਾ ਹੈ !

ਉਹਦੇ ਹੱਥ ਰੰਗਾਂ ਨਾਲ, ਲੱਥ ਪੱਥ ਹੋ ਜਾਂਦੇ ਹਨ
ਚਿਹਰੇ ਤੇ ਤਿਲਕ
ਤੇ ਪਹਿਰਾਵੇ 'ਤੇ ਅਮੂਰਤ ਚਿਤਰ,
ਆਪਣੇ ਆਪ ਉੱਘੜੀ ਆਉਂਦੇ ਹਨ !

ਇਸ ਸਭ ਕੁਝ ਤੋਂ ਬੇਖਬਰ,
ਉਹ ਫ਼ਰਸ਼ ਤੇ ਬਿਖਰੇ ਰੰਗਾਂ ਦੀ ਅਧੂਰੀ ਤਸਵੀਰ ਵਲਾਂ ਵਿੰਹਦਾ,
ਕੈਨਵਸ ਉੱਤੇ ਆਪਣੇ ਸੱਚ ਨੂੰ,
ਰੰਗਾਂ ਦੀ ਭਾਸ਼ਾ ਦੇਣਾ ਲੋਚਦਾ ਹੈ ;
ਤਾਂ ਉਸ ਦੀ ਤੂਲਿਕਾ,
ਕਈ ਕਿਸਮ ਦੇ ਪ੍ਰਭਾਵ ਉਤਪੰਨ ਕਰਦੀ ਹੈ :
'ਸਥਾਪਤੀ ਤੋਂ ਪਹਿਲਾਂ ਸਮਾਪਤੀ'
'ਕ੍ਰੋਧ', 'ਅਭਿਲਾਸ਼ਾ', 'ਭਰਮ-ਖੰਡਨ', 'ਪਿਆਸ',
'ਵਿਸ਼ਾਦ', 'ਥਕਾਵਟ', ਹਾਂ ਥਕਾਵਟ,
ਉਸਦੀ ਦੇਹ, ਉਸਦੀ ਹੋਂਦ,
ਇਕ ਬੋਝਲ ਗਠੜੀ ਵਾਂਗ ਡਿਗ ਪੈਂਦੀ ਹੈ
ਤੇ ਇਸ ਗਠੜੀ ਵਿੱਚੋਂ ਕੇਵਲ ਦੋ ਅੱਖਾਂ ਜਨਮ ਲੈਂਦੀਆਂ ਹਨ,
ਲਟ ਲਟ ਬਲਦੀਆਂ ਅੱਖਾਂ,
ਇਹ ਅੱਖਾਂ ਜਦੋਂ ਬਾਹਰ ਵੱਲ ਵੇਖਦੀਆਂ ਹਨ,
ਤਾਂ ਜ਼ੱਰੇ ਵਿਚ ਸ੍ਰਿਸ਼ਟੀ ਬਣ ਜਾਂਦੀਆਂ ਹਨ
ਤੇ ਜਦੋਂ ਅੰਦਰ ਵਲਾਂ ਖੁੱਲ੍ਹਦੀਆਂ ਹਨ
ਤਾਂ ਅਮੂਰਤ ਚਿਤਰਾਂ ਦੀ ਇਕ ਅਜਿਹੀ ਚਿਤਰਸ਼ਾਲਾ
ਸਾਕਾਰ ਹੋ ਜਾਂਦੀ ਹੈ, ਜਿਸ ਦੇ ਵਿਚਕਾਰ ਕਰਕੇ,
ਇਕ ਇਸਤਰੀ ਦਾ 'ਨਿਊਡ' ਕਦੇ ਸਿੱਧਾ, ਕਦੇ ਪੁੱਠਾ ਹੋ ਕੇ ਲਟਕਦਾ,
ਤੇ ਉਸਨੂੰ ਅਗਲੇ ਦਿਨ ਤਕ, ਘੂਕ ਸੁਲਾ ਦਿੰਦਾ ਹੈ !

(1976)


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# [1] ਤਰਸੇਮ ਪੁਰੇਵਾਲ (ਪੱਤਰਕਾਰ)

1968 ਵਿਚ ਜਦੋਂ ਮੈਂ ਪਹਿਲੀ ਵਾਰ,
ਉਸ ਨੂੰ ਇੰਗਲੈਂਡ ਜਾ ਕੇ ਮਿਲਿਆ,
ਤਾਂ ਮੈਨੂੰ ਕੁਝ ਇੰਞ ਮਹਿਸੂਸ ਹੋਇਆ,
ਕਿ ਉਸਨੂੰ ਮਿਲਣ ਤੋਂ ਬਿਨਾ,
ਹਰ ਇਕ ਸਾਹਿਤਕਾਰ ਤੇ ਕਲਾਕਾਰ ਦੀ
ਬਰਤਾਨੀਆਂ-ਯਾਤਰਾ ਅਧੂਰੀ ਹੈ !

ਸੁਬਹ ਸਵੇਰੇ ਜਿਵੇਂ ਜਿਵੇਂ, ਉਸ ਦੀ ਚਿੱਟੀ ਬੇਦਾਗ਼ ਪੱਗ ਦੇ,
ਵਲ 'ਤੇ ਵਲ ਚੜ੍ਹਦੇ, ਉਸਦਾ ਸਿਰ ਢਕਦੇ ਜਾਂਦੇ ਹਨ ;
ਹਰ ਸ਼ਾਮ ਉਸੇ ਤਰ੍ਹਾਂ, ਯਾਰਾਂ ਦੀ ਢਾਣੀ ਵਿਚ,
ਕਿਸੇ ਪੱਬ ਵਿਚ, ਖੁੱਲ੍ਹ-ਦਿਲੀ ਨਾਲ, ਉਸਦਾ ਖੀਸਾ ਹੀ ਨਹੀਂ,
ਸਗੋਂ ਉਸਦੇ ਅੰਦਰ ਦੇ ਵਲ ਵੀ ਖੁੱਲ੍ਹਦੇ ਜਾਂਦੇ ਹਨ !
ਕਿਸੇ ਕੁਆਰੇ ਤੇ ਕੱਚੇ ਇਸ਼ਕ ਦੀ ਪਰਛਾਈਂ,
ਧੂੰਏਂ ਦੀ ਹਲਕੀ ਲਕੀਰ ਵਾਂਗ,
ਉਸਦੀਆਂ ਅੱਖਾਂ 'ਚ ਘੁੰਮਦੀ, ਮੈਂ ਆਪ ਵੇਖੀ ਹੈ !
ਤੇ ਫਿਰ ਉਸਦੀ ਕਾਰ 'ਚ ਇਕੱਠੇ ਹੀ, ਅਸੀਂ 'ਪੈਰਸ' ਗਏ !

ਵਾਪਸੀ 'ਤੇ ਮੈਂ ਨਵੀਂ ਕਵਿਤਾ
ਲਿਖਣੀ ਸ਼ੁਰੂ ਕੀਤੀ ਤੇ ਉਸ ਨੇ ਸੁਣਨੀ :
'ਤੁਸੀਂ ਜਿਸ ਕ੍ਰਿਸ਼ਨ ਦੀ ਗੱਲ ਕਰਦੇ ਹੋ,
ਉਸ 'ਚੋਂ ਰਾਮ ਮਨਫ਼ੀ ਕਰ ਦਿਓ,
ਬਾਕੀ ਮੈਂ ਰਹਿ ਜਾਵਾਂਗਾ।'

ਤਾਂ ਉਹ ਕਹਿਣ ਲੱਗਾ, 'ਤੂੰ ਹੀ ਨਹੀਂ, ਮੈਂ ਵੀ,
ਤੇ ਬਾਕੀ, ਇਸ ਯੁੱਗ ਦਾ ਹਰ ਇਕ ਇਨਸਾਨ ਰਹਿ ਜਾਵੇਗਾ !

---

1. ਤਰਸੇਮ ਪੁਰੇਵਾਲ : ਇੰਗਲੈਂਡ ਦੇ ਪੰਜਾਬੀ ਸਪਤਾਹਕ ਪਰਚੇ 'ਦੇਸ ਪ੍ਰਦੇਸ' ਦਾ ਸੰਪਾਦਕ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਉਸਦੀ ਤਿੱਖੀ, ਬਾਜ਼ ਦੀ ਚੁੰਜ ਵਰਗੀ ਬੁੱਧੀ 'ਤੇ ਦੰਗ ਸਾਂ,
ਕਿ ਕਿਵੇਂ ਉਹਨੇ, ਅੱਖ-ਝਮੱਕੇ ਵਿਚ
ਕਵੀ ਦੀ 'ਮੈਂ' ਨੂੰ ਅੱਜ ਦੇ ਮਨੁੱਖ ਦੀ 'ਮੈਂ' ਵਿਚ ਪਕੜ ਲੀਤਾ ਹੈ !
'ਦੇਸ ਪ੍ਰਦੇਸ' ਵਿਚ, ਪੈਰਸ ਦੀ ਯਾਤਰਾ ਸੰਬੰਧੀ,
ਆਪਣਾ ਲੇਖ ਲਿਖ ਕੇ,
ਉਸ ਨੇ ਆਪਣੀ ਹਾਰ ਨੂੰ ਛੁਪਾਇਆ ਸੀ,
ਤੇ ਮੈਂ ਆਪਣੀ ਜਿੱਤ ਨੂੰ
'ਪੈਰਸ ਦੀ ਕੁੜੀ' ਕਹਾਣੀ ਲਿਖ ਕੇ,
ਪਰ ਫਿਰ ਵੀ ਸਾਡਾ ਸੱਚ, ਇਕ ਦੂਜੇ ਵਿਚ ਨੰਗਾ ਸੀ !

ਮੈਨੂੰ ਮਿਲਣ ਤੋਂ ਪਹਿਲਾਂ
ਉਹ ਮੇਰੀ ਕਵਿਤਾ ਦੇ ਇਕ ਸ਼ੀਰਸ਼ਕ ਨਾਲ,
ਤੁਲਨਾ ਕਰਕੇ, ਮੈਨੂੰ 'ਭੂ-ਕੰਪ' ਕਿਹਾ ਕਰਦਾ ਸੀ,
ਤੇ ਇਸ ਯਾਤਰਾ ਤੋਂ ਬਾਅਦ, ਮੇਰੀ ਖੁੱਲ੍ਹੀ ਦਾੜ੍ਹੀ ਦੀ ਤੁਲਨਾ,
ਉਹ ਬਿਆਸਾ ਦੇ ਸਤਿਗੁਰਾਂ ਦੀ ਦਾੜ੍ਹੀ ਨਾਲ ਕਰਨ ਲੱਗ ਪਿਆ।

1971 ਵਿਚ, ਅਸੀਂ ਫਿਰ, ਉਸ ਦੇ ਘਰ ਮਿਲੇ,
ਅੱਗੇ ਵਾਂਗ ਹੀ ਉਚੇਚੇ ਤੌਰ 'ਤੇ ਉਸਨੇ ਮੇਰੇ ਲਈ ਆਪਣੇ ਘਰ,
ਇੰਗਲੈਂਡ ਦੇ ਕੁਝ ਪੰਜਾਬੀ ਲੇਖਕਾਂ ਦਾ ਇਕੱਠ ਕੀਤਾ
ਤੇ ਜਦੋਂ ਮੇਲਾ ਛਿੜ ਗਿਆ, ਤਾਂ ਮੈਨੂੰ ਕਹਿਣ ਲੱਗਾ :
'ਰਵੀ, ਕਿਤੇ ਕੱਲੇ ਮਿਲੀਏ ਜੀਤੀ[1] ਦੇ ਘਰ,
ਜਿੱਥੇ ਰੌਲਾ ਘੱਟ ਦੇ ਕਲਾ ਵੱਧ ਹੋਵੇ !'
ਫਿਰ ਮੈਂ ਤੇ ਜੀਤੀ ਵਾਰੀ ਵਾਰੀ,
ਕਦੀ ਕਵਿਤਾ ਤੇ ਕਦੀ ਕਹਾਣੀ ਪੜ੍ਹਦੇ ਰਹੇ,
ਤੇ ਮੰਤਰ-ਮੁਗਧ, ਉਹ, ਧਿਆਨ ਧਰ ਸੁਣਦਾ ਰਿਹਾ !
ਰਾਤ ਜਦੋਂ ਦਿਨ ਦੇ ਚੜ੍ਹਾ ਵਿਚ ਡੁੱਬਣ ਲੱਗੀ,
ਤਾਂ ਉਹ ਕਹਿਣ ਲੱਗਾ, 'ਇਹ ਮੇਰੀ ਰੂਹਾਨੀ ਖੁਰਾਕ ਹੈ,
ਜੋ ਤੁਹਾਡੇ ਕੋਲੋਂ ਮਿਲਦੀ ਹੈ, ਬਾਕੀ ਸਭ ਧੰਦਾ ਹੈ।'

---

1. ਜੀਤੀ : ਇੰਗਲੈਂਡ ਨਿਵਾਸੀ ਪੰਜਾਬੀ ਕਹਾਣੀਕਾਰ ਸੁਰਜੀਤ ਸਿੰਘ ਵਿਰਦੀ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਇਹ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ 'ਦੇਸ ਪ੍ਰਦੇਸ'
ਭਾਵੇਂ ਉਹ ਰੁਜ਼ਗਾਰ ਲਈ ਕੱਢਦਾ ਹੈ,
ਭਾਵੇਂ ਸਾਧਾਰਨ ਪਾਠਕਾਂ ਤੇ ਭਾਵੇਂ ਰਾਜਨੀਤੀ ਲਈ,
ਉਸਦਾ ਮਨ, ਇਕ ਐਸੇ ਸ਼ੀਸ਼ੇ ਵਾਂਗ ਹੈ,
ਜਿਸ ਉੱਤੇ ਜਦੋਂ ਵੀ ਕਲਾ ਦੀ ਸੁੱਚੀ ਕਿਰਨ ਪੈਂਦੀ ਹੈ,
ਤਾਂ ਉਹ ਛਿਣ ਦੀ ਛਿਣ,
ਉਸ ਕਿਰਨ ਨੂੰ ਸੱਤਾਂ ਰੰਗਾਂ ਵਿਚ ਤੋੜ ਕੇ,
ਇਨ੍ਹਾਂ ਰੰਗਾਂ ਦੇ ਸੁਹਜ ਵਿਚ ਲਿਪਟਿਆ
ਆਪਣੇ ਅੰਦਰ ਦੀਆਂ ਗਹਿਰਾਈਆਂ ਵਿਚ ਖੋ ਜਾਂਦਾ ਹੈ !
ਅੰਦਰ ਦੀਆਂ ਗਹਿਰਾਈਆਂ,
ਜਿੱਥੇ ਧੂੰਏਂ ਦੀ ਇਕ ਹਲਕੀ ਲਕੀਰ,
ਉਸ ਦੀ ਸਗਲੀ ਸਮੁੱਚੀ ਹੋਂਦ ਨੂੰ ਵਲੀ ਬੈਠੀ ਹੈ !

(1976)

## ਰਵਿੰਦਰ ਰਵੀ : ਖਾਲੀ ਪਿਆਲਾ

*(ਸਥਿਤੀ-ਮੂਲਕ ਸਵੈ-ਚਿਤਰ)*

ਰਾਤ ਭਰ ਬੈਠੇ ਰਹੇ,
ਮਿੱਤਰ-ਕੁੜੀਆਂ, ਮਿੱਤਰ-ਮੁੰਡੇ,
ਹੱਥੋ ਹੱਥੀਂ ਜਾਮ ਤੁਰੇ !

ਜਿਤਨੀ ਵਿਸਕੀ,
ਜਿਤਨੀ ਵਿਹੁ ਸੀ, ਮੇਰੇ ਹਿੱਸੇ,
ਅੱਖ-ਫੋਰੇ ਵਿਚ ਡੀਕ ਗਿਆ !

ਮੈਂ ਕੱਲਾ, ਮੈਂ ਸੱਖਣਾ,
ਖਾਲੀ ਪਿਆਲਾ,
ਨੁੱਕਰ ਦੇ ਵਿਚ ਪਿਆ ਰਿਹਾ !


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਫਿਰ ਗੱਲਾਂ ਤੁਰੀਆਂ,
ਕੁੜੀਆਂ ਵਰਗੀਆਂ ਗੱਲਾਂ,
ਜ਼ੁਲਫਾਂ ਵਰਗੀਆਂ ਛੱਲਾਂ !
ਸਹਿਜ-ਗਤੀ 'ਤੇ ਇਕ ਦੂਜੇ ਵਿਚ
ਉਲਝੀਆਂ ਨਜ਼ਰਾਂ !

ਮੈਂ *ਵਿਸਰਾਮ ਜਿਹਾ ਸਾਂ,
ਹੂੰ, ਹਾਂ ਕਰਦਾ—
ਵਕਫੇ, ਪ੍ਰਸ਼ਨ,
ਵਿਸਮਿਕ-ਚਿੰਨ੍ਹ ਭਰਦਾ !

ਸਭ ਦੀਆਂ ਨਜ਼ਰਾਂ,
ਕਦੇ, ਕਦੇ, ਮੇਰੇ 'ਤੇ ਪਈਆਂ :
ਸਰਚ-ਲਾਈਟ ਤੇ ਘੁੱਪ ਅਨ੍ਹੇਰਾ—
ਚੋਰ ਜਿਹਾ ਮਨ,
ਸਹਿਮ ਜਿਹੇ ਵਿਚ,
ਆਪਣੇ ਅੰਦਰ ਦੁਬਕ ਗਿਆ !

ਮਿੱਤਰ ਸਮਝੇ,
ਹੁਣ ਇਸਦਾ ਦਿਲ ਬਹਿਲ ਗਿਆ ...
... ... ...
... ਤੇ ਫਿਰ ...
ਸਿਗਰਟ ਦਾ ਧੂੰਆਂ, ਆਪਮੁਹਾਰਾ
ਛੱਲਿਆਂ ਦੇ ਵਿਚ ਖੁੱਲ੍ਹ ਪਿਆ !

ਮੌਨ ਜਿਹਾ ਇਕ,
ਜੀਭ ਮੇਰੀ 'ਤੇ ਡੁੱਲ ਗਿਆ ;
ਅਣ-ਸੁਲਗੇ ਸਿਗਰਟ ਦੀ ਨਿਆਈਂ,
ਗੁੰਮ ਸੁੰਮ ਠੰਡਾ,
ਬੁੱਲ੍ਹਾਂ 'ਤੇ ਮੈਂ ਪਿਆ ਰਿਹਾ !

---

* ਵਿਸਰਾਮ : ਵਿਸਰਾਮ-ਚਿੰਨ੍ਹ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਕੰਨਾਂ 'ਤੇ ਬੋਲਾਂ ਦੀ ਦਸਤਕ,
ਨਜ਼ਰਾਂ ਨੂੰ ਨਜ਼ਰਾਂ ਦਾ ਨਿਉਂਦਾ,
ਅੰਗਾਂ ਨੂੰ ਅੰਗਾਂ ਦੀ ਲੋਚਾ,
ਵੱਖੀ ਚੂੰਢੀ, ਬਗਲੀਂ ਹਾਸਾ—

"ਜੋ ਕੱਲਾ,
ਉਹ ਕੱਲਾ ਨੱਚੇ,
ਪਰ ਨਾ ਦੱਸੇ—

ਜੋ ਪਿਆਸਾ,
ਉਹ ਪਿਆਸ ਨੂੰ ਤੱਕੇ-"

ਮਹਿਫਲ ਦਾ ਦਸਤੂਰ ਹੀ ਸੀ ਕੁਝ ਇੰਜ ਬਣਿਆ !!!

ਓਸ ਕੁੜੀ ਦੀ ਗੱਲ ਜਦ ਚੱਲੀ,
ਮੈਂ ਖੁਰਿਆ ਤੇ ਮੈਂ ਕੁਝ ਭੁਰਿਆ।

ਜਸ਼ਨ ਅਤੇ ਇਹ,
ਯਾਰਾਂ ਦੀ ਹਮਦਰਦੀ,
ਮੈਨੂੰ ਮਿਹਣਾਂ ਜਾਪੇ !

ਮਨੋਰੰਜਨ ਦੀ ਏਸ ਸਿਖਰ 'ਤੇ,
ਅੱਜ ਮੈਂ ਘੁੱਟ ਜ਼ਹਿਰ ਦਾ ਭਰਿਆ !

ਮਿੱਤਰਾਂ ਵਿਚ ਸਰੂਰ ਆਖਿਆ,
ਸ਼ੁਕਰ ਕਿ ਇਸ ਨੂੰ ਕੁਝ ਤਾਂ ਚੜ੍ਹਿਆ !!!

ਮੈਂ ਕੱਲਾ, ਮੈਂ ਸੱਖਣਾ,
ਖਾਲੀ ਪਿਆਲਾ,
ਨੁੱਕਰ ਦੇ ਵਿਚ ਪਿਆ ਰਿਹਾ !

(1978)



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com




| | | |
|---|---|---|
| ਲਿਖਣ-ਸਾਲ | : | 2010-2013 |
| ਛਪਣ-ਸਾਲ | : | 2013 |



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਨਵੀਂ ਸਦੀ ਦੀ ਨਵੀਂ ਨਸਲ : ਆਰੰਭਕ ਸ਼ਬਦ



"ਨਵੀਂ ਸਦੀ ਦੀ ਨਵੀਂ ਨਸਲ" 2013 ਵਿਚ, ਪਹਿਲੀ ਵਾਰ ਪ੍ਰਕਾਸ਼ਤ ਹੋ ਰਿਹਾ, ਮੇਰਾ ਉਨ੍ਹੀਂਵਾਂ ਤੇ ਨਵਾਂ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਮੇਰੀਆਂ ਜਨਵਰੀ, 2010 ਤੋਂ ਜਨਵਰੀ, 2013 ਤਕ ਲਿਖੀਆਂ, ਕਵਿਤਾਵਾਂ ਸ਼ਾਮਲ ਹਨ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਨਵੀਂ ਸਦੀ ਦੀ, ਇਸ ਨਵੀਂ ਨਸਲ ਦੇ, ਬਦਲੇ ਹੋਏ ਮੁੱਲਾਂ ਨੂੰ, ਉਨ੍ਹਾਂ ਦੇ ਬਦਲੇ ਹੋਏ ਸੰਦਰਭਾਂ ਵਿਚ, ਸਮਝਣ ਤੇ ਸਿਰਜਣ ਦਾ ਹੀ ਇਕ ਚੇਤੰਨ ਤੇ ਕਲਾਤਮਕ ਉਪਰਾਲਾ ਹਨ।

ਹਿੰਸਾ, ਨਸ਼ੀਲੇ ਪਦਾਰਥ, ਕਤਲ, ਬਲਾਤਕਾਰ, ਜੁਰਮ, ਤਸਕਰੀ, ਦੇਹ-ਵਿਓਪਾਰ, ਭ੍ਰਿਸ਼ਟਾਚਾਰ, ਗੰਧਲੀ ਰਾਜਨੀਤੀ, ਦਹਿਸ਼ਤ, ਬਹੁ-ਰਾਸ਼ਟਰੀ ਕੰਪਨੀਆਂ, ਵਿਸ਼ਵੀਕਰਨ ਅਤੇ ਅਨਿਸ਼ਚਤ ਭਵਿੱਖ ਨਾਲ ਜੂਝਦੀ ਹੋਈ ਨਵੀਂ ਨਸਲ, ਕਈ ਉਲਾਰ ਰੁਚੀਆਂ, ਮਨੋਗੁੰਝਲਾਂ ਤੇ ਉਲਝਣਾਂ ਦਾ ਸ਼ਿਕਾਰ ਹੋ ਰਹੀ ਹੈ।

ਟੱਬਰ ਦੀ ਪ੍ਰਚੱਲਤ ਪ੍ਰਥਾ ਤੋਂ ਉਪਰਾਮ ਤੇ ਬੇਮੁੱਖ ਹੋ ਰਹੀ ਇਹ ਨਵੀਂ ਨਸਲ, ਮਾਨਵੀ ਰਿਸ਼ਤਿਆਂ ਨੂੰ ਪੁਨਰ-ਪਰਿਭਾਸ਼ਤ ਕਰਦੀ ਹੋਈ, ਉਨ੍ਹਾਂ ਦੇ ਨਵੇਂ ਸਮੀਕਰਨ ਪ੍ਰਸਤੁਤ ਕਰਨ ਦੇ ਆਹਰ ਵਿਚ ਹੈ।

ਜਦੋਂ ਮੈਂ ਇਸ ਸੰਗ੍ਰਹਿ ਦਾ ਨਾਮਕਰਨ ਕਰਨ ਵਾਲੀ ਮੁੱਖ ਕਵਿਤਾ : 'ਨਵੀਂ ਸਦੀ ਦੀ ਨਵੀਂ ਨਸਲ' ਦੀ ਰਚਨਾ ਕਰਨ ਬਾਰੇ ਸੋਚਿਆ ਸੀ, ਤਾਂ ਸਹਿਜ-ਸੁਭਾ ਹੀ, ਮੈਨੂੰ ਇਸ ਸਥਿਤੀ ਵਿਚ ਵਿਚਰ ਰਹੀ, ਇਸ 'ਨਵੀਂ ਨਸਲ' ਦੀ ਤਸਵੀਰਕਸ਼ੀ ਲਈ, ਸਿਨਮੇਟਿਕ ਤਕਨੀਕ ਹੀ, ਇਕ ਯੋਗ ਮਾਧਿਅਮ ਜਾਪਿਆ ਸੀ। ਇਸ ਕਾਰਜ ਦੀ



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਪੂਰਤੀ ਲਈ, ਮੈਂ ਦਰਸ਼ਨੀ ਪ੍ਰਭਾਵਾਂ (Visuals) ਨੂੰ ਇਕ ਕਾਰਗਰ ਹਥਿਆਰ ਵਜੋਂ ਵਰਤਣਾ ਚਾਹੁੰਦਾ ਸਾਂ।

ਇਹ ਕਵਿਤਾ ਜਦੋਂ 'ਪੰਜਾਬੀ ਮਾਂ' (www.punjabimaa.com) ਵੈਬ ਮੈਗਜ਼ੀਨ ਵਿਚ, ਦਸੰਬਰ, 2012 ਦੇ ਅੰਕ ਵਿਚ ਪ੍ਰਕਾਸ਼ਤ ਹੋਈ, ਤਾਂ ਨੌਜਵਾਨ ਸ਼ਾਇਰ ਦਰਸ਼ਨ ਦਰਵੇਸ਼ ਨੇ, ਇਸ ਕਵਿਤਾ ਬਾਰੇ ਆਪਣੀ ਰਾਏ, ਹੇਠ ਲਿਖੇ ਸ਼ਬਦਾਂ ਵਿਚ, ਏ ਸ ਪਰਚੇ ਵਿਚ ਪੋਸਟ ਕੀਤੀ ਅਤੇ ਉਸ ਦੀ ਇਕ ਕਾਪੀ, ਈ-ਮੇਲ ਦੁਆਰਾ, ਮੈਨੂੰ ਵੀ ਭੇਜੀ :

> "ਕਵਿਤਾ ਦੇ ਵਿਚ ਏਨੀਆਂ ਜ਼ਿਆਦਾ ਪਰਤਾਂ ਖੋਲ੍ਹੀਆ ਹਨ ਜਾਂ ਕਹਿ ਲਓ ਉਧੇੜੀਆਂ ਹਨ ਕਿ ਤੁਸੀਂ ਨਵੀਂ ਨਸਲ ਦੀ ਇਕ ਤਰ੍ਹਾਂ ਨਾਲ ਪੂਰੀ ਫਿਲਮ ਹੀ ਪੇਸ਼ ਕਰ ਦਿੱਤੀ ਹੈ, ਪੂਰੀ ਸ਼ਾਲੀਨਤਾ ਨਾਲ। ਰਵੀ ਜੀ ! ਕਿਆ ਨਜ਼ਮ ਲਿਖੀ ਹੈ ! ਦੀਵਾਨਾਂ ਹੋ ਗਿਆ ਹਾਂ ਮੈਂ ਤਾਂ। ਜੀਓ ਹਜ਼ਾਰੋਂ ਸਾਲ !"

ਦਰਸ਼ਨ ਦਰਵੇਸ਼
'ਪੰਜਾਬੀ ਮਾਂ' (www.punjabimaa.com),
8 ਦਸੰਬਰ, 2012

ਦਰਸ਼ਨ ਦਰਵੇਸ਼ ਵਰਗੇ ਸੁਲਝੇ ਹੋਏ ਤੇ ਵਿਲੱਖਣ ਕਵੀ ਵਲੋਂ, ਜਿਸ ਨੇ ਫਿਲਮਕਾਰੀ ਦੇ ਖੇਤਰ ਵਿਚ ਵੀ ਜ਼ਿਕਰਯੋਗ ਪ੍ਰਾਪਤੀ ਕੀਤੀ ਹੋਵੇ, ਅਜਿਹੇ ਪ੍ਰੇਰਨਾ-ਭਰਪੂਰ ਸ਼ਬਦਾਂ ਦੀ ਵਰਤੋਂ, ਨਿਸ਼ਚੇ ਹੀ ਮੇਰਾ ਇਹ ਵਿਸ਼ਵਾਸ ਦ੍ਰਿੜ੍ਹ ਕਰਦੀ ਹੈ ਕਿ ਨਵੇਂ ਚਿੰਤਨ ਤੇ ਨਵੀਂ ਸੰਰਚਨਾ ਵਾਲੀਆਂ ਕਲਾ-ਕਿਰਤੀਆਂ, ਆਪਣੇ ਯੋਗ ਪਾਠਕ ਤੇ ਪ੍ਰਸ਼ੰਸਕ ਲੱਭ ਹੀ ਲੈਂਦੀਆਂ ਹਨ।

ਅੱਜ ਅਸੀਂ ਬੜੀਆਂ ਹੀ ਦੀਰਘ ਤੇ ਪੇਚੀਦਾ ਸਮੱਸਿਆਵਾਂ ਦੇ ਸਨਮੁਖ ਹਾਂ। ਇਨ੍ਹਾਂ ਦਾ ਕੋਈ ਸਰਲ ਤੇ ਸਿੱਧਾ ਹੱਲ ਨਹੀਂ ਹੈ। ਬਹੁਤ ਕੁਝ ਉਲਝ ਤੇ ਗੁਆਚ ਚੁੱਕਾ ਹੈ। ਮਾਨਸਕ ਗੁੰਝਲਾਂ ਤੇ ਨਵੀਆਂ ਚੁਣੌਤੀਆਂ ਦੇ ਸਨਮੁਖ ਸਾਡੀ ਅਜੋਕੀ ਨਵੀਂ ਨਸਲ (ਪੀੜ੍ਹੀ) ਆਪਣੇ ਆਪ ਤੋਂ ਅਤੇ ਆਪਣੇ ਪਰਵਾਰ ਤੋਂ ਦੂਰ ਹੁੰਦੀ ਜਾ ਰਹੀ ਹੈ। ਅਲਗਾਵ ਤੇ ਅਜਨਬੀਪਨ ਦਾ ਮੌਸਮ ਹੈ। ਘਰ, ਕਮਰਿਆਂ ਵਿਚ ਟੁੱਟ ਗਏ ਹਨ ਅਤੇ ਵਿਅਕਤੀ ਆਪੋ-ਆਪਣੀਆਂ ਏਕਾਂਕੀ ਤੇ ਆਜ਼ਾਦ ਹਸਤੀਆਂ ਵਿਚ। ਵਿਅਕਤੀਗਤ ਆਜ਼ਾਦੀ ਨੂੰ ਰਿਸ਼ਤੇ ਵੀ ਬੋਝ ਜਾਪਦੇ ਹਨ। ਚਾਰ ਚੁਫੇਰੇ 'ਮੈਂ' ਦਾ ਸੁਰ ਹੀ ਹਾਵੀ ਹੈ।

ਕਿਧਰੇ ਚਲਦੀ ਬੱਸ ਵਿਚ ਸਮੂਹਿਕ ਬਲਾਤਕਾਰ (ਗੈਂਗ ਰੇਪ) ਹੋ ਰਹੇ ਹਨ ਅਤੇ ਕਿਧਰੇ ਛੇ, ਛੇ, ਸੱਤ ਸੱਤ ਸਾਲ ਦੇ ਮਾਸੂਮ ਬੱਚਿਆਂ ਦਾ ਕਤਲ-ਏ-ਆਮ ਕਰ ਦਿੱਤਾ ਜਾਂਦਾ ਹੈ ('ਅਮਰੀਕਾ : ਹਿੰਸਾ ਦਾ ਸੱਭਿਆਚਾਰ')।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਨੌਜਵਾਨ ਵਿਆਹ ਦੀ ਸਮਾਜਕ ਸੰਸਥਾ ਤੋਂ ਟੁੱਟ ਰਹੇ ਹਨ ਅਤੇ ਪਰਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਣ ਤੋਂ ਹਿਚਕਚਾ ਰਹੇ ਹਨ। ਕਲੱਬਾਂ, ਪੱਬਾਂ, ਰੀਜ਼ੋਰਟਸ ਅਤੇ ਨ੍ਰਿਤ- ਘਰਾਂ ਵਿਚ ਵਿਚਰਦੀ ਅੱਜ ਦੀ ਜਵਾਨੀ ਨੂੰ, ਸ਼ਾਦੀ ਤੋਂ ਬਿਨਾਂ ਹੀ, ਸਭ ਕੁਝ ਸੁਲੱਭ ਹੈ। ਔਲਾਦ ਵੀ, ਜੇ ਲੋੜ ਹੋਵੇ ਤਾਂ ਗੋਦ ਲਈ ਜਾ ਸਕਦੀ ਹੈ। ਸਪਰਮ ਤੇ ਅੰਡਾ ਬੈਂਕਾਂ ਦੀ ਸਹਾਇਤਾ ਨਾਲ ਅਤੇ ਇਨਵੀਟਰੋਫਰਟੇਲਾਈਜ਼ਸ਼ਨ ਦੁਆਰਾ ਵੀ, ਔਲਾਦ ਪੈਦਾ ਕੀਤੀ ਜਾ ਸਕਦੀ ਹੈ।

ਇਸ ਖਪਤ-ਸੱਭਿਆਚਾਰ ਨੇ ਮਾਨਵੀ ਜ਼ਿੰਦਗੀ, ਕਦਰਾਂ ਕੀਮਤਾਂ ਅਤੇ ਮਾਨਵੀ ਸੰਬੰਧਾਂ ਨੂੰ ਵੀ ਖਪਤ ਦੀਆਂ ਵਸਤਾਂ (Commodities) ਬਣਾ ਕੇ ਰੱਖ ਦਿੱਤਾ ਹੈ। ਜੜ੍ਹਾਂ ਦੀ ਪਹਿਚਾਣ ਤੇਜ਼ੀ ਨਾਲ ਗੁਆਚ ਰਹੀ ਹੈ। ਗਲੋਬਲੀਕਰਨ ਨੇ ਧਰਮ, ਸਦਾਚਾਰ, ਸਿਆਸਤ, ਅਰਥਚਾਰੇ, ਸੱਭਿਆਚਾਰ, ਵਿਓਪਾਰ, ਇਤਿਹਾਸ ਅਤੇ ਵਿਅਕਤੀਗਤ ਤੇ ਸਮਾਜਕ ਜ਼ਿੰਦਗੀ ਦਾ ਜੁਗਰਾਫੀਆ ਹੀ ਵਿਗਾੜ ਕੇ ਰੱਖ ਦਿੱਤਾ ਹੈ। ਭੂਤ, ਭਵਿਖਤ ਅਤੇ ਵਰਤਮਾਨ ਜਿਵੇਂ ਇਕ ਦੂਜੇ ਨਾਲ ਉਲਝ ਪਏ ਹਨ। ਅਰਥਾਂ ਤੇ ਸ਼ਬਦਾਂ ਦੀ ਇਸ ਜੰਗ ਵਿਚ ਜਿਵੇਂ ਅਸੀਂ ਆਪ ਅੱਖਰ, ਅੱਖਰ ਹੋ ਕੇ, ਟੁੱਟ ਰਹੇ ਹੋਈਏ। ਚਿੰਤਨ ਤੇ ਸੋਚਾਂ ਵਿਚ ਜਿਵੇਂ ਠਣ ਗਈ ਹੋਵੇ। ਏਸ ਪ੍ਰਸੰਗ ਵਿਚ ਏਥੇ, ਏਸ ਸੰਗ੍ਰਹਿ ਦੀ ਕਵਿਤਾ : 'ਰੁੱਤਾਂ ਦੀ ਸਾਜ਼ਸ਼' ਵਿਚੋਂ ਹੇਠ ਲਿਖੀਆਂ ਪੰਗਤੀਆਂ ਨੂੰ ਵਾਚਣਾਂ, ਉਚਿਤ ਹੋਵੇਗਾ :

ਨਾ ਮੀਤ ਰਹੇ, ਨਾ ਗੀਤ ਰਹੇ,
ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
ਅਰਥਾਂ 'ਚ ਬਗ਼ਾਵਤ ਹੋਈ ਹੈ।

ਇਸ ਰੁੱਤੇ ਸੂਰਜ ਨਹੀਂ ਚੜ੍ਹਦੇ।
ਇਸ ਰੁੱਤੇ ਦੀਪਕ ਨਹੀਂ ਜਗਦੇ।
ਹੁਣ ਦਿਨ ਤੇ ਰਾਤ 'ਚ ਫਰਕ ਨਹੀਂ,
ਇਹ ਜ਼ਿੰਦਗੀ ਜਿਵੇਂ ਖੜੋਈ ਹੈ।

ਚਿੰਤਨ ਵੀ ਏਥੇ ਨਹੀਂ ਮਘਦੇ।
ਸੋਚਾਂ ਦੇ ਮੇਲੇ ਨਹੀਂ ਲੱਗਦੇ।
ਪਰਬਤ ਹੈ ਖਲਾਅ ਦਾ ਸਿਰ ਉੱਤੇ,
ਪਲਕਾਂ 'ਚ ਕਲਪਨਾ ਖੋਈ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਪਿੱਛਾ ਵੀ ਤਾਂ ਅੱਗੇ ਨਹੀਂ ਆਂਦਾ।
ਅੱਗਾ ਵੀ ਅਗੇਰੇ ਨਹੀਂ ਜਾਂਦਾ।
ਇਹ ਟੱਕਰ ਹੈ ਕੋਈ ਸਮਿਆਂ ਦੀ,
ਜਿੰਦ ਟੁਕੜੇ, ਟੁਕੜੇ ਹੋਈ ਹੈ।

(ਇਸ ਸੰਗ੍ਰਹਿ ਦੀ ਕਵਿਤਾ 'ਰੁੱਤਾਂ ਦੀ ਸਾਜ਼ਸ਼' ਵਿਚੋਂ)

ਕੰਪਿਊਟਰ, ਸੈਟੇਲਾਈਟ, ਇੰਟਰਨੈਟ, ਫੇਸ ਬੁੱਕ, ਟਵਿਟਰ ਅਤੇ ਸੂਚਨਾ ਤਕਨਾਲੋਜੀ ਦੇ ਇਸ ਤੇਜ਼-ਰਫਤਾਰ ਯੁੱਗ ਵਿਚ, ਜਿੱਥੇ ਦੇਸ਼ ਤੇ ਕਾਲ ਦੇ ਫਾਸਲੇ ਬਹੁਤ ਘਟ ਗਏ ਹਨ, ਉੱਥੇ ਇਨਸਾਨ ਤੋਂ ਇਨਸਾਨ ਵਿਚਲੀ ਦੂਰੀ ਲਗਾਤਾਰ ਵੱਧ ਰਹੀ ਹੈ। ਇਕ ਘਰ ਵਿਚ ਬੈਠੇ ਹੋਏ ਹੋਣ ਦੇ ਬਾਵਜੂਦ ਵੀ, ਅਸੀਂ ਇਕ ਦੂਜੇ ਤੋਂ, ਕੋਹਾਂ ਦੂਰ ਹੋ ਗਏ ਹਾਂ। ਆਪਣੇ ਕਾਵਿ-ਨਾਟਕ "ਬੀਮਾਰ ਸਦੀ" (1974) ਵਿਚ ਇਸ ਸਥਿਤੀ ਨੂੰ ਮੈਂ ਕੁਝ ਇਸ ਤਰ੍ਹਾਂ ਬਿਆਨ ਕੀਤਾ ਸੀ :

ਇਸ ਘਰ ਤੋਂ ਘਰ ਦੇ ਅੰਦਰ ਤਕ,
ਦੋ ਧਰੁੱਵਾਂ ਜਿਤਨੀ ਦੂਰੀ ਹੈ।
ਨਾ ਮਿਲ ਸਕਣਾਂ ਮਜਬੂਰੀ ਹੈ।

(ਕਾਵਿ ਨਾਟਕ "ਬੀਮਾਰ ਸਦੀ" 1974 ਵਿੱਚੋਂ)

ਤਥਾਕਥਿਤ ਮਾਰਕਸਵਾਦੀ ਦੇਸ਼ਾਂ ਵਿਚ ਵਧ ਰਹੀਆਂ ਸਰਮਾਏਦਾਰਾਨਾ ਤੇ ਆਰਥਕ-ਬਸਤੀਵਾਦੀ ਰੁਚੀਆਂ ਅਤੇ ਨੀਤੀਆਂ ਨੂੰ ਵੀ, ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਆਲੋਚਨਾਤਮਕ ਦ੍ਰਿਸ਼ਟੀ ਤੋਂ ਘੋਖਦੀਆਂ ਤੇ ਪਰਖਦੀਆਂ ਹਨ :

ਮਾਰਕਸਵਾਦ ਤੋਂ ਬਾਅਦ,
ਸਟਾਲਨ ਤੇ ਮਾਓ, ਉਸ ਦੀ
ਨਾਜਾਇਜ਼ ਔਲਾਦ ਵਰਗੇ ਜਾਪਦੇ ਹਨ।

ਰੂਸ ਤੇ ਚੀਨ ਦੇ ਨਾਬਰਾਬਰੀ ਵਾਲੇ,
ਤਾਨਾਸ਼ਾਹੀ ਰਾਜ-ਪ੍ਰਬੰਧ,
ਮਾਰਕਸ ਦਾ ਸੁਫਨਾ ਨਹੀਂ ਸਨ !!!!

(ਇਸ ਸੰਗ੍ਰਹਿ ਦੀ ਕਵਿਤਾ 'ਉੱਤਰ-ਮਾਰਕਸਵਾਦ' ਵਿੱਚੋਂ)

ਇਸ ਸੰਗ੍ਰਹਿ ਦੀਆਂ ਕਵਿਤਾਵਾਂ, 'ਨਵੀਂ ਸਦੀ ਦੀ ਨਵੀਂ ਨਸਲ' ਦੇ ਬਹੁ-ਪਰਤੀ, ਬਹੁ-ਮੁਖੀ ਤੇ ਬਹੁ-ਦਿਸ਼ਾਵੀ ਜੱਟਿਲ ਜੀਵਨ ਦੀ ਤਸਵੀਰਕਸ਼ੀ ਦਾ ਹੀ ਇਕ ਸਾਧਨ-ਮਾਤਰ ਹਨ। ਇਹ ਜਿੱਥੇ ਸਾਡੇ ਅੱਗੇ ਕਈ ਪ੍ਰਸ਼ਨ ਖੜ੍ਹੇ ਕਰਦੀਆਂ ਹਨ,


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉੱਥੇ ਸਾਨੂੰ ਇਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਣ ਤੇ ਇਨ੍ਹਾਂ ਨਾਲ ਜੂਝਣ ਦੀ ਪ੍ਰੇਰਣਾ ਵੀ ਦਿੰਦੀਆਂ ਹਨ। ਅਜੋਕੀ ਨਵੀਨ ਕਵਿਤਾ ਦੇ ਦੀਰਘ ਚਿੰਤਨ ਅਤੇ ਇਸ ਦੇ ਵਿਭਿੰਨ ਸਰੋਕਾਰਾਂ ਦੇ ਪ੍ਰਗਟਾਅ ਲਈ, ਢੁੱਕਵੇਂ ਮਾਧਿਅਮ, ਨਵੀਆਂ ਤਕਨੀਕਾਂ, ਨਵੀਆਂ ਵਿਧੀਆਂ, ਨਵੇਂ ਰੂਪਾਕਾਰਾਂ ਅਤੇ ਨਵੇਂ ਤੇ ਸਾਰਥਕ ਬਿੰਬ-ਵਿਧਾਨ ਦੀ ਲੋੜ ਹੈ।

**-ਰਵਿੰਦਰ ਰਵੀ**

ਜਨਵਰੀ 31, 2013

---

**ਨੋਟ** : ਧਰੁੱਵ ਨੂੰ ਅੰਗਰੇਜ਼ੀ ਵਿਚ Pole ਕਹਿੰਦੇ ਹਨ। ਜਿਵੇਂ ਉੱਤਰੀ ਤੇ ਦੱਖਣੀ ਧਰੁੱਵ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਪਿੰਡ ਬ੍ਰਹਮੰਡ

ਆਪਣੇ ਨਾਲ ਹੀ ਲੈ ਜਾਵਾਂਗੇ,
ਇਹ ਪਿੰਡ, ਇਹ ਬ੍ਰਹਮੰਡ।
ਆਪਣਾ ਸੂਰਜ, ਆਪਣੇ ਅੰਦਰ,
ਹੋ ਜਾਣਾ ਖੰਡ, ਖੰਡ।

ਆਪ ਅਤੇ ਅਨਾਪ ਦੀ ਟੱਕਰ,
ਉਮਰ ਬੀਤ ਗਈ ਸਾਰੀ।
ਆਪੇ ਤੋਂ ਆਪੇ ਤਕ ਤੁਰਨੇ
ਦੀ ਆ ਗਈ ਫਿਰ ਵਾਰੀ।
ਕੱਲੀਆਂ ਧੁੱਪਾਂ, ਕੱਲੀਆਂ ਛਾਵਾਂ,
ਆਪੇ ਨੂੰ ਆਪੇ ਦਾ ਦੰਡ।

ਨਜ਼ਰਾਂ ਵਿਚ ਹੈ ਹੋਂਦ ਸ਼ਬਦ ਦੀ,
ਚਿੰਤਨ ਵਿਚ ਅਰਥਾਂ ਦਾ ਵਾਸਾ।
ਸੋਮਿਓਂ ਤੁਰ, ਵਣ, ਪਰਬਤ ਲੰਘੇ,
ਦਰਿਆ ਅਜੇ ਪਿਆਸਾ।
ਦੇਸ਼, ਭੂਮੀਆਂ, ਵੰਡਿਆ ਪਾਣੀ
ਸਾਗਰ ਵਿਚ ਅਖੰਡ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਤੁਰਨ-ਬਿੰਦੂ ਤੋਂ ਖੜ੍ਹਨ-ਬਿੰਦੂ ਤਕ,
ਆਤਮ-ਕਥਾ ਉਸਾਰੀ।
ਖਾਲੀ ਪਿੰਜਰਾ, ਛੱਡ ਕੇ ਤੁਰ ਗਏ,
ਪੰਛੀ ਮਾਰ ਉਡਾਰੀ।
ਸ਼ਬਦਾਂ ਵਿਚ ਜੋ ਅਗਨੀ ਰੱਖੀ,
ਸਦਾ ਰਹੂ ਪਰਚੰਡ !!!

## ਰੁੱਤਾਂ ਦੀ ਸਾਜ਼ਸ਼

ਨਾ ਮੀਤ ਰਹੇ, ਨਾ ਗੀਤ ਰਹੇ,
ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
ਅਰਥਾਂ 'ਚ ਬ਼ਗਾਵਤ ਹੋਈ ਹੈ।

ਇਸ ਰੁੱਤੇ ਸੂਰਜ ਨਹੀਂ ਚੜ੍ਹਦੇ।
ਇਸ ਰੁੱਤੇ ਦੀਪਕ ਨਹੀਂ ਜਗਦੇ।
ਹੁਣ ਦਿਨ ਤੇ ਰਾਤ 'ਚ ਫ਼ਰਕ ਨਹੀਂ,
ਇਹ ਜ਼ਿੰਦਗੀ ਜਿਵੇਂ ਖੜੋਈ ਹੈ।

ਚਿੰਤਨ ਵੀ ਏਥੇ ਨਹੀਂ ਮਘਦੇ।
ਸੋਚਾਂ ਦੇ ਮੇਲੇ ਨਹੀਂ ਲੱਗਦੇ।
ਪਰਬਤ ਹੈ ਖਲਾਅ ਦਾ ਸਿਰ ਉੱਤੇ,
ਪਲਕਾਂ 'ਚ ਕਲਪਨਾ ਖੋਈ ਹੈ।

ਪਿੱਛਾ ਵੀ ਤਾਂ ਅੱਗੇ ਨਹੀਂ ਆਂਦਾ।
ਅੱਗਾ ਵੀ ਅਗੇਰੇ ਨਹੀਂ ਜਾਂਦਾ।
ਇਹ ਟੱਕਰ ਹੈ ਕੋਈ ਸਮਿਆਂ ਦੀ,
ਜਿੰਦ ਟੁਕੜੇ, ਟੁਕੜੇ ਹੋਈ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਕਦੇ ਸ਼ੋਰ ਤੋਂ ਭੈ ਜਿਹਾ ਆਂਦਾ ਹੈ।
ਕਦੇ ਚੁੱਪ ਤੋਂ ਜੀ ਘਬਰਾਂਦਾ ਹੈ।
ਸੱਭਿਅਤਾ ਦੀ ਕੁਲ ਤਸਵੀਰ ਜਿਵੇਂ,
ਅੱਜ *ਧੁੰਦ-ਧੂੰਏਂ ਵਿਚ ਖੋਈ ਹੈ।

ਨਾ ਮੀਤ ਰਹੇ, ਨਾ ਗੀਤ ਰਹੇ,
ਰੁੱਤਾਂ ਵਿਚ ਸਾਜ਼ਸ਼ ਹੋਈ ਹੈ।
ਅੱਖਰਾਂ ਵਿਚ ਟੁੱਟੇ ਸ਼ਬਦ ਜਿਵੇਂ,
ਅਰਥਾਂ 'ਚ ਬਗ਼ਾਵਤ ਹੋਈ ਹੈ।

## ਸੁੱਕੀ ਨਦੀ ਦਾ ਗੀਤ

ਏਸ ਨਦੀ ਨੇ ਸੁੱਕ ਜਾਣਾ ਹੈ,
ਸਾਗਰ ਜੇਡ ਹੈ ਇਸਦੀ ਪਿਆਸ।
ਤੁਰਦਿਆਂ, ਤੁਰਦਿਆਂ ਸੋਮੇਂ ਸੁੱਕ ਗਏ,
ਆਪੇ ਵਿਚ, ਆਪਾ ਪਰਵਾਸ।

ਵਿਸ਼ਵ-ਤਪਾਓ[1], ਵਗਦੀਆਂ ਲੂੰਆਂ,
ਖਰੀਆਂ ਬਰਫ਼ਾਂ, ਪਰਬਤ ਨੰਗੇ।
ਸੜ, ਸੁੱਕ ਝੜ ਗਏ ਵਣ ਦੇ ਕੋਲੋਂ,
ਪੰਛੀ ਅਜੇ ਵੀ ਛਾਵਾਂ ਮੰਗੇ।
ਅੱਖਾਂ ਦੇ ਵਿਚ ਨਜ਼ਰ ਖਿੰਡ ਗਈ,
ਧੁੰਦਲਾ, ਧੁੰਦਲਾ ਹੈ ਪ੍ਰਕਾਸ਼।

* ਧੁੰਦ-ਧੂੰਆਂ (ਧੂੰਏਂ) : Smog (Smoke+Fog), 1 ਵਿਸ਼ਵ-ਤਪਾਓ : Global Warming



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਪਿਆਸੇ ਬੱਦਲ, ਛਿਦਰੀਆਂ ਛਾਵਾਂ,
ਛਾਤੀਆਂ ਵਿਚ, ਜਿਓਂ ਸੁੱਕੀਆਂ ਮਾਵਾਂ।
ਕਿਧਰੋਂ ਵੀ ਕਨਸੋਅ ਨਾ ਆਵੇ,
ਕਿਸ ਨੂੰ ਪੁੱਛਾਂ ? ਕਿੱਧਰ ਜਾਵਾਂ ?
ਨਾ ਧਰਤੀ, ਨਾ ਅੰਬਰ ਆਪਣਾ,
ਨਦੀ 'ਚ, ਸੁੱਕੀ ਨਦੀ ਦਾ ਵਾਸ।
ਸੂਰਜ ਹੇਠਾਂ ਥਲ ਤਪਦਾ ਹੈ,
ਅੱਗ ਦੇ ਭਾਂਬੜ ਚਾਰ ਚੁਫੇਰੇ।
ਅੰਦਰ ਵਲ ਨੂੰ ਮੁੜੀਆਂ ਨਜ਼ਰਾਂ,
ਅੰਦਰ ਵੀ ਹਨ ਸੰਘਣੇ 'ਨ੍ਹੇਰੇ।
ਇਸ ਰੁੱਤੇ, ਇਸ ਉਮਰੇ ਬਣਦਾ,
ਆਪੇ ਵਿਚ, ਆਪਾ ਨਿਰਵਾਸ।

ਏਸ ਨਦੀ ਨੇ ਸੁੱਕ ਜਾਣਾ ਹੈ,
ਸਾਗਰ ਜੇਡ ਹੈ ਇਸਦੀ ਪਿਆਸ।
ਤੁਰਦਿਆਂ, ਤੁਰਦਿਆਂ ਸੋਮੇਂ ਸੁੱਕ ਗਏ,
ਆਪੇ ਵਿਚ, ਆਪਾ ਪਰਵਾਸ।

## ਇਕ ਸੂਰਜ ਹੋਰ

ਮੈਂ ਫੇਰ ਆਪਣੇ ਆਪ ਉੱਤੇ,
ਗਰਜ ਰਿਹਾ ਹਾਂ।
ਮੈਂ ਫੇਰ ਭਾਸ਼ਾ
ਸਿਰਜ ਰਿਹਾ ਹਾਂ।

ਮੇਰੇ 'ਵੈਬਸਾਈਟ' [1] ਹੀ,
ਮੇਰੀ ਅਮਰਤਾ ਦੇ ਨਿਸ਼ਾਨ ਹਨ।

---

1. Wbebsite



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

'ਸਾਈਬਰਸਪੇਸ' [1] ਵਿਚ,
ਮੇਰੇ ਅਨੇਕਾਂ ਰੂਪ :
ਇਨਸਾਨ ਹਨ,
ਭਗਵਾਨ ਤੇ ਸ਼ੈਤਾਨ ਹਨ।

ਟੁੱਟਦੀ, ਬਣਦੀ ਧੁਨੀ,
ਖਿੰਡਦੇ, ਉੱਡਦੇ ਸੁਰ,
ਮੇਰੇ ਹੀ ਸੰਤੁਲਨ ਨੂੰ,
ਤੋੜਦਾ ਸੰਗੀਤ ਹਨ !

ਮੈਂ 'ਸੁਰ' [2] ਵਿਚ 'ਅਸੁਰ' [3],
ਸ਼ਤਰੂ ਵਿਚ ਮੀਤ ਹਾਂ।

ਗਿਆਨ ਤੇ ਵਿਗਿਆਨ ਵਿਚ,
ਕਾਇਆਕਲਪ :
ਕਲਪਨਾ, ਮਿਥਿਹਾਸ ਦੀ ਹੀ ਰੀਤ ਹਾਂ।

'ਟਵਿਟਰ' [4] ਵਿਚ ਬਹੁਤ ਕੁਝ
ਅਣਕਿਹਾ, ਅਲਹਿਦਾ ਹੈ।
ਹਰ ਸ਼ਬਦ ਮੌਨ,
ਹਰ ਸ਼ਬਦ ਸੁਨੇਹਾ ਹੈ।

'ਫੇਸ ਬੁਕ' [5] ਉੱਤੇ ਵੀ,
ਮੇਰਾ ਹੀ ਸ਼ੋਰ, ਝਲਕਣ
ਮੇਰੀਆਂ ਖਾਮੋਸ਼ੀਆਂ।

---

1. Cyberspace, 2. ਸੁਰ : ਦੇਵਤਾ, 3. ਅਸੁਰ : ਰਾਖਸ਼ਿਸ਼, 4. Twitter, 5. Face Book



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਬਣੇ, ਅੱਧ-ਬਣੇ ਸ਼ਬਦ, ਅਰਥ,
ਫੁੱਲ ਨੂੰ ਖੇੜੇ ਦੀਆਂ ਸਰਗੋਸ਼ੀਆਂ।

ਸ਼ੀਸ਼ੇ ਵਿਚ ਊਲ ਜਲੂਲ,
ਖਾਕਾ ਵੀ ਮੇਰਾ ਹੈ।
ਹਰ ਵਾਕ ਅਧੂਰਾ,
ਹਰ ਅਰਥ ਪੂਰਾ ਹੈ।

ਦਾਇਰਾ, ਰੇਖਾਵਾਂ ਵਿਚ ਟੁੱਟਦਾ ਹੈ,
ਕਦੇ ਰੇਖਾ ਬਿੰਦੂਆਂ ਵਿਚ,
ਬਿੰਦੂ ਸ਼ੂਨਯ ਵੀ ਹੈ, ਦੀਵਾ ਵੀ।

ਹਵਾ ਇਨ੍ਹਾਂ,
'ਆਬਰਾ ਕਦਾਬਰਾ' [1] ਚਿਤਰਾਂ ਨੂੰ,
ਰੁੱਤ ਵਾਂਗ, ਉਡਾ ਕੇ ਲੈ ਜਾਂਦੀ ਹੈ।
ਰੰਗਾਂ, ਫੁੱਲਾਂ ਤੇ ਮਹਿਕਾਂ ਦੇ ਕੰਨਾਂ ਵਿਚ,
ਕੁਝ ਕਹਿ ਜਾਂਦੀ ਹੈ।

ਮੈਂ ਦਰਿਆਵਾਂ ਦੀ ਬੋਲੀ ਸਮਝਦਾ ਹਾਂ,
ਮੈਨੂੰ ਸਮੁੰਦਰਾਂ ਦੇ ਅਰਥ ਆਉਂਦੇ ਹਨ।
ਪਰਬਤ, ਵਣ, ਧਰਤੀ, ਅੰਬਰ,
ਜਿਸ ਵਰਣਮਾਲਾ ਦੇ ਅੱਖਰ ਹਨ,
ਉਹ ਸ਼ਬਦਾਂ ਵਿਚ ਨਹੀਂ,
ਸੰਕੇਤਾਂ ਵਿਚ ਲਿਖੀ ਜਾਂਦੀ ਹੈ।

ਮੈਂ ਆਦਿ ਜੁਗਾਦਿ ਤੋਂ ਵਿਚਰਦਾ :
ਪਿੰਡ ਹਾਂ, ਬ੍ਰਹਿਮੰਡ ਹਾਂ।
ਖੰਡ, ਖੰਡ ਹਾਂ,
ਅਖੰਡ ਹਾਂ।

---

1. ਆਬਰਾ ਕਦਾਬਰਾ : Absurd


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਥਲ ਤੇ ਨਖਲਿਸਤਾਨ ਵੀ,
ਮੇਰੇ ਹੀ ਵਜੂਦ ਹਨ—
ਮੇਰੇ ਅੰਦਰ, ਇਕ ਦੂਜੇ ਵਿਚ
ਵੱਗਦੇ ਹਨ, ਵੱਸਦੇ ਹਨ।
ਮੇਰੇ ਬਾਗ਼ ਵਿਚ ਫੁੱਲ ਹੀ ਨਹੀਂ,
ਕੰਡੇ ਵੀ ਹੱਸਦੇ ਹਨ।

ਮੈਂ ਜ਼ਿੰਦਗੀ ਨਹੀਂ,
'ਮਹਾਂ ਜ਼ਿੰਦਗੀ' [1] ਹਾਂ !

ਇੱਕੋ ਸਮੇਂ, ਮੈਂ
ਬਲ ਰਿਹਾ, ਸੜ ਰਿਹਾ ਤੇ
ਰੌਸ਼ਨੀ ਵੀ ਕਰ ਰਿਹਾ।

ਮੈਂ, ਇਕ ਸੂਰਜ ਹੋਰ ਹਾਂ
ਤੇ ਹੋਰ ਅੰਬਰੀਂ ਚੜ੍ਹ ਰਿਹਾ !

ਮੇਰੇ 'ਵੈਬਸਾਈਟ',
'ਸਾਈਬਰਸਪੇਸ' ਵਿਚ :
ਆਉਣ ਵਾਲਾ ਸਮਾਂ ਹੈ,
ਸਮੇਂ ਦੇ ਨਿਸ਼ਾਨ ਹਨ।

ਮੇਰੇ ਅਨੇਕਾਂ ਰੂਪ,
ਇਨਸਾਨ ਹਨ,
ਭਗਵਾਨ ਤੇ ਸ਼ੈਤਾਨ ਹਨ !!!

1. ਮਹਾਂ ਜ਼ਿੰਦਗੀ : Larger than Life



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਨਵੀਂ ਸਦੀ ਦੀ ਨਵੀਂ ਨਸਲ

ਏਸ ਘਰ ਵਿਚ,
ਛੇ ਜਣੇ ਰਹਿੰਦੇ ਹਨ :
ਮਾਤਾ, ਪਿਤਾ ...
ਦੋ ਧੀਆਂ, ਦੋ ਪੁੱਤਰ !!!!

ਸਭ ਦਾ ਵੱਖੋ ਵੱਖਰਾ ਸੌਣ-ਕਮਰਾ ਹੈ,
ਵੱਖੋ ਵੱਖਰਾ ਗੁਸਲਖਾਨਾ,
ਵੱਖੋ ਵੱਖਰੀ ਘੜੀ ਹੈ,
ਘੜੀ 'ਤੇ ਸਮਾਂ ਇਕ ਹੋਣ ਦੇ ਬਾਵਜੂਦ,
ਸਮੇਂ ਦੀ ਤੋਰ ਤੇ ਦਿਸ਼ਾ ਆਪੋ ਆਪਣੀ ਹੈ।

ਬਾਹਰਲਾ ਬੂਹਾ ਉਬਾਸੀ ਵਾਂਗ ਖੁੱਲ੍ਹਦਾ ਹੈ,
ਤਾਂ ਇਹ ਆਪੋ ਆਪਣੇ ਸਮੇਂ ਨਾਲ ਬੱਝੇ,
ਆਪੋ ਆਪਣੇ ਏਜੰਡੇ[1] ਵਿਚ ਢਲੇ,
ਸਰਦਲ ਟੱਪਦਿਆਂ ਹੀ, ਸੜਕ ਵਾਂਗ,
ਵੱਖ, ਵੱਖ ਦਿਸ਼ਾਵਾਂ ਵਿਚ ਪਾਟ ਜਾਂਦੇ ਹਨ,
ਕਿੱਤੇ ਦੇ ਮਸ਼ੀਨੀ ਮਾਹੌਲ ਵਿਚ,
ਮਸ਼ੀਨ ਬਣ ਸਮਾਂਦੇ ਹਨ।

ਇਨ੍ਹਾਂ ਬੱਚਿਆਂ ਦੇ ਆਪੋ ਆਪਣੇ ਮਿੱਤਰ ਹਨ,
ਮਿੱਤਰ-ਮੁੰਡੇ ਹਨ, ਮਿੱਤਰ-ਕੁੜੀਆਂ ਹਨ ...
ਕੋਈ ਸਮਲਿੰਗ-ਭੋਗੀ ਹੈ, ਕੋਈ ਬਹੁ-ਲਿੰਗ-ਭੋਗੀ
ਤੇ ਕੋਈ ਵਿਰੋਧ-ਲਿੰਗ-ਭੋਗੀ ...
ਭੀੜ ਪੈਣ 'ਤੇ, ਆਪਣੇ ਹੱਥੀਂ ਆਪਣਾ ਹੀ ਕਾਜ,
ਸੁਆਰ ਲੈਂਦੇ ਹਨ ਸਭ ਜਣੇ।

---

1. ਏਜੰਡੇ : Agendas



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਕਾਰਾਂ ਵਾਂਗ, ਇਨ੍ਹਾਂ ਦੇ ਮਿੱਤਰਾਂ ਦੇ
ਮਾਡਲ ਵੀ ਬਦਲਦੇ ਰਹਿੰਦੇ ਹਨ, ਨੇਮ ਵਾਂਗ,
ਪੱਬ[1], ਕਲੱਬ[2], ਨਗਨ-ਨਿਤ੍ਰ-ਘਰ[3]
ਤੇ ਬਾਰ[4], ਕਸੀਨੋ[5], ਰੈਸਤੋਰਾਂ[6] ਵਿਚ
ਇਕ ਦੂਜੇ ਦਾ ਸੰਗ ਸਾਥ ਬਣਦੇ,
ਸਿਖਰ-ਸੰਤੋਖ[7] ਤੇ ਆਨੰਦ ਤਕ ਦਾ,
ਸਫਰ ਤੈ ਕਰਦੇ ਹਨ ...
ਭਰ, ਭਰ, ਫਿਸਦੇ, ਫਿਸ, ਫਿਸ, ਭਰਦੇ ਹਨ।

ਮੌਜ ਮੇਲੇ ਦੇ ਇਨ੍ਹਾਂ ਕੇਂਦਰਾਂ ਵਿਚ, ਇਹ
ਇਕ ਦੂਜੇ ਦੇ ਸਾਥੀ ਹੁੰਦੇ ਹੋਏ ਵੀ,
ਇਕ ਦੂਜੇ ਲਈ ਘਰ ਨਹੀਂ ਬਣਦੇ,
ਮਨ ਦੇ ਧੁਰ ਅੰਦਰ ਤਕ,
ਖੁੱਲ੍ਹਣ ਵਾਲਾ,
ਦਰ ਨਹੀਂ ਬਣਦੇ।

ਮਾਂ ਬਾਪ ਦੀ ਸ਼ਾਦੀ ਤੋਂ ਬਾਅਦ—
ਏਸ ਘਰ ਵਿਚ ਕਦੇ ਸ਼ਹਿਨਾਈ ਨਹੀਂ ਵੱਜੀ,
ਜਾਗੋ ਨਹੀਂ ਜਗੀ,
ਸੁਹਾਗ ਨਹੀਂ ਗਾਏ ਗਏ,
ਘੋੜੀਆਂ ਨਹੀਂ ਸੁਣੀਆਂ ...

ਵੱਖੋ-ਵੱਖਰੇ ਸੌਣ-ਕਮਰਿਆਂ ਵਿਚ ਵੰਡੇ ਹੋਏ ਵੀ,
ਇਹ ਇਕ ਟੱਬਰ ਹਨ—
ਸਮਾਜਕ ਰਸਮਾਂ ਤੇ ਸਮਾਗਮਾਂ ਵਿਚ,
ਸਜ ਧਜ ਕੇ ਇਕੱਠੇ ਹੀ ਜਾਂਦੇ ਹਨ,
ਇਕ ਦੂਜੇ ਦਾ ਪਰਿਚਯ ਕਰਵਾਂਦੇ ਹਨ।

---

1. ਪੱਬ : ਸ਼ਰਾਬਖਾਨਾ, Pub, 2. ਕਲੱਬ : Club, 3. ਨਗਨ-ਨ੍ਰਿਤ-ਘਰ : Striptease Dance Club, 4. ਬਾਰ : ਸ਼ਰਾਬਖਾਨਾ, Bar, 5. ਕਸੀਨੋ : ਜੂਆ-ਘਰ, Casino, 6. ਰੈਸਤੋਰਾਂ : Restaurant, 7. ਸਿਖਰ ਸੰਤੋਖ : Orgasm



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਭਿੰਨ, ਭਿੰਨ ਮਖੌਟੇ ਪਹਿਨ ਕੇ,
ਮਾਤਾ, ਪਿਤਾ, ਧੀ, ਪੁੱਤਰ, ਪਤੀ ...
ਸਭ ਬਣ ਜਾਂਦੇ ਹਨ,
ਹਰਵਰਿਆਈ[1] ਮੁਸਕਾਨ : ਖਿਲ ਜਾਂਦੇ ਹਨ।

ਏਸ ਘਰ ਦੇ ਵਾਸੀ ਬਹੁਤ ਅਮੀਰ ਹਨ,
ਮਹਿੰਗੀਆਂ ਕਾਰਾਂ ਤੇ ਮਹਿੰਗਾ ਫਰਨੀਚਰ ਹਨ,
ਲੇਟੈਸਟ ਫੈਸ਼ਨ ਦੇ ਸੂਟ, ਆਊਟਫਿਟ[2] ਹਨ,
ਪਰਫਿਊਮ[3], ਲੈਵਿੰਡਰ[4] ਹਨ,
ਬਿਊਟੀ ਸਲੋਨ ਦੇ, ਤੁਰਦੇ ਫਿਰਦੇ
ਇਸ਼ਤਿਹਾਰ ਹਨ,
ਨਕਲੀ ਗਹਿਣੇ ਹਨ, ਗੋਦਨੇ[5] ਹਨ।

ਹਰ ਤਰ੍ਹਾਂ ਦੇ ਬਰੈਂਡ[6] ਨੇਮ ਹਨ :
ਨਾਈਕੀ[7], ਰੀਬੌਕ[8], ਐਡੀਡਾਸ[9] ਹਨ,
ਗੂਚੀ[10], ਓਮੇਗਾ[11] ਹਨ,
ਗੈਪ[12], ਕੈਲਵਿਨ ਕਲਾਈਨ[13] ਹਨ,
ਬੀ.ਐਮ.ਡਬਲਯੂ.[14], ਹਮਰ[15], ਔਡੀ[16] ਤੇ ਫ਼ਰਾਰੀ[17] ਹਨ—
ਆਪਣਾ ਆਪ ਤਮਾਸ਼ਾ,
ਆਪਣੇ ਆਪ ਮਦਾਰੀ ਹਨ।

---

1. ਹਰਵਰਿਆਈ : Evergreen, 2. ਆਊਟਫਿਟ : ਪੋਸ਼ਾਕ, Outfit, 3. ਪਰਫਿਊਮ : Perfume, 4. ਲੈਵਿੰਡਰ : Lavender, 5. ਗੋਦਨੇ : Tattoos, 6. ਬਰੈਂਡ ਨੇਮ : ਮਹਿੰਗੇ ਉਤਪਾਦਕਾਂ ਦੇ ਨਾਮ, Brand Name, 7. ਨਾਈਕੀ : ਕੀਮਤੀ ਖੇਡ-ਪਹਿਰਾਵੇ ਦਾ ਟਰੇਡ ਮਾਰਕ, Nike, 8. ਰੀਬੌਕ : ਕੀਮਤੀ ਖੇਡ-ਪਹਿਰਾਵੇ ਦਾ ਟਰੇਡ ਮਾਰਕ, Reebok, 9. ਐਡੀਡਾਸ : ਕੀਮਤੀ ਖੇਡ-ਪਹਿਰਾਵੇ ਦਾ ਟਰੇਡ ਮਾਰਕ, Adidas 10. ਗੂਚੀ : ਕੀਮਤੀ ਘੜੀ, Gucci, 11. ਓਮੇਗਾ : ਕੀਮਤੀ ਘੜੀ, Omega, 12. ਗੈਪ - ਬਣੇ ਬਣਾਏ, ਕੀਮਤੀ ਕਪੜਿਆਂ ਦਾ ਸਟੋਰ, Gap, 13. ਕੈਲਵਿਨ ਕਲਾਈਨ - ਕੀਮਤੀ ਕਪੜਿਆਂ ਦਾ ਫੈਸ਼ਨ ਟਰੇਡ ਮਾਰਕ, Calvin Klein, 14. ਬੀ.ਐਮ.ਡਬਲਯੂ. - ਕੀਮਤੀ ਕਾਰ, B.M.W., 15. ਹਮਰ - ਕੀਮਤੀ ਫੋਰ ਵੀਲ ਡਰਾਈਵ, Hummer, 16. ਔਡੀ - ਕੀਮਤੀ ਕਾਰ, Audi, 17. ਫਰਾਰੀ - ਕੀਮਤੀ ਸਪੋਰਟਸ ਕਾਰ, Farari


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਆਪਣੇ ਇਸ ਇਕ-ਪਾਤਰੀ ਨਾਟਕ ਦੇ,
ਆਪ ਹੀ ਨਿਰਦੇਸ਼ਕ, ਨਿਰਮਾਤਾ, ਕਲਾਕਾਰ
ਤੇ ਹੋਰ ਕਰਮਚਾਰੀ ਹਨ।

ਇਹ ਬਹੁਤ ਵੱਡੀ ਚੀਜ਼ ਹਨ,
ਵੱਡੀ ਖੇਡ ਦੇ ਖਿਡਾਰੀ ਹਨ—
ਇਨ੍ਹਾਂ ਦਾ ਦਿਸ-ਹੱਦਾ ਤੰਗ,
ਆਸਮਾਨ ਛੋਟਾ ...
ਪਰ ...
ਲੰਮੀਂ ਉਡਾਰੀ ਹਨ !!!

ਬਾਹਰਲੇ ਦੇਸ਼ਾਂ ਦੀ ਸੈਰ ਲਈ,
ਸਾਥੀਆਂ ਦੀ ਚੋਣ ਹਨ।
ਹੋਟਲਾਂ ਤੇ ਲਾਜਾਂ ਵਿਚ ਘਰ ਦਾ ਭਰਮ ਭੋਗਦੇ—
ਬੇਘਰੇ ਹੋ,
ਘਰ ਪਰਤ ਆਉਂਦੇ ਹਨ ...,
ਇੱਕੋ ਹੀ ਮਕਾਨ ਵਿਚ ਟੁੱਟੇ ਹੋਏ,
ਆਪੋ ਆਪਣੇ ਘਰ,
ਆਪੋ ਆਪਣੇ ਦਰ !!!!

ਏਸ ਘਰ ਵਿਚ,
ਛੇ ਜਣੇ ਰਹਿੰਦੇ ਹਨ :
ਮਾਤਾ, ਪਿਤਾ ...
ਦੋ ਧੀਆਂ, ਦੋ ਪੁੱਤਰ !!!!!!

## ਨਵੀਂ ਸਦੀ ਦੀ ਨਵੀਂ ਤਾਸ਼

'ਆਈ ਫੋਨ', 'ਆਈ ਪੈਡ' ਤੇ 'ਲੈਪ ਟੌਪ' ਨਾਲ ਜੁੜੇ,
ਏਸ ਸਦੀ ਦੀ,
ਨਵੀਂ ਪੀੜ੍ਹੀ ਦੇ ਨਵੇਂ ਲੋਕ-


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਕ ਤੋਂ ਇਕ ਤਕ ਪਹੁੰਚਦੇ,
ਵਿਸ਼ਵ ਹੋ ਗਏ ਹਨ।
ਸਾਈਬਰਸਪੇਸ ਵਿਚ ਸਪਰਟ ਦੌੜਦੇ ਹੋਏ ਵੀ,
ਆਪਣੇ ਅੰਦਰ ਖਲੋ ਗਏ ਹਨ।

ਅੰਦਰ ਵੱਸਦੇ ਧੀ, ਪੁੱਤਰ,
ਮਾਂ, ਬਾਪ ਨਾਲੋਂ ਟੁੱਟ ਗਏ ਹਨ।
ਪਤੀ, ਪਤਨੀ, ਪਿਤਾ ਤੇ ਮਾਂ ਬਨਣ ਤੋਂ ਪਹਿਲਾਂ ਹੀ,
ਰਿਸ਼ਤਿਆਂ ਦੀ ਖਲਾਅ ਵਿਚ,
ਰੁਕ ਗਏ ਹਨ।

ਖਪਤ-ਕਲਚਰ ਵਿਚ, ਮੁੰਡੇ ਕੁੜੀਆਂ,
ਖਪਤ-ਵਸਤਾਂ ਵਾਂਗ,
ਇਕ ਦੂਜੇ ਨੂੰ ਭੋਗਦੇ ਹਨ।

ਸੰਭੋਗ ਇਨ੍ਹਾਂ ਅੰਦਰ,
ਟੱਬਰ ਦੀ ਚੇਤਨਾ ਨਹੀਂ ਜਗਾਉਂਦਾ।
ਸਭ ਦਰਵਾਜੇ ਖੋਲ੍ਹ ਕੇ,
ਇਕ, ਦੂਜੇ ਵਿਚ,
ਜੜ੍ਹਾਂ ਫੜਨ ਦੀ,
ਚੇਟਕ ਨਹੀਂ ਲਗਾਉਂਦਾ,
ਪੂਰਨ ਮਾਨਵ ਨਹੀਂ ਬਣਾਉਂਦਾ।

ਸਿਖਰ-ਸੰਤੋਖ ਤੋਂ ਬਾਅਦ,
ਤਾਸ਼ ਵੀ ਬਦਲ ਜਾਂਦੀ ਹੈ
ਤੇ ਖਿਲਾੜੀ ਵੀ !!!!

ਤਾਸ਼ ਤੇ ਜਿਸਮਾਂ ਦੀ ਇਸ ਖੇਡ ਵਿਚ,
ਰਿਸ਼ਤੇ ਅਲੋਪ ਹੋ ਗਏ ਹਨ।

ਏਸ ਸਦੀ ਵਿਚ,
ਨਵੀਂ ਪੀੜ੍ਹੀ ਦੇ ਨਵੇਂ ਲੋਕ,



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਵਿਸ਼ਵ ਹੋ ਗਏ ਹਨ !!!!!
ਆਪਣੇ ਅੰਦਰ ਖਲੋ ਗਏ ਹਨ !!!!!

## ਨਵੀਂ ਸਦੀ ਦਾ ਨਵਾਂ ਘਰ

ਇਸ ਘਰ ਦੀਆਂ ਨੀਂਹਾਂ ਨਿੱਘਰ ਗਈਆਂ,
ਤੇ ਗ਼ਰਕ ਰਹੀਆਂ ਦੀਵਾਰਾਂ ਨੇ।
ਇਸ ਘਰ ਦੇ ਕਮਰੇ ਕੈਦ ਬਣੇ,
ਏਥੇ ਵਾਸ ਕੀਤਾ ਬੀਮਾਰਾਂ ਨੇ।

ਬੰਦ ਕਮਰਾ ਇਕ ਇਕਲਾਪਾ ਹੈ,
ਇਸ ਘਰ ਦੇ ਲੋਕੀਂ ਟੁੱਟ ਚੁੱਕੇ।
ਬ੍ਰਹਮੰਡ ਸਰ ਕਰਨਾਂ ਚਾਹੁੰਦੇ ਸਨ,
ਪਰ ਆਪਣੇ ਅੰਦਰ ਰੁਕ ਚੁੱਕੇ।

ਹਰ ਰਿਸ਼ਤਾ ਇਕ ਖਲਾਅ ਵਾਂਗੂੰ,
ਵੱਸਦਾ ਸੰਦੇਹ ਵਿਸ਼ਵਾਸਾਂ ਵਿਚ।
ਮਾਨਵ 'ਚੋਂ ਮਾਨਵ ਗ਼ਾਇਬ ਹੈ,
ਛਾਈ ਹੈ ਨਿਰਾਸ਼ਾ ਆਸਾਂ ਵਿਚ।

ਕੁੜੀਆਂ 'ਚੋਂ ਮਾਵਾਂ ਭੱਜ ਗਈਆਂ,
ਮੁੰਡਿਆਂ ਵਿਚ ਬਾਪ ਦਾ ਵਾਸ ਨਹੀਂ।
ਇਸ ਘਰ ਵਿਚ ਬੱਚੇ ਖੇਡਣਗੇ,
ਕੁਲ ਤੋਰਨਗੇ, ਕੋਈ ਆਸ ਨਹੀਂ।

ਬਿਨ ਸ਼ਾਦੀਓਂ ਕਾਮ-ਮਸ਼ੀਨਾਂ ਇਹ,
ਜਿਸਮਾਂ ਦੀ ਭਾਸ਼ਾ ਹੀ ਜਾਨਣ।
ਅੱਜ ਪਹੁੰਚਕੇ ਸਾਇੰਸ-ਸਿਖਰ ਉੱਤੇ,
ਜੰਗਲ ਦੀ ਸੱਭਿਅਤਾ ਨੂੰ ਮਾਨਣ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਸ ਘਰ ਦੀਆਂ ਨੀਂਹਾਂ ਨਿੱਘਰ ਗਈਆਂ,
ਤੇ ਗ਼ਰਕ ਰਹੀਆਂ ਦੀਵਾਰਾਂ ਨੇ।
ਇਸ ਘਰ ਦੇ ਕਮਰੇ ਕੈਦ ਬਣੇ,
ਏਥੇ ਵਾਸ ਕੀਤਾ ਬੀਮਾਰਾਂ ਨੇ।

## ਉਮਰ ਦਾ ਅੰਤਿਮ ਪੜਾਅ

ਇਕ ਹੱਥ ਧਰਤੀ, ਦੂਜਾ
ਅੰਬਰ ਵਲ ਵਧਾ।

ਸਮੇਂ ਨੂੰ ਵੀਣੀ ਤੋਂ ਪਕੜ,
ਉਸਦੀ ਅੱਖ ਵਿਚ, ਅੱਖ ਪਾ।

ਆਪਣੇ ਆਪ ਤੋਂ ਉੱਚਾ ਉੱਠ,
ਆਪਣੇ ਆਪ ਨੂੰ ਫੈਲਾਅ।

ਪੰਛੀ ਬਣ,
ਤੇਰੀ ਉਡਾਣ ਸੌਂਹੇਂ,
ਖੁਦ ਹੀ ਨੀਵੀਂ ਹੋ ਜਾਣੀ ਹੈ,
ਵਿਰੋਧ ਵਿਚ ਚੱਲਦੀ ਹਵਾ।

ਹਰ ਤਰਫ਼ ਤੇਰੀ ਨਜ਼ਰ,
ਹਰ ਤਰਫ਼ ਤੇਰੀ ਦਿਸ਼ਾ।

ਸਮਾਂ : ਕੱਲ੍ਹ, ਹੁਣ ਤੇ ਭਲਕ ਨਹੀਂ,
ਇਹ ਤਾਂ ਨਿਰੰਤਰ ਵੱਗਦਾ ਪਰਵਾਹ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉਮਰ ਦੇ ਅੰਤਿਮ ਪੜਾਅ 'ਤੇ ਵੀ :
ਪੌਣ ਰੁਮਕਦੀ ਹੈ,
ਫੁੱਲ ਖਿੜਦੇ ਹਨ,
ਸੱਤ-ਰੰਗੀਆਂ ਨੂੰ ਵੀ ਛੂਹ ਜਾਂਦਾ ਹੈ,
ਬੱਦਲ ਬਣਿਆਂ, ਮਹਿਕਾਂ ਦਾ ਦਰਿਆ।

ਰੰਗ, ਮਹਿਕ, ਬੱਦਲ ਤੇ ਦਰਿਆ ...
... ...
ਦੇ ਅਰਥ ਨਹੀਂ ਬਦਲੇ,
ਪ੍ਰਸੰਗ ਬਦਲੇ ਹਨ।

ਹਰ ਹਾਲ, ਹਰ ਪ੍ਰਸੰਗ ਵਿਚ,
ਸੂਰਜ 'ਚੋਂ ਸੱਤ-ਰੰਗੀਆਂ ਵੇਖ,
ਬੱਦਲ 'ਚੋਂ ਵਗਦਾ ਦਰਿਆ।
ਬੜਾ ਜਿਊਣ ਜੋਗਾ ਹੈ,
ਉਮਰ ਦਾ ਅੰਤਿਮ ਪੜਾਅ !!!

## ਵਿਆਹ

ਵਿਆਹ ਕੇਵਲ
ਕਾਮ ਤੇ
ਸੰਤਾਨ ਦਾ ਹੀ ਰਿਸ਼ਤਾ ਹੈ।

ਦੋ ਜਿਸਮ,
ਆਪੋ ਆਪਣੀ ਫੈਂਟਸੀ ਚੁੱਕੀ,
ਇਕ, ਦੂਜੇ ਵਿਚ ਖੁੱਲ੍ਹਦੇ,
ਡੁੱਲ੍ਹਦੇ,
ਅਭੇਦ ਹੋ ਜਾਂਦੇ ਹਨ ...
... ...


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਮੰਮੇਂ

ਮੰਮਿਆਂ ਦੇ ਵਿਚ ਮਾਂ ਵੱਸਦੀ ਹੈ,
ਮੰਮਿਆਂ ਵਿਚ ਬੱਚੇ ਦਾ ਭੋਜਨ।
ਮੰਮਾਂ-ਰੁੱਤ ਨੂੰ ਭੋਗ ਚੁੱਕਾ ਹੈ,
ਏਸ ਸਦੀ ਦਾ ਹਰ ਇਕ ਜਨ।

ਨੰਗੇ ਮੰਮੇਂ ਵੇਖ ਕੇ ਭੜਕੇ,
ਅੱਖਾਂ 'ਚੋਂ ਕਾਮੀਂ ਦਾ ਤੇਜ।
[1]'ਨਜ਼ਰਾਂ ਵਿਚ ਸੁੰਦਰਤਾ ਵੱਸੇ',
ਨਜ਼ਰਾਂ ਵਿਚ ਹੀ ਹੈ ਨੰਗੇਜ।

ਸ਼ਬਦਾਂ ਦੇ ਨਾਲ ਲਾਹ ਦਿੱਤੇ ਹਨ,
ਅਰਥਾਂ ਤੋਂ ਮੈਂ ਵਸਤਰ ਸਾਰੇ।
ਨੰਗ-ਮੁਨੰਗਾ ਮੇਰਾ ਆਪਾ,
ਨੰਗ-ਮੁਨੰਗੇ ਸੂਰਜ, ਤਾਰੇ।

ਰੰਗਾਂ ਦੇ ਨਾਲ ਨੰਗੀ ਕੀਤੀ,
ਸੁਪਨ-ਤ੍ਰੀਮਤ ਦੀ ਤਸਵੀਰ।
ਕਲਾ-ਦ੍ਰਿਸ਼ਟੀ ਸੁਹਜ ਪਛਾਣੇ :
ਸੱਸੀ, ਸੋਹਣੀ, ਸਾਹਿਬਾਂ, ਹੀਰ।

ਮੰਮਿਆਂ ਤੋਂ ਹੇਠਾਂ ਕੋਈ ਫਿਸਲੇ,
ਦੇਹ, ਯੋਨੀ ਤਕ ਨਜ਼ਰ ਮਲੀਨ।
ਕਾਮ-ਮੁਕਤ ਹੁਸਨ ਦੇ ਦਰਸ਼ਨ,
ਕਰਦੀ ਕੋਈ ਨਜ਼ਰ[2] ਮਹੀਨ।

---

1. 'ਨਜ਼ਰਾਂ ਵਿਚ ਸੁੰਦਰਤਾ ਵੱਸੇ' : Beauty lies in the eyes of the beholder,
2. ਨਜ਼ਰ ਮਹੀਨ : ਬਾਰੀਕੀ ਨਾਲ ਵੇਖਣ ਵਾਲੀ ਨਜ਼ਰ



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਇਹ ਦੀਵਾ ਤੇਰੇ ਨਾਂ

ਸੂਰਜ ਰੋਜ਼ ਮੇਰੇ ਬਨੇਰੇ 'ਤੇ ਆ ਬੈਠਦਾ ਹੈ
ਤੇ ਪੁੱਛਦਾ ਹੈ :
"ਉੱਠਿਆ ਨਹੀਂ ਅਜੇ ?
ਕੀ ਤੇਰੇ ਪੈਰਾਂ ਦੀਆਂ ਮੰਜ਼ਲਾਂ,
ਪੈਰਾਂ ਵਿਚ ਹੀ ਸੌਂ ਗਈਆਂ ਹਨ ?
ਤੇਰੀ ਕਲਪਨਾਂ - ਜੁ ਹਰ ਸਮੇਂ,
ਤੈਥੋਂ ਦੋ ਕਦਮ ਅੱਗੇ ਰਹਿੰਦੀ ਸੀ,
ਤੇਰੇ ਸੁਫਨਿਆਂ ਵਾਂਗ-
ਸੌਂ ਗਈ ਹੈ, ਪਲਕਾਂ ਪਿੱਛੇ ?

ਤੈਨੂੰ ਤਾਂ 'ਸੂਰਜ' ਨੂੰ
ਦੀਵੇ ਵਿਖਾਉਣ ਦੀ ਆਦਤ ਸੀ।
ਦੀਵੇ ਤੇਰੇ ਲਈ ਚਾਨਣ ਸਨ
ਤੇ 'ਸੂਰਜ' ਖੌਲਦਾ ਲਾਵਾ,
ਅੱਗ ਦਾ ਸਮੁੰਦਰ,
ਜਿਸ ਵਿਚ ਜਦੋਂ ਜਵਾਰਭਾਟਾ
ਆਉਂਦਾ ਹੈ, ਤਾਂ ਟੱਕਰਾ ਜਾਂਦੀਆਂ ਹਨ
ਕੁਦਰਤ ਦੀਆਂ ਸ਼ਕਤੀਆਂ,
ਧਰਤੀ 'ਤੇ ਕਿਤੇ ਸੋਕਾ ਬਰਸਦਾ ਹੈ,
ਕਿਤੇ ਹੂੰਝੇ ਜਾਂਦੇ ਹਨ ਵਣ,
ਹੜ੍ਹਾਂ ਨਾਲ।

ਤੂੰ ਤਾਂ ਸਦਾ ਜਵਾਨ ਰਹਿਣ ਦੀ,
ਸੌਂਹ ਖਾਧੀ ਸੀ,
ਮੈਥੋਂ ਦੋ ਕਦਮ ਅੱਗੇ ਰਹਿਣ ਦੀ।
ਕੀ ਹੋ ਗਿਆ ਹੈ ਤੈਨੂੰ ?
ਮੇਰੇ ਨਾਲ ਅੱਖ ਤਾਂ ਮਿਲਾ।"

ਸੂਰਜ ਦੇ ਬੋਲ,
ਮੇਰੀ ਹੋਂਦ ਦੇ ਦਰ ਖੋਲ੍ਹਦੇ ਹਨ,



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਤਾਂ ਮੈਂ ਉਸ ਨੂੰ ਕਹਿੰਦਾ ਹਾਂ :
"ਮੈਂ ਬੁੱਢਾ ਹੋ ਗਿਆ ਹਾਂ, ਠੀਕ ਹੈ !!!
ਸਰੀਰ ਫਨਾਹ ਹੋਣ ਲਈ ਹੀ ਬਣੇ ਹਨ !
ਮੈਂ ਤਾਂ,
ਨਸਲ-ਦਰ-ਨਸਲ ਵਿਚਰਦਾ ਪੈਗ਼ੰਬਰ ਹਾਂ !
ਤੂੰ ਬੇ-ਔਲਾਦਾ ਹੈਂ,
ਤੂੰ ਕੀ ਜਾਣੇ,
ਜਿਸਮ ਛੱਡਕੇ ਜਾਣ ਵਾਲੇ ਕਿਵੇਂ,
ਪੀੜ੍ਹੀਓ ਪੀੜ੍ਹੀ,
... ਜਿਉਂਦੇ ਹਨ ... ਲਗਾਤਾਰ ...

ਜਨਮ, ਜਵਾਨੀ, ਬੁਢਾਪਾ ਤੇ ਮੌਤ,
ਇਸ ਜੀਵਨ ਦੀਆਂ ਰੁੱਤਾਂ ਹਨ !
ਤੂੰ ਨਿਰੁੱਤਾ, ਇਕ-ਰੁੱਤਾ ਹੈਂ,
ਮੇਰੀਆਂ ਅੱਖੀਆਂ ਵਿਚ ਵੇਖ,
ਏਨ੍ਹਾਂ ਵਿਚ ਅਜੇ ਵੀ ਇਕ ਦੀਵਾ ਜੱਗਦਾ ਹੈ,
ਇਹ ਦੀਵਾ ਤੇਰੇ ਨਾਂ ... !!!"

## ਸੱਸੀ, ਸਾਹਿਬਾਂ ਤੇ ਹੀਰ ਦੀ ਊਲ ਜਲੂਲ ਤਸਵੀਰ

ਤੂੰ ਹਰ ਔਰਤ ਵਾਂਗ,
ਇਕ ਘਰ ਦੀ ਇੱਛਾ ਪ੍ਰਗਟ ਕੀਤੀ, ਤਾਂ ਮੈਂ
ਇਕ ਝੀਲ ਚੁੱਕ ਲਿਆਇਆ, ਤੇ ਤੈਨੂੰ
ਇਸ ਦੇ ਖਿਤਿਜ ਵਿਚ ਗੁੰਮਦੇ ਕੰਢਿਆਂ ਦੁਆਲੇ,
ਵਿਛੀ ਹੋਈ ਧਰਤੀ 'ਤੇ ਝੁਕਿਆ ਹੋਇਆ, ਅਸਮਾਨ ਵਿਖਾਇਆ,
ਇਸ ਘਰ ਵਿਚ ਦਰਾਂ ਤੇ ਦੀਵਾਰਾਂ ਦੀ ਗੁੰਜਾਇਸ਼ ਨਹੀਂ ਸੀ !!!

ਮੈਂ ਤੇਰੇ ਮੇਰੇ ਰਿਸ਼ਤੇ ਨੂੰ,
ਖੁੱਲ੍ਹੀਆਂ ਹਵਾਵਾਂ ਵਿਚ ਮਹਿਕਾਂ ਵਾਂਗ ਖਿੱਲਰਦੇ,
ਫੈਲਦੇ, ਮਿਲਦੇ, ਸਾਹ ਲੈਂਦੇ, ਧੜਕਦੇ ਵੇਖਿਆ ਸੀ,


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਪਰ ਤੂੰ ਕਿਹਾ :
"ਝੀਲ ਦੇ ਪਾਣੀ ਵਿਚ ਖੜੋਤ ਹੈ,
ਇਹ ਸਾਡਾ ਘਰ ਕਿਵੇਂ ਹੋ ਸਕਦੀ ਹੈ ?"

ਮੈਂ ਤੇਰੀਆਂ ਅੱਖਾਂ ਵਿਚ ਡੂੰਘੀ ਨੀਝ ਨਾਲ ਤੱਕਿਆ,
ਆਪਣੇ ਅੰਦਰ ਫੜਫੜਾਇਆ
ਤੇ ਅੰਬਰ ਨੂੰ ਉਡਾਣ ਬਣਾ ਕੇ,
ਸੋਮੇਂ ਤੋਂ ਤੁਰ, ਸਮੁੰਦਰ ਵਿਚ ਸਮਾਇਆ,
ਦਰਿਆ ਚੁੱਕ ਲਿਆਇਆ–
ਦਰਿਆ ਦੇ ਪਾਣੀ ਵਿਚ ਘੁਲੀ, ਜੰਮਣਹਾਰੀ ਮਿੱਟੀ ਨੂੰ, ਤੂੰ
'ਗੰਦੀ' ਆਖਿਆ
ਤੇ ਸਮੁੰਦਰ ਨੂੰ 'ਖਾਰਾ',
ਤੇਰੀ ਪਿਆਸ ਨੂੰ ਇਹ ਸਭ ਕੁਝ ਰਾਸ ਨਾ ਆਇਆ।

ਮੈਂ ਤੇਰੇ ਡੂੰਘੇ ਨੈਣਾਂ ਵਿਚ ਵੇਖਦਿਆਂ,
ਤੇਰੀਆਂ ਜ਼ੁਲਫਾਂ ਨੂੰ ਛੰਡਕਿਆ, ਹਿਲਾਇਆ–
ਮੇਰੀ ਦੀਵਾਨਗੀ ਨੇ ਹਰ ਤਰਫ,
ਘਨਘੋਰ ਘਟਾਵਾਂ ਦਾ ਸਿਲਸਿਲਾ ਫੈਲਾਇਆ,
ਤਾਂ ਤੂੰ ਡਰ ਕੇ ਮੇਰੇ ਨਾਲ ਆ ਜੁੜੀ–
ਤੈਨੂੰ ਘਟਾਵਾਂ ਦੀ ਗਰਜ
ਤੇ ਬਿਜਲੀ ਦੀ ਕੜਕ ਤੋਂ ਭੈ ਆਉਂਦਾ ਸੀ,
ਤੈਨੂੰ ਇਨ੍ਹਾਂ ਦੇ ਹੇਠ ਫੈਲਿਆ 'ਨ੍ਹੇਰਾ ਵੀ ਨਹੀਂ ਭਾਉਂਦਾ ਸੀ।

ਤੂੰ ਹੁਣ ਚਾਨਣ ਦੀ ਇੱਛਾ ਕੀਤੀ,
ਮੈਂ ਕਲਮ ਚੁੱਕੀ ਤੇ ਉਸ ਦੀ ਰੌਸ਼ਨੀ ਨਾਲ,
ਸੂਰਜ ਬਣਾਇਆ –
ਚੁੰਧਿਆਈਆਂ ਅੱਖੀਆਂ ਨਾਲ ਤੂੰ ਕਿਹਾ :
"ਇਹ ਕਿਹਾ ਚਾਨਣ ਹੈ ! ਨਿਰਾ ਅੱਗ ਦਾ ਗੋਲਾ–
ਕਿਰਨਾਂ ਦੇ ਤੀਰ,
ਥਲ ਉੱਤੇ ਫੈਲਿਆ–
ਮੈਂ ਇਸ ਵਿਚ ਸੜ, ਬਲ, ਵਿੱਝ, ਮੁੱਕ ਜਾਵਾਂਗੀ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਮਰਨਾਂ ਨਹੀਂ ਚਾਹੁੰਦੀ।
ਮੈਨੂੰ ਸਿਰਫ ਮੇਰੇ ਜੋਗੀ ਥਾਂ ਦੇ ਦੇ,
ਜਿੱਥੇ ਮੈਂ ਆਪਣਾ ਆਪ ਬਣ ਕੇ ਜੀ ਸਕਾਂ !"

ਮੈਂ ਤੈਨੂੰ ਦੂਰ ਅੰਬਰ 'ਤੇ ਚੜ੍ਹੇ ਸੂਰਜ ਦੀ ਲੋਅ ਵਿਚ,
ਦਰਿਆਵਾਂ, ਥਲਾਂ ਨਾਲ ਤੋਰਦਾ,
ਸਮੁੰਦਰ ਤਕ ਲੈ ਆਇਆ-
ਝੀਲ ਵੀ ਮੇਰੇ ਨਾਲ ਹੀ ਸੀ,
ਮੇਰੀਆਂ ਅੱਖਾਂ ਵਿਚ,
ਮੇਰੇ ਦਿਲ 'ਚੋਂ ਛਲਕਦੀ-

ਮੈਂ ਕਿਹਾ :
"ਸਾਡਾ ਸਾਥ ਏਨਾਂ ਕੁ ਹੀ ਸੀ !
ਨਾ ਤੂੰ ਝੀਲ ਵਿਚ ਤਰੀ,
ਨਾ ਦਰਿਆ ਸੰਗ ਤੁਰੀ,
ਨਾ ਸਮੁੰਦਰ ਵਿਚ ਸਮਾਈ,
ਨਾ ਸੂਰਜ ਨਾਲ ਚੜ੍ਹੀ-
ਧਰਤੀ ਨੂੰ ਛੂਹ ਕੇ ਵੀ ਤੂੰ ਨਿਛੁਹ ਰਹੀ-
ਅਸਮਾਨ ਦੀ ਉਚਾਈ ਵੀ ਤੂੰ
ਆਪਣੀਆਂ ਨਜ਼ਰਾਂ ਵਿਚ ਨਾ ਸਮਾ ਸਕੀ !!!

ਤੂੰ ਇੰਜ ਕਰ,
ਸੱਸੀ, ਸਾਹਿਬਾਂ ਤੇ ਹੀਰ ਦੇ ਜੁਦੇ ਜੁਦੇ ਰੰਗਾਂ ਤੋਂ-
ਇੱਕ ਇਕਾਈ ਵਿਚ ਬੱਝੀ-
ਇਕ ਨਵੀਂ ਤਸਵੀਰ ਬਣਾ
ਤੇ ਮੁਸਕਰਾ ...
... ਮੈਂ ਜ਼ਰੂਰ ਪਰਤਾਂਗਾ-
ਜਦੋਂ ਮੇਰੇ ਅੰਦਰਲੇ
ਪੁਨੂੰ, ਮਿਰਜ਼ੇ ਤੇ ਰਾਂਝੇ ਦੇ ਤਿੰਨੋਂ ਰੰਗ, ਆਪਸ ਵਿਚ ਘੁਲਕੇ,
ਇਕ ਇਕਾਈ, ਇਕ ਤਸਵੀਰ ਬਣ ਚੁੱਕੇ ਹੋਣਗੇ !
ਅਲਵਿਦਾ !!!!!!"



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

# ਉੱਤਰ ਮਾਰਕਸਵਾਦ

ਸਟਾਲਨ ਦੇ ਘਰ ਨਿਕਸਨ ਜੰਮਿਆਂ ਹੈ
ਤੇ ਮਾਓ ਦੇ ਘਰ ਚਰਚਲ।
ਵਿਸ਼ਵੀਕਰਨ ਦੀ ਕਿਰਿਆ ਵਿਚ,
ਸਭ ਕੁਝ ਗਡ ਮਡ, ਉਲਝ ਗਿਆ ਹੈ।

ਸਮਾਜਵਾਦ ਦੀ ਤਾਸੀਰ ਬਦਲ ਗਈ ਹੈ,
ਸਾਮਰਾਜਵਾਦ ਵੀ ਉਹ ਨਹੀਂ ਰਿਹਾ।

ਇਹ ਨਵ-ਬਸਤੀਵਾਦੀ ਯੁੱਗ ਹੈ,
ਬਹੁ-ਰਾਸ਼ਟਰੀ ਕੰਪਨੀਆਂ ਦੇ ਹੱਥ,
ਆਰਥਕ ਸੱਤਾ ਦੀ ਡੋਰ ਹੈ।

ਕੱਠਪੁਤਲੀਆਂ ਵਾਂਗ,
ਸਭ ਦੇਸ਼ਾਂ ਦੇ,
ਸੱਤਾਧਾਰੀ ਹਿੱਲਦੇ ਹਨ,
ਚਿਹਰੇ ਮੁਸਕਰਾਉਂਦੇ, ਹੱਥ ਮਿਲਦੇ ਹਨ।

ਚੀਨ ਵਿਚ, ਦਰਜਾ-ਬਦਰਜਾ,
ਉਦਯੋਗਪਤੀ ਜਾਂ ਰਾਸ਼ਟਰ
ਪੂੰਜੀ ਦੀਆਂ ਪੌੜੀਆਂ ਚੜ੍ਹ ਰਿਹਾ ਹੈ।
ਘਟ ਵੇਤਨ, ਵੱਧ ਬੋਝ ਹੇਠ,
ਚੀਨੀ ਮਜ਼ਦੂਰ,
ਪਿਸ ਰਿਹਾ ਹੈ, ਮਰ ਰਿਹਾ ਹੈ।

ਚੀਨ ਵਾਂਗ ਹੀ,
ਰੂਸ ਵਿਚ ਵੀ, ਅਸਾਂਵੀਂ ਵੰਡ ਹੈ।
ਤਸਕਰੀ, ਦੇਹ-ਵਪਾਰ, ਗੈਂਗ-ਯੁੱਧ,
ਘਪਲਾ, ਰਿਸ਼ਵਤ, ਲਿੰਗ-ਰੋਗ,
ਜੁਰਮ ਦਾ ਸਾਮਰਾਜੀ ਦੌਰ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮਾਰਕਸ ਦੇ ਘਰ,
ਮਾਰਕਸਵਾਦ ਜੰਮਿਆਂ ਸੀ :
"ਹਰ ਕਿਸੇ ਨੂੰ ਉਸ ਦੀ ਲੋੜ ਅਨੁਸਾਰ ਦੇਣ, ਤੇ
ਹਰ ਕਿਸੇ ਤੋਂ ਉਸ ਦੀ ਯੋਗਤਾ, ਸਮਰੱਥਾ ਅਨੁਸਾਰ ਲੈਣ ਲਈ।"
ਪਰ ਇੰਜ ਕਦੇ ਵੀ ਨਾ ਹੋਇਆ !!!!!!

ਮਾਰਕਸਵਾਦ ਤੋਂ ਬਾਅਦ,
ਸਟਾਲਨ ਤੇ ਮਾਓ, ਉਸ ਦੀ
ਨਾਜਾਇਜ਼ ਔਲਾਦ ਵਰਗੇ ਜਾਪਦੇ ਹਨ।

ਰੂਸ ਤੇ ਚੀਨ ਦੇ ਨਾਬਰਾਬਰੀ ਵਾਲੇ,
ਤਾਨਾਸ਼ਾਹੀ ਰਾਜ-ਪ੍ਰਬੰਧ,
ਮਾਰਕਸ ਦਾ ਸੁਫਨਾਂ ਨਹੀਂ ਸਨ !!!!

## ਤਾਨਾਸ਼ਾਹੀ ਤੇ ਵਿਸ਼ਵੀਕਰਨ

ਹੱਥਿਆਰਬੰਦ ਇਨਕਲਾਬ ਵੀ,
ਆਮ ਲੋਕਾਂ ਦੀ ਜ਼ਿੰਦਗੀ ਨਾ ਬਦਲ ਸਕੇ।

ਜ਼ਾਰ ਦੀ ਥਾਂ ਸਟਾਲਨ ਆ ਗਿਆ,
ਚੀਨ ਉੱਤੇ ਮਾਓ ਛਾ ਗਿਆ।

ਤਾਨਾਸ਼ਾਹੀ, ਇਕ ਪੁਰਖ ਦੀ ਹੋਵੇ,
ਇਕ ਪਾਰਟੀ, ਜਾਂ
[1]ਬਹੁ-ਰਾਸ਼ਟਰੀ ਹਿਤ-ਸੰਗਠਨ ਦੀ,
ਕੀ ਫਰਕ ਪੈਂਦਾ ਹੈ ?

---

1. ਬਹੁ-ਰਾਸ਼ਟਰੀ ਹਿਤ-ਸੰਗਠਨ : Organized multinational interest-groups,


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਜਗੀਰੂ ਤੇ ਭੂਪਵਾਦੀ ਸੰਕਲਪ,
ਨਾਟਕ ਦੇ ਪਾਤਰਾਂ ਵਾਂਗ,
ਰੋਲ ਬਦਲ ਲੈਂਦੇ ਹਨ।

ਨਵੇਂ ਮਖੌਟੇ ਤੇ ਨਵੇਂ ਨਾਮ,
ਅਰਥ ਉਹੀ,
ਪਰ ਸ਼ਬਦ ਬਦਲ ਲੈਂਦੇ ਹਨ।

ਵਿਸ਼ਵੀਕਰਨ ਦੇ ਯੁੱਗ ਵਿਚ ਵੀ :
ਮਜ਼ਦੂਰ ਪਿਸ ਰਿਹਾ ਹੈ,
ਕਿਸਾਨ ਪਿਸ ਰਿਹਾ ਹੈ,
ਆਮ ਜਿਹਾ, ਹਰ ਥਾਂ,
ਇਨਸਾਨ ਪਿਸ ਰਿਹਾ ਹੈ।

ਆਰਥਕ ਸ਼ਕਤੀ,
ਸੀਮਤ ਜਿਹੇ ਹੱਥਾਂ ਵਿਚ,
ਕੇਂਦਰਤ ਹੋ ਰਹੀ ਹੈ।

ਧਨ, ਉਤਪਾਦਨ ਤੇ ਖਪਤ ਦੇ
[1] ਸਮੀਕਰਨ ਬਦਲ ਗਏ ਹਨ।

ਆਮ ਆਦਮੀਂ,
ਇਨ੍ਹਾਂ ਵਿਚਕਾਰ,
ਨਾ ਪੂਰੀ ਤਰ੍ਹਾਂ ਜੀ ਰਿਹਾ ਹੈ,
ਨਾ ਮਰ।

ਜ਼ਿੰਦਗੀ ਦੇ-
[2] ਪੂਰਨ ਵਿਸਰਾਮ-ਚਿੰਨ੍ਹ ਤਕ-
ਪੂਰੇ ਹੋਣ ਦੀ,
ਉਡੀਕ ਕਰ ਰਿਹਾ ਹੈ ... !!!

---

1. ਸਮੀਕਰਨ : Equations, 2. ਪੂਰਨ ਵਿਸਰਾਮ-ਚਿੰਨ੍ਹ : Full stop, Period



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਵਣ ਨੂੰ ਬਚਾਓ

ਚੀਨ ਹੀ ਚੀਨ ਦਾ ਦੁਸ਼ਮਣ ਕਿਉਂ ਬਣ ਰਿਹਾ ਹੈ ?

ਚੀਨ ਅਫਸਰਸ਼ਾਹੀ ਹੈ ਕਿ 'ਇਕ-ਪਾਰਟੀ ਤਾਨਾਸ਼ਾਹੀ' ?
ਤੇ ਜਾਂ ਫਿਰ
ਸ਼ੰਘਾਈ ਤੇ ਬੇਜਿੰਗ ਵਿਚ,
ਵਧ ਵਿਗਸ ਰਹੀ,
ਸਰਮਾਏਦਾਰਾਂ ਦੀ ਇਕ ਨਵੀਂ ਨਸਲ ?

ਪਿੰਡਾਂ ਵਿਚ ਉਦਾਸੀ ਹੈ !
ਸ਼ਹਿਰਾਂ ਵਿਚ ਤਣਾਓ ਹੈ।
ਮਾਫੀਏ ਵਾਂਗ ਜਨਤਾ ਦਾ,
ਹਰ ਤਰਫ ਤੋਂ ਘਿਰਾਓ ਹੈ।

ਇਹ ਜੰਗਲ ਕਿਤੇ ਦਾਵਾਨਲ ਨਾ ਬਣ ਜਾਏ !!!!

ਇਸ ਅੱਗ ਨੂੰ ਪਕੜੋ,
ਇਸ ਵਣ ਨੂੰ ਬਚਾਓ !!!!

## ਸਦੀਆਂ ਦੀ ਪਿਆਸ

ਏਸ ਘਰ ਵਿਚ,
ਦੂਰ ਤੇ ਨਿਕਟ ਸੰਚਾਰ ਲਈ,
ਸਭ ਬਿਜਾਲਣੂੰ ਸਾਧਨ ਮੌਜੂਦ ਹਨ,
ਪਰ ਆਪਸ ਵਿਚ ਰਾਬਤਾ ਨਹੀਂ ਹੈ।

ਉੱਤਰੀ ਤੇ ਦੱਖਣੀ ਧਰੁਵ ਜਿਤਨੀ ਦੂਰੀ,
ਇੱਕੋ ਛੱਤ ਹੇਠ ਭੋਗ ਰਹੇ ਹਨ ਇਹ ਲੋਕ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਹ ਇਕ ਦੂਜੇ ਨਾਲੋਂ ਟੁੱਟੇ ਹੋਏ ਹੀ ਨਹੀਂ,
ਇਕ ਦੂਜੇ ਨਾਲ ਜੁੜ ਵੀ ਨਹੀਂ ਸਕਦੇ।

ਘਰ ਵਿਚ ਬੇ-ਘਰੀ,
ਦਿਲ ਵਿਚ ਬੇ-ਦਿਲੀ,
ਤੇ
ਮਨ ਵਿਚ ਬੇ-ਮਨੀ ਦਾ ਵਾਸ ਹੈ।

ਨਜ਼ਰ ਦੀ ਪਹੁੰਚ ਵਿਚ ਪਾਣੀ
... ਪਰ ...
... ਫੇਰ ਵੀ ...
ਸਦੀਆਂ ਦੀ ਪਿਆਸ ਹੈ ... !!!

## 'ਮੈਂ-ਕੁ-ਭਰ' ਅਸਮਾਨ

ਮੈਂ ਤਾਂ ਮੰਗਿਆ ਸੀ ਕੇਵਲ ਇਕ,
'ਮੈਂ-ਕੁ-ਭਰ' ਅਸਮਾਨ।
ਜਾਗ ਪਏ ਕਿਉਂ ਮੇਰੇ ਅੰਦਰੋਂ,
ਸੁੱਤੇ ਸਦੀਆਂ ਦੇ ਨਿਸ਼ਾਨ ?

ਕਦੇ ਕਦੇ ਇਓਂ ਜਾਪੇ, ਜੀਕੂੰ
ਮੁੱਠੀ ਦੇ ਵਿਚ ਧਰਤੀ ਹੋਵੇ,
ਨਜ਼ਰਾਂ ਵਿਚ ਅਸਮਾਨ।

ਦੂਜੇ ਪਲ ਹੀ ਇਓਂ ਜਾਪੇ, ਜਿਓਂ
ਮੇਰੇ ਅੰਦਰ ਟੁੱਟ ਬਿਖਰਿਆ,
ਅੱਖਰ, ਅੱਖਰ ਜੋੜ ਬਣਾਇਆ,
ਕੁਲ ਇਤਿਹਾਸ ਤੇ ਸਗਲ ਧਿਆਨ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਮੈਂ ਵਿਚ ਮਸਤੀ, ਮੈਂ ਵਿਚ ਹਸਤੀ,
ਮੈਂ ਵਿਚ ਸੂਰਜ, ਚੰਦ, ਸਿਤਾਰੇ,
ਮੈਂ ਵਿਚ ਬਾਗ਼, ਹੁਸਨ ਤੇ ਸਾਗਰ,
ਮੈਂ-ਚਿੰਤਨ ਵਿਚ ਸਗਲ ਨਜ਼ਾਰੇ।

'ਮੈਂ ਜਿੰਨਾਂ ਹੀ' ਪਿਆਰ ਸੀ ਮੰਗਿਆ,
ਔਰਤ ਸੁਹਣੀ, ਮਨ ਦੀ ਹਾਣੀ।

ਮੈਂ ਜੋ ਸੋਚਾਂ, ਉਹ, ਉਹ ਸੋਚੇ,
ਉਹ ਮਹਿਸੂਸੇ, ਮੈਂ ਹੱਸਾਸ !

ਜਨਮ, ਜਨਮ ਤੋਂ ਉਸ ਨੂੰ ਮੇਰੀ, ਮੇਰੀ ਉਸ ਨੂੰ,
ਤੇਹ, ਤ੍ਰਿਸ਼ਨਾਂ ਤੇ ਪਿਆਸ !!!

ਮੈਂ ਚਾਹਿਆ ਮੈਂ, ਮੈਂ ਬਣ ਜੀਵਾਂ,
ਧੁੱਪ ਤੇ ਥਲ ਵੀ ਰੂਪ ਨੇ ਮੇਰੇ,
ਮੈਂ ਦੇ ਘੜੇ 'ਚੋਂ 'ਮੈਂ-ਜਲ' ਪੀਵਾਂ।

ਮੇਰੀ ਮੈਂ, ਪਰ ਵਿਣਤਨ ਆ ਗਏ,
ਸਿਆਸੀ ਅਤੇ ਸਮਾਜੀ ਦਰਜ਼ੀ।
ਚੌਖਟਿਆਂ ਵਿਚ ਕੱਟ, ਫਿੱਟ ਕਰਦੇ,
ਮੇਰੀ ਮਰਜ਼ੀ, ਸਮੇਂ ਦੇ ਦਰਜ਼ੀ !

ਮੈਨੂੰ 'ਮੈਂ' ਤੋਂ 'ਅ-ਮੈਂ' ਬਣਾਇਆ,
ਮੇਰੀ ਹਰ ਸੂਰਤ ਦੇ ਉੱਤੇ,
ਉਹਨਾਂ ਆਪਣਾ ਖੋਲ ਚੜ੍ਹਾਇਆ।

ਚਿੱਪਰ, ਚਿੱਪਰ ਕਰ, ਟੁੱਟ ਬਿਖਰੀ,
ਮੇਰੇ ਸੌਂਹੇਂ, ਮੇਰੀ ਪਛਾਣ।
ਇਕ, ਇਕ ਕਰਕੇ, ਝੜੇ ਵਿਲੱਖਣ,
ਸਮਝੇ ਸੀ ਜੁ, 'ਮੈਂ-ਨਿਸ਼ਾਨ' !


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਆਪੇ ਵਿਚ ਅਨਾਪ ਭੋਗਦਾ,
ਕੈਸਾ ਇਹ ਸ਼ਰਾਪ !!!
ਸੋਚ, ਅਹਿਸਾਸ, ਬੇਗਾਨੇ ਹੋਏ,
ਕੈਸਾ ਇਹ ਸੰਤਾਪ ???

## ਸ਼ੀਸ਼ਾ ਤੇ ਪ੍ਰਸ਼ਨਾਂ ਦੀ ਪਿਆਸ

ਸ਼ੀਸ਼ੇ ਦੇ ਵਿਚ ਫੁਲ ਵੱਸਦੇ ਹਨ,
ਸ਼ੀਸ਼ੇ ਵਿਚ ਹੀ ਹਨ ਅੰਗਿਆਰ।
ਸ਼ੀਸ਼ਾ ਮਨ ਦੀ ਵਿਥਿਆ ਬਣਦਾ,
ਜੋ ਸੋਚੋ, ਉਹ ਲਵੋ ਨਿਹਾਰ।

ਸ਼ੀਸ਼ੇ ਦੇ ਵਿਚ ਆਤਮ-ਪੂਜਾ,
ਸ਼ੀਸ਼ੇ ਵਿਚ ਆਤਮ-ਅਭਿਮਾਨ।
ਆਪਣੀ ਪ੍ਰਿਥਵੀ, ਆਪਣੇ ਤਾਰੇ,
ਆਪਣਾ ਹੀ ਹੁੰਦਾ ਆਸਮਾਨ।

ਸ਼ੀਸ਼ੇ ਦੇ ਵਿਚ ਆਪਣਾ ਚਿਹਰਾ,
ਪਿੰਡ, ਬ੍ਰਹਮੰਡ ਦੇ ਸਾਰੇ ਭੇਦ।
ਕਾਵਿ-ਉਡਾਰੀ ਵੀ ਇਸ ਅੰਦਰ,
ਦਰਸ਼ਨ, ਗਿਆਨ ਤੇ ਸਾਰੇ ਵੇਦ।

ਸ਼ੀਸ਼ੇ ਵਿਚ ਮਹਿਬੂਬ ਦਾ ਚਿਹਰਾ,
ਚਿਹਰਾ ਇਕ ਤੇ ਰੂਪ ਅਨੇਕ।
ਸ਼ੀਸ਼ੇ ਵਿਚ ਹੀ ਮਾਨਵਤਾ ਹੈ,
ਰੇਤ ਸਮੇਂ ਦੀ, ਕੇਰਨ ਛੇਕ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਸ਼ੀਸ਼ਾ ਮੇਰੇ ਅੰਗ ਸੰਗ ਵੱਸਦਾ,
ਜਦ, ਜਦ ਹੋਵਾਂ ਮੈਂ ਉਦਾਸ।
ਅੱਖਾਂ ਵਿਚ ਅੱਖਾਂ ਪਾ ਬੋਲੇ,
ਤ੍ਰਿਪਤ ਕਰੇ ਪ੍ਰਸ਼ਨਾਂ ਦੀ ਪਿਆਸ।

## ਅਮਰੀਕਾ : [1] ਹਿੰਸਾ ਦਾ ਸੱਭਿਆਚਾਰ

**(ਅਮਰੀਕਾ ਦੇ ਇਕ ਐਲੀਮੈਂਟਰੀ ਸਕੂਲ ਵਿਚ ਹੋਏ ਬੱਚਿਆਂ ਦੇ ਕਤਲ-ਏ-ਆਮ ਤੋਂ ਬਾਅਦ)**

**1.**
ਵਿਗਿਆਨ ਤੇ ਧਨ-ਬਲ 'ਤੇ,
ਬ੍ਰਹਮੰਡ ਜਿੱਤਣਾਂ ਲੋਚਦਾ,
ਦੂਰ ਹੋਇਆ ਪਿੰਡ ਤੋਂ।
ਜ਼ਿਹਨ ਦੇ ਵਿਚ ਸ਼ੂਨਯ
ਤੇ ਵਕਤ ਵੀ ਖੜੋ ਗਿਆ।

ਵੀਅਤਨਾਮ, ਕਾਬਲ, ਇਰਾਕ,
ਮਾਡਲ[2] ਬਣੇ ਇਸ ਦੇਸ਼ ਦੀ,
ਆਉਣ ਵਾਲੀ ਨਸਲ ਲਈ।

ਹਿੰਸਾ, ਬੰਦੂਕ, ਗੋਲੀਆਂ,
ਹਾਲੀਵੁੱਡ ਦੀ ਫੈਂਟਸੀ[3]।
ਵੀਡੀਓ-ਖੇਡਾਂ 'ਚ ਵੀ,
ਮਰਨ ਤੇ ਮਾਰਨ ਦਾ ਯੁੱਧ,
ਆਉਣ ਵਾਲੀ ਨਸਲ ਜੀਕੂੰ,
ਬਾਲਪਨ ਤੋਂ ਖੇਡਦੀ।

---

1. ਹਿੰਸਾ ਦਾ ਸੱਭਿਆਚਾਰ : Culture of Violence, 2. ਮਾਡਲ : Model, 3. ਫੈਂਟਸੀ : Fantasy



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਟੁੱਟੇ ਘਰਾਂ 'ਚ ਬੇਪਛਾਣ,
ਉਲਝੀ ਹੈ ਅੱਜ ਦੀ ਸੰਤਾਨ।
ਮਨ ਦੇ ਰੋਗ ਤੇ ਤਨ ਦੇ ਰੋਗ,
ਗ਼ੁਰਬਤ-ਰੇਖਾ[1] ਕੱਢੇ ਜਾਨ।

ਘਰਾਂ ਵਾਲੇ ਘਰਾਂ ਅੰਦਰ,
ਬੇਘਰੇ ਹੋ ਬਹਿ ਗਏ।
ਦਰ ਬਨਣਾਂ ਚਾਹੁੰਦੇ ਸਨ,
ਦੀਵਾਰ ਬਣ ਕੇ ਰਹਿ ਗਏ।

**2**

*ਉਮਰ ਉਨ੍ਹਾਂ ਦੀ ਮਸਾਂ
ਕੁਝ ਸ਼ਬਦ, ਕੁਝ ਅਰਥ ਸੀ।
ਭੋਲੇ ਭਾਲੇ ਬਾਲ ਵੀਹ,
ਭੁੰਨ ਦਿੱਤੇ ਬੇ-ਵਜਾਹ,
ਗੋਲੀਆਂ ਦੇ ਨਾਲ ਉਸ
ਛੇ ਕੁ ਬਾਲਗ ਧਰ ਲਏ।
ਮਾਂ ਮਾਰੀ, ਆਪ ਮਰਿਆ,
ਉਲਝਣਾਂ 'ਚ ਉਲਝ ਚੁੱਕੀ,
ਦਾਸਤਾਨ ਕਹਿ ਗਿਆ।
ਦੇਸ਼ ਦਾ ਕੀ ਰਹਿ ਗਿਆ ???

---

1. ਗੁਰਬਤ-ਰੇਖਾ : Poverty Line

* Post Script : 14 ਦਸੰਬਰ, 2012 ਨੂੰ ਅਮਰੀਕਾ ਦੇ ਸ਼ਹਿਰ ਨਿਊ ਟਾਊਨ (New Town, Connecticut) ਦੇ ਸੈਂਡੀ ਹੁਕ ਐਲੀਮੈਂਟਰੀ ਸਕੂਲ (Sandy Hook Elementary School) ਵਿਚ, 20 ਸਾਲ ਦੇ ਇਕ ਯੁਵਕ, ਐਡਮ ਲਾਨਜ਼ਾ (Adam Lanza) ਨੇ, ਅਸਾਲਟ ਰਾਈਫਲ ਨਾਲ, ਛੇ ਛੇ, ਸੱਤ ਸੱਤ ਸਾਲ ਦੇ 20 ਵਿਦਿਆਰਥੀਆਂ ਅਤੇ 6 ਹੋਰ ਅਧਿਆਪਕਾਂ/ਬਾਲਗਾਂ ਨੂੰ, ਬੇਰਹਿਮੀ ਨਾਲ, ਮੌਤ ਦੇ ਘਾਟ ਉਤਾਰ ਦਿੱਤਾ ਸੀ। ਸਵੇਰੇ, ਆਪਣੇ ਘਰੋਂ, ਉਹ ਆਪਣੀ ਮਾਂ, ਨੈਨਸੀ ਲਾਨਜ਼ਾ ਨੂੰ ਸੁੱਤੀ ਪਈ ਨੂੰ ਮਾਰ ਕੇ ਤੁਰਿਆ ਸੀ। ਅੰਤ ਵਿਚ ਉਸ ਨੇ ਆਪਣੇ ਸਿਰ ਵਿਚ ਗੋਲੀ ਮਾਰ ਕੇ ਆਤਮ-ਹੱਤਿਆ ਕਰ ਲਈ। ਅਮਰੀਕਾ ਵਿਚ, ਗੰਨ ਕੰਟਰੋਲ ਲਈ, ਇਸ ਘਟਨਾ ਉਪਰੰਤ, ਇਕ ਨਵੀਂ ਬਹਿਸ ਛਿੜੀ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਗੰਨ ਲੌਬੀ[1], ਵ੍ਹਾਈਟ ਹਾਊਸ[2]
ਕੀ ਕਰਨ ? ਕਿੱਧਰ ਨੂੰ ਜਾਣ ?
ਹੁਣ ਕਿਹੜਾ ਮਾਡਲ ਬਨਾਣ ???

## [3]ਗੈਂਗ ਰੇਪ

**([4]ਦਸੰਬਰ 16, 2012 ਨੂੰ ਦਿੱਲੀ (ਭਾਰਤ) ਵਿਚ ਹੋਇਆ, ਬੱਸ ਗੈਂਗ ਰੇਪ : ਇਕ ਪ੍ਰਤੀਕਰਮ)**

ਔਰਤ,
ਇਕ ਸਰੀਰ ਹੀ ਨਹੀਂ,
ਇਕ ਰਿਸ਼ਤਾ ਵੀ ਹੈ।

ਔਰਤ,
ਜ਼ਿੰਦਗੀ ਦਾ ਜਨਮ-ਦੁਆਰ ਹੈ,
ਹੁਸਨ, ਇਸ਼ਕ ਤੇ ਪਿਆਰ ਹੈ।

---

1. ਗੰਨ ਲੌਬੀ : Gun Lobby, National Rifle Association of America (NRA), 2. ਵ੍ਹਾਈਟ ਹਾਊਸ : White House., 3. ਗੈਂਗ ਰੇਪ (Gang Rape) : ਸਮੂਹਿਕ ਬਲਾਤਕਾਰ, 4. ਦਸੰਬਰ 16, 2012 ਨੂੰ, ਦਿੱਲੀ (ਭਾਰਤ) ਵਿਚ, ਇਕ ਚੱਲਦੀ ਹੋਈ ਬੱਸ ਵਿਚ, 6 ਵਿਅਕਤੀਆਂ ਨੇ 23 ਸਾਲਾ ਵਿਦਿਆਰਥਣ ਦਾ ਸਮੂਹਿਕ ਬਲਾਤਕਾਰ ਕੀਤਾ। ਕੁੜੀ ਦੇ 28 ਸਾਲਾ ਮਿੱਤਰ ਮੁੰਡੇ ਨੂੰ ਕੁੱਟ ਮਾਰ ਕੇ ਬੇਹੋਸ਼ ਕਰ ਦਿੱਤਾ ਗਿਆ। ਇਨ੍ਹਾਂ ਦੋਹਾਂ ਉੱਤੇ, ਲੋਹੇ ਦੇ ਸਰੀਏ ਜਾਂ ਰੌਡ ਨਾਲ, ਤਸ਼ੱਦਦ ਵੀ ਕੀਤਾ ਗਿਆ। ਇਨ੍ਹਾਂ ਨੂੰ ਲੁੱਟ ਕੇ, ਇਨ੍ਹਾਂ ਦੇ ਕਪੜੇ ਵੀ ਲਾਹ ਲਏ ਗਏ। 30-40 ਕੁ ਮਿੰਟਾਂ ਬਾਅਦ, ਚੱਲਦੀ ਬੱਸ ਵਿਚੋਂ, ਇਨ੍ਹਾਂ ਨੂੰ ਬਾਹਰ ਸੁੱਟ ਦਿੱਤਾ ਗਿਆ।

**ਪੋਸਟ-ਸਕ੍ਰਿਪਟ :** 26 ਦਸੰਬਰ ਨੂੰ, ਇਸ ਲੜਕੀ ਨੂੰ ਦਿੱਲੀ ਦੇ ਸਫਦਰ ਜੰਗ ਹਸਪਤਾਲ ਤੋਂ, ਇਲਾਜ ਵਾਸਤੇ, ਸਿੰਘਾਪੁਰ ਦੇ ਮਾਊਂਟ ਅਲੈਜ਼ਬਥ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ 29 ਦਸੰਬਰ, 2012 ਨੂੰ, ਉਸ ਦੀ ਮੌਤ ਹੋ ਗਈ। ਇਹ ਕਵਿਤਾ ਉਸ ਦੀ ਮੌਤ ਤੋਂ ਪਹਿਲਾਂ ਲਿਖੀ ਗਈ ਸੀ ਅਤੇ 'ਸੂਹੀ ਸਵੇਰ' (www.suhisaver.org) ਤੇ 'ਲਿਖਾਰੀ' (www.likhari.org) ਵਿਚ ਛਪ ਵੀ ਚੁੱਕੀ ਸੀ। ਪੱਛਮ ਵਾਂਗ ਹੀ, ਭਾਰਤ ਵਿਚ ਵੀ, ਬਲਾਤਕਾਰ, ਕਤਲ ਤੇ ਹੋਰ ਹਿੰਸਾਤਮਿਕ ਘਟਨਾਵਾਂ ਦੀ ਦਰ ਵਿਚ ਚਿੰਤਾਜਨਕ ਵਾਧਾ ਹੋ ਰਿਹਾ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਔਰਤ, ਮਾਂ ਹੈ,
ਜਨਮ ਦਿੰਦੀ ਹੈ।
ਮਾਂ ਦੇ ਮੰਮਿਆਂ ਵਿਚ,
ਦੁੱਧ ਦੀ ਨਦੀ ਵਹਿੰਦੀ ਹੈ।
ਧੀ, ਪੁੱਤ ਦੀ ਸੁਰੱਖਿਆ ਲਈ,
ਉਸਦੀਆਂ ਅੱਖਾਂ ਵਿਚ,
ਹਰ ਸਮੇਂ ਹੀ, ਇਕ ਜੋਤ ਜੱਗਦੀ ਰਹਿੰਦੀ ਹੈ।

ਔਰਤ, ਭੈਣ ਹੈ,
ਹਰ ਹਾਲ ਵਿਚ, ਵੀਰ ਦੀ ਮੌਤ ਮਰਦੀ,
ਉਸਦੀ ਸੁੱਖ ਮੰਗਦੀ ਹੈ।
ਔਰਤ, ਪਤਨੀ ਹੈ,
ਕੁਲ ਤੇ ਕਾਲ ਨੂੰ ਅੱਗੇ ਤੋਰਦੀ ਹੈ,
ਅੱਜ ਨੂੰ,
ਕੱਲ੍ਹ ਤੇ ਭਲਕ ਨਾਲ ਜੋੜਦੀ ਹੈ।

ਔਰਤ, ਪ੍ਰੇਮਿਕਾ ਹੈ,
ਤੁਹਾਡੀਆਂ ਅੱਖਾਂ ਵਿਚ ਵੇਖ ਕੇ,
ਅੰਬਰ ਨੂੰ ਹੋਰ ਨੇੜੇ,
ਤੁਹਾਡੀ ਪਹੁੰਚ ਵਿਚ ਕਰ ਦਿੰਦੀ ਹੈ।

ਗੈਂਗ ਰੇਪ ਕਰਨ ਵਾਲਿਓ !
ਤੁਸੀਂ ਮਨੁੱਖਤਾ ਨਾਲ,
ਕੁਹਜਾ ਤੇ ਹਿੰਸਕ ਵਿਸਾਹਘਾਤ ਕੀਤਾ ਹੈ।
ਆਪਣੀ ਮਾਂ, ਧੀ, ਪਤਨੀ, ਭੈਣ ਤੇ ਪ੍ਰੇਮਿਕਾ,
ਸਭ ਦਾ,
ਬਲਾਤਕਾਰ ਕੀਤਾ ਹੈ।

ਪਸ਼ੂ ਪੰਛੀ ਤੇ ਹੋਰ ਜੀਵ ਵੀ,
ਨੇੜੇ ਦੇ ਰਿਸ਼ਤੇ ਪਹਿਚਾਣਦੇ ਹਨ।
ਤੁਹਾਨੂੰ ਪਸ਼ੂ ਆਖਣਾਂ ਵੀ,
ਪਸ਼ੂਆਂ ਦਾ ਨਿਰਾਦਰ ਹੈ !!!


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## [1] ਭਾਰਤ : ਭ੍ਰਿਸ਼ਟਾਚਾਰ ਦਾ ਸੱਭਿਆਚਾਰ

ਆਦਮ ਅਤੇ ਹੱਵਾ ਨੇ ਤੋਰੀ,
ਵਰਜਤ ਫਲ ਖਾਵਣ ਦੀ ਰੀਤ।
ਬੀਜੋ ਬੀਜ ਤੁਰੀ ਇਹ ਵਿਥਿਆ,
ਧਰਮ, ਕਰਮ, ਵਿਸ਼ਵਾਸ ਪਲੀਤ।

ਪਾਂਡੋ ਪੰਜ ਤੇ ਇਕ ਦਰੋਪਦੀ,
ਇਕ ਦੇਹ ਵਿਚ ਪੰਜ ਦੇਹਾਂ ਲੱਥੀਆਂ।
ਕਾਮ, ਕਹਾਣੀ, ਨਵ-ਅਧਿਆਇ,
ਮਿਲਿਆ ਦਿਲ, ਨਾ ਲੜੀਆਂ ਅੱਖੀਆਂ।

ਜ਼ੋਰ, ਜ਼ਬਰ ਵਿਚ ਰੰਗਿਆ ਕਾਮ,
ਰਿਸ਼ਤੇ ਸਾਰੇ ਤੋੜ ਬਿਖਾਰੇ।
"[2] ਗੋਤ-ਗਮਨ ਤੇ [3] ਰੇਪ ਦਾ ਯੁੱਗ ਹੈ",
ਕਹਿੰਦੇ ਪਏ ਚਿੰਤਨ ਅੰਧਿਆਰੇ।

ਬੱਚੇ ਬਣੇ ਨੇ [4] ਕਾਮ-ਖਿਡੌਣੇ,
[5] ਪੁਲਸ, ਖੇਤ ਨੂੰ ਖਾਂਦੀ ਵਾੜ।
ਨਿਆਂ, ਨੌਕਰੀ, ਵਿੱਦਿਆ, ਕਿੱਤੇ,
ਸਭ ਵਿਕਦੇ ਨੇ ਏਸ ਬਾਜ਼ਾਰ।

ਤਨ ਦਾ ਖ਼ੂਨ ਅੱਖਾਂ ਵਿਚ ਲੱਥਾ,
ਸੂਹੇ ਹੋ ਗਏ ਪਿੰਡ, ਬ੍ਰਹਮੰਡ।
ਉਲਝ ਗਿਆ ਗੁੰਝਲਾਂ ਵਿਚ ਮਾਨਵ,
ਮਨ-ਰੋਗਾਂ ਦੀ ਰੁੱਤ ਪਰਚੰਡ।

---

1. ਭਾਰਤ : ਭ੍ਰਿਸ਼ਟਾਚਾਰ ਦਾ ਸੱਭਿਆਚਾਰ : India : A Culture of Corruption,
2. ਗੋਤ-ਗਮਨ : Incest, 3. ਰੇਪ : ਬਲਾਤਕਾਰ, Rape, 4. ਕਾਮ-ਖਿਡੌਣੇ : Sex-toys,
5. ਪੁਲਸ : Police



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਜੰਗਾਂ ਵਿਚ ਇਤਿਹਾਸ ਹੈ ਰੰਗਿਆ
ਰੱਤ, ਹਿੰਸਾ ਵਿਚ ਸੱਭਿਆਚਾਰ।
ਲੁੱਟ ਖੋਹ ਦਾ ਬਾਜ਼ਾਰ ਗਰਮ ਹੈ,
ਸਿਖਰ 'ਤੇ ਪੁੱਜਾ ਭ੍ਰਿਸ਼ਟਾਚਾਰ।

## ਬਾਲੀਵੁੱਡ : ਨਾਇਕ ਤੇ ਖਲਨਾਇਕ

'ਮਾਰ-ਧਾੜ' ਤੇ 'ਆਈਟਮ ਗੀਤ',
ਕਾਮ-ਉਤੇਜਕ ਹਾਰ ਸ਼ਿੰਗਾਰ।
ਨਸ਼ੇ, ਤਸਕਰੀ ਵਿਚ ਗ਼ਰਕਿਆ,
'ਬਾਲੀਵੁੱਡ' ਦਾ ਸੱਭਿਆਚਾਰ।

ਚਮਕ ਦਮਕ ਤੇ ਮਹਿੰਗੀਆਂ ਕਾਰਾਂ,
ਦਿਨ ਚੜ੍ਹਦਾ ਜਿਓਂ ਵਾਂਗ ਤਿਓਹਾਰਾਂ।
ਹੋਟਲ, ਨਾਚ-ਕਲੱਬਾਂ ਅੰਦਰ,
ਨੱਚਣ ਜੀਵਨ ਦੀਆਂ ਬਹਾਰਾਂ।

ਫੈਂਟਸੀ ਵਰਗੇ ਵਾਤਾਵਰਨ 'ਚ,
ਫੈਂਟਸੀ ਭੋਗਣਾ ਚਾਹਵਣ ਸਾਰੇ।
ਹਿੰਸਕ, ਚੋਰ ਤੇ ਡਾਕੂ, ਦੱਲੇ,
ਜਬਰ-ਸੰਭੋਗੀ ਬਣ ਹੱਤਿਆਰੇ।

ਟੀ.ਵੀ. 'ਤੇ ਵੀ ਇਹ ਕੁਝ ਹੋਵੇ,
ਨਿੱਕੇ ਨਾਟਕ ਸਿਲਸਿਲੇਵਾਰ।
ਨਾਜ਼ਕ ਮਨਾਂ ਦੀ ਸਮਝ-ਸਾਲਾਹ ਲਈ,
ਬੁੱਧ, ਵਿਵੇਕ ਨਾ ਅਜੇ ਤਿਆਰ।

ਵੀਡੀਓ-ਖੇਡਾਂ, ਇੰਟਰਨੈੱਟ ਵੀ,
ਹਿੰਸਾ ਤੇ ਯੁੱਧ ਦੇ ਅਖਾੜੇ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਖੇਡ, ਖੇਡ ਵਿਚ ਹਰ ਕੋਈ ਸਿੱਖੇ,
ਕੀਕੂੰ ਬਚੇ ਤੇ ਕੀਕੂੰ ਮਾਰੇ ?

ਨੀਤੀ, ਧਰਮ, ਅਦਾਲਤ, ਸੰਸਦ,
ਕਾਲੇ ਧੰਦੇ ਦੇ ਬਾਜ਼ਾਰ।
ਅਕਲ, ਇਲਮ ਵੀ ਵਸਤ ਖਪਤ ਦੀ,
ਵਿਕਣ, ਵੇਚਣ ਲਈ, ਸਭ ਤਿਆਰ।

ਉਲਝੀਆਂ ਸੋਚਾਂ, ਟੇਢੇ ਰਸਤੇ,
ਰੋਗੀ ਮਨ, ਛਾਇਆ ਅੰਧਕਾਰ।
ਨਾਇਕ ਅਤੇ ਖਲਨਾਇਕ ਬਨਣ ਲਈ,
ਦਰਸ਼ਕ ਇੱਕੋ ਸਮੇਂ ਤਿਆਰ !!!

## ਖਪਤ-ਸੱਭਿਆਚਾਰ : ਬਦਲਦੇ ਸੰਦਰਭ

ਕੈਸਾ ਖਪਤ ਦਾ ਸੱਭਿਆਚਾਰ !!!
ਤਨ, ਮਨ ਦਾ ਹੋਵੇ ਵਿਓਪਾਰ।
ਦੱਲੇ ਨੇਤਾ, ਸਿਆਸਤ ਰੰਡੀ,
ਰਿਸ਼ਤੇ ਬਣੇ ਗਲੋਬਲ ਮੰਡੀ।

ਤਸਕਰੀ ਨੇ ਸਭ ਦੇਸ਼ ਨੇ ਘੇਰੇ :
ਨਸ਼ੇ, ਆਦਮੀਂ, ਬੱਚੇ, ਰੰਨਾਂ,
ਵਿਕਣ ਲਈ, ਇਸ ਮੰਡੀ, ਡੇਰੇ।

ਆਤਮ-ਘਾਤੀ ਬੰਬ, ਆਤੰਕ,
ਧਰਮ, ਨਿਆਂ ਤੇ ਦੇਹ-ਵਿਓਪਾਰ,
ਬਸਤੀਵਾਦੀ ਵਿਕਰੀ-ਮਾਲ,
ਹੱਦਾਂ ਤੇ ਸਰਹੱਦਾਂ ਟੱਪੇ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਸੱਤਾ ਬਣੀ ਤਮਾਸ਼ਾ, ਵੇਖੇ,
ਰੰਡੀ ਬਣ, ਬਣ, ਆਪੇ ਨੱਚੇ।

ਮਿਸ਼ਰਤ ਹੋ ਗਏ ਸਭ ਨਿਜ਼ਾਮ,
ਅਰਥ-ਚਾਰੇ ਭ੍ਰਸ਼ਟ ਹੋ ਗਏ।
ਘਰ, ਟੱਬਰ ਦੀਆਂ ਨੀਂਹਾਂ ਹਿੱਲੀਆਂ,
ਅਦਲ, ਅਦਾਲਤ ਨਸ਼ਟ ਹੋ ਗਏ।
ਮਨ ਅੰਦਰ, ਸੋਚਾਂ ਵਿਚ ਗੁੰਝਲਾਂ,
ਭਾਵਾਂ, ਅਹਿਸਾਸਾਂ ਵਿਚ ਗੁੰਝਲਾਂ।

ਕਲਪਨਾਂ, ਸੁਫਨੇ, ਸਭ ਉਲਝੇਵਾਂ,
ਵਾਟਾਂ, ਪੈਰਾ ਵਿਚ ਵਲੇਵਾਂ।

ਹਰ ਪਾਸੇ ਹੀ ਸੁੰਨ ਖਲਾਅ,
ਅੱਗ ਦਾ ਗੋਲਾ ਬਣਕੇ ਸੂਰਜ,
ਇਸ ਜੰਗਲ ਵਿਚ ਆ ਡਿੱਗਿਆ,
ਦਾਵਾਨਲ ਵਿਚ ਬਲੇ ਮਨੁੱਖਤਾ !!!

## ਯੁੱਧ ਦੀ ਸ਼ਤਰੰਜ

ਯੁੱਧ ਕਰਨ ਤੋਂ ਪਹਿਲਾਂ ਹੀ,
ਉਸ ਨੇ ਹੱਥਿਆਰ ਸੁੱਟ ਦਿੱਤੇ।

ਤਦ ਤੋਂ ਹੀ, ਮੈਂ
ਆਪਣੇ ਆਪ ਦੇ ਨਾਲ,
ਲੜਦਾ ਆ ਰਿਹਾ ਹਾਂ,
ਲਗਾਤਾਰ।

ਯੁੱਧ ਵਿਚ, ਹੱਥਿਆਰ ਚੁੱਕਣੇ ਜ਼ਰੂਰੀ ਨਹੀਂ ਹੁੰਦੇ,
ਚਿੰਤਨ ਜ਼ਰੂਰੀ ਹੁੰਦਾ ਹੈ, ਚਿੰਤਨ ਦਾ ਮੰਥਨ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਬਹੁਤੇ ਯੁੱਧ ਹੱਥਿਆਰ ਚੁੱਕਣ ਤੋਂ ਬਿਨਾਂ ਹੀ,
ਜਿੱਤ ਲਏ ਜਾਂਦੇ ਹਨ, ਸ਼ਤਰੰਜ ਦੀ ਖੇਡ ਵਾਂਗ।

ਉਹ ਨਾ ਲੜ ਕੇ ਵੀ, ਨਹੀਂ ਹਾਰਿਆ
ਤੇ ਮੈਂ ਲੜ, ਲੜ, ਹਾਰ ਰਿਹਾ ਹਾਂ,
ਉਸ ਕੋਲੋਂ, ਆਪਣੇ ਆਪ ਕੋਲੋਂ !!!

## ਕੁਕਨੂਸ : ਤ੍ਰੈਕਾਲੀ ਚਿਤਰਪਟ

1
ਭੂਤ ਵਲਾਂ ਪਰਤਦਾ ਹਾਂ, ਤਾਂ
ਡਿਸਕ ਕਰੈਸ਼ ਹੋ ਜਾਂਦੀ ਹੈ।

ਰਿਸ਼ਤਿਆਂ, ਚਿਹਰਿਆਂ,
ਘਟਨਾਵਾਂ ਤੇ ਥਾਵਾਂ ਦੇ ਬਿੰਬ,
ਪਲਕ ਝਪਕ 'ਚ,
ਸ਼ੂਨਯ ਹੋ ਜਾਂਦੇ ਹਨ।

ਸੂਈਆਂ ਡਿਗ ਪੈਂਦੀਆਂ ਹਨ,
ਕਲਾਕ ਖੜੋ ਜਾਂਦੇ ਹਨ !!!

2
ਵਰਤਮਾਨ ਦੀ ਗੱਲ ਵੀ,
ਜੀਭ 'ਤੇ ਛਾਲਾ ਹੈ !

ਹਰ ਫਰਦ ਅਪਰਾਧੀ,
ਆਪਣਾ ਹੀ ਪਾਲਾ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਇਹ ਅਜਨਬੀ ਬਸਤੀ ਹੈ,
ਹਰ ਚਿਹਰਾ ਘੁਟਾਲਾ ਹੈ।

3
ਭਲਕ ਵੱਲ ਵੀ, ਤਾਂ
ਸੰਘਣਾਂ ਅਨ੍ਹੇਰਾ ਹੈ।

ਸੁਫਨੇ ਨੇ ਮਰੇ ਹੋਏ,
ਗਿਰਝਾਂ ਦਾ ਡੇਰਾ ਹੈ।

4
ਤ੍ਰੈ-ਕਾਲ ਇਹ ਮੇਰਾ ? ਕਿ
ਸੱਭਿਅਤਾਵਾਂ ਦੀ ਵਿਥਿਆ ਹੈ ???

ਇਹ ਸਫਰ ਹੈ ਅਰਥਾਂ ਦਾ,
ਇਹ ਸ਼ਬਦਾਂ ਨੇ ਕਥਿਆ ਹੈ !

5
ਤ੍ਰੈ-ਕਾਲੀ ਚਿਤਰਪਟ ਦੀ,
ਹਰ ਬਾਤ ਬੁਝਾਰਤ ਹੈ !!!

ਕੁਕਨੂਸ ਨੂੰ ਮਰ, ਮਿਟਕੇ ਵੀ,
ਜਿਊ ਪੈਣ ਦੀ ਆਦਤ ਹੈ !!!

## ਆਤਮ-ਘਾਤੀ ਬੰਬ

ਪੈਰਾਂ ਨੇ ਮਸਾਂ ਤੁਰਨਾ ਹੀ ਸਿੱਖਿਆ ਸੀ
ਕਿ ਦਿਮਾਗ਼ ਧੋ ਦਿੱਤਾ ਗਿਆ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਪੋਚੀ ਹੋਈ ਫੱਟੀ 'ਤੇ,
ਵਿੰਗੇ, ਟੇਢੇ ਤੇ ਭੁਲਾਵੇਂ ਅੱਖਰ ਲਿਖ ਦਿੱਤੇ ਗਏ।

ਜੀਵਨ ਵਿਚ,
ਗੁੰਝਲਾਂ ਤੇ ਭੁੱਲ ਭੁਲੱਈਆਂ ਤੋਂ ਬਿਨਾਂ,
ਜੀਵਨ ਵਰਗਾ, ਕੁਝ ਬਚਿਆ ਹੀ ਨਹੀਂ ਸੀ,

ਇਸ ਲਈ, ਮੌਤ ਤੋਂ ਬਾਅਦ,
ਮਿਲਣ ਵਾਲੀ ਜੱਨਤ ਦਾ ਟਿਕਟ ਕਟਵਾ ਕੇ,
ਉਹ ਕਾਲ ਦੇ ਤੇਜ਼ ਵਾਹਣ ਉੱਤੇ ਚੜ੍ਹ ਗਏ।

ਭਰੇ ਭੁਕੰਨੇਂ ਮੇਲੇ ਵਿਚ,
ਆਪ ਫਟਣ ਤੇ ਸਭ ਨੂੰ ਫਾੜਨ ਵਾਲਾ,
ਆਤਮਘਾਤੀ ਬੰਬ ਬਣ ਗਏ !!!

## ਚਿੜੀ ਵਰਗੀ ਕੁੜੀ

ਚਿੜੀ ਵਰਗੀ ਇਕ ਕੁੜੀ,
ਮੇਰੀ ਜ਼ਿੰਦਗੀ 'ਚ ਮੈਨੂੰ
ਬਹੁਤ ਪਛੜਕੇ ਮਿਲੀ।

ਉਸ ਅੰਦਰ ਅਥਾਹ ਊਰਜਾ ਸੀ-
ਕਦੇ ਏਸ ਡਾਲੀ, ਕਦੇ ਓਸ ਫੁੱਲ,
ਕਦੇ ਏਸ ਰੁੱਖ, ਕਦੇ ਓਸ ਮਮਟੀ,
... ਨਿਰਛਲ ... ਨਿਰ-ਵਲ ...
ਉਸ ਲਈ ਇਹ ਮਾਹੌਲ ਤੰਗ ਸੀ।
ਉਹ ਇਕ ਅਪਰਿਭਾਸ਼ਤ[1] ਉਮੰਗ ਸੀ।

---

1. ਅਪਰਿਭਾਸ਼ਤ : ਜਿਸਦੀ ਕੋਈ ਪਰਿਭਾਸ਼ਾ ਨਾ ਹੋਵੇ (Undefined)


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਉਸਦੀ ਨਜ਼ਰ ਸੌਂਹੇਂ,
ਅਸਮਾਨ ਸੌੜਾ ਸੀ।
ਉਸ ਕੋਲ ਵਿਹਲ ਬਹੁਤ,
ਮੇਰੇ ਕੋਲ ਸਮਾਂ ਥੋੜ੍ਹਾ ਸੀ।

ਉਸਦੀਆਂ ਸੱਤ-ਰੰਗੀਆਂ ਦੇ ਰੰਗ,
ਆਪਸ ਵਿਚ ਘੁਲਕੇ,
ਅਨੇਕ ਰੰਗਾਂ ਦੀ ...
... ਓੜ੍ਹਨੀ ਬਣ ਗਏ ਸਨ।
ਉਹ ਆਰ ਤੋਂ ਦਿਸਦਾ ਪਾਰ
ਤੇ ਪਾਰ ਤੋਂ ਅਗਾਂਹ ਵੱਸਦਾ,
ਪਿਆਰ ਸੀ।

ਉਸਦੀ ਮੁਸਕਰਾਹਟ ਵਿਚ,
ਚੁੱਪ ਦੀ ਭਾਸ਼ਾ ਦਾ ਵਾਸ ਸੀ।
ਏਨਿਆਂ ਅਰਥਾਂ ਦੀ ਸਾਕਾਰ ਮੂਰਤ,
ਉਹ ਕੁੜੀ ਕਿਉਂ ਉਦਾਸ ਸੀ ???

ਏਸ ਉਮਰੇ ਜਦੋਂ ਮੇਰੇ ਸਭ ਰੰਗ,
ਇਕ ਦੂਜੇ ਵਿਚ ਡੁੱਲ੍ਹਕੇ,
ਕਾਲੇ ਰੰਗ ਵਿਚ ਬਦਲ ਰਹੇ ਹਨ-
ਮੇਰੇ ਅੰਦਰਲੇ ਸੂਰਜ ਦੇ ਨਾਲ ਹੀ,
ਮੇਰੇ ਸਭ ਅਸਮਾਨ ਢਲ ਰਹੇ ਹਨ
ਤੇ ਮੇਰਾ ਅਕਸ,
... ਫਿਰ ਕਦੇ ਨਾ ਪਰਤਣ ਲਈ,
ਆਪਣੇ ਬੁੱਤ ਵਿਚ ਸਿਮਟ,
ਸ਼ੀਸ਼ੇ ਵਿਚ ਸਮਾ ਰਿਹਾ ਹੈ ...
ਛਿਣ, ਛਿਣ ਕਰ ਕੇ ...
... ਤਾਂ ਮੈਂ ...
... ਚਿੜੀ ਵਰਗੀ,
ਉਸ ਕੁੜੀ ਵਲ ਵੇਖਦਾ ਹਾਂ :



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਜ਼ਿੰਦਗੀ ਤੋਂ ਵੱਡੇ,
ਜ਼ਿੰਦਗੀ ਦੇ ਅਰਥ ਨਿਹਾਰਦਾਂ !!!

ਉੱਚੀਆਂ ਸੋਚਾਂ 'ਚ ਡੁੱਬਿਆ,
ਲੋਚਦਾ ਹਾਂ :

ਨੀ ਚਿੜੀਏ ! ਨੀ ਕੁੜੀਏ !
ਤੇਰੀ ਊਰਜਾ ਨੂੰ,
ਤੇਰੀ ਵੇਵ-ਲੈਂਗਥ[1] ਜੇਡਾ ਪਿਆਰ ਮਿਲੇ,
ਤੇਰੇ ਰੰਗਾਂ ਵਿਚ,
ਤੇਰੇ ਹਾਣ ਦੀ ਗੁਲਜ਼ਾਰ ਖਿਲੇ !!!

ਇਹ ਮਨ ਦੇ ਹਾਣੀਆਂ[2] ਦੀ ਰੁੱਤ ਹੈ !
ਤੈਨੂੰ ਏਸ ਰੁੱਤ ਦਾ,
ਹਰ ਸੰਭਵ ਸਰੋਕਾਰ ਮਿਲੇ।

ਏਥੇ ਕਿਤੇ ਹੀ ਤੇਰਾ ਅੰਬਰ ਹੈ-
ਹਰ ਪਿੰਜਰੇ ਤੋਂ ਮੁਨਕਰ-
ਤੇਰੇ ਖੰਭ ਹਨ,
ਖੰਭਾਂ 'ਚ ਰੰਗ ਹਨ,
ਰੰਗਾਂ 'ਚ ਆਕਾਸ਼ ਹੈ, ਉਡਾਣ ਹੈ !!!

ਅਲਵਿਦਾ !

ਇਨ੍ਹਾਂ ਰੰਗਾਂ, ਸੁਗੰਧਾਂ ਤੇ ਅੰਬਰਾਂ ਨੂੰ,
ਪਲਕਾਂ 'ਚ ਸਮੇਟ-
ਜਿੱਥੋਂ ਤਕ ਨਜ਼ਰ ਜਾਂਦੀ ਹੈ, ਤੂੰ,
ਹਰ ਪਿਆਰ ਕਰਨ ਵਾਲੇ ਲਈ,
ਦੁਮੇਲ ਦੀ ਹਕੀਕਤ ਬਣੀ ਰਹੇਂ !!!

---

1. ਵੇਵ-ਲੈਂਗਥ : Wave-length, 2. ਮਨ ਦੇ ਹਾਣੀ : Mind-mates


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਚਿੜੀ ਵਰਗੀ ਇਕ ਕੁੜੀ,
ਮੇਰੀ ਜ਼ਿੰਦਗੀ 'ਚ ਮੈਨੂੰ
ਬਹੁਤ ਪਛੜਕੇ ਮਿਲੀ !!!

## ਬੀਜ ਦੇ ਮੌਸਮ

ਮੈਂ ਇਕ ਬੀਜ ਬਣ ਕੇ ਜੀਵਿਆ
ਤੇ ਬੀਜ ਅੱਗੇ ਤੁਰ ਪਿਆ :
ਪੁੱਤਰ ... ਪੋਤਰੀਆਂ ... ਪੋਤਰੇ ...

ਮਿੱਟੀ, ਹਵਾ, ਆਕਾਸ਼, ਸੂਰਜ ਤੇ ਸਮੁੰਦਰ,
ਸਮੇਂ 'ਤੇ ਉੱਕਰੇ ਹੋਏ ਪੱਕੇ ਨਿਸ਼ਾਨ।

ਧਰਤੀ ਹਰ ਵਰ੍ਹੇ-
ਰੰਗ ਬਿਰੰਗ ਵਿਚ,
ਜਾਗਦੀ, ਜੰਮਦੀ ਰਹੀ-
ਸਮੇਂ ਨੂੰ ਇਤਿਹਾਸਦੀ[1]।

ਤਲੀ 'ਤੇ, ਜੋ ਛਿਣ ਰੱਖਿਆ,
ਆਪਣੇ ਹੀ ਸੇਕ ਨਾਲ,
ਤ੍ਰੇਲ ਵਾਂਗੂੰ, ਭਾਫ ਬਣ ਕੇ, ਉੱਡ ਗਿਆ।

ਛਿਣ, ਛਿਣ ਜੋ ਜੋੜਿਆ,
ਉਂਗਲਾਂ 'ਚੋਂ, ਰੇਤ ਵਾਂਗੂੰ ਕਿਰ ਗਿਆ
ਪੁੱਤਰ ... ਪੋਤਰੀਆਂ ... ਪੋਤਰੇ ...
ਮੈਂ ਉਨ੍ਹਾਂ ਦੇ ਭਰਮ ਦੇ ਵਿਚ ਘਿਰ ਗਿਆ।

1. ਇਤਿਹਾਸਦੀ - ਇਤਿਹਾਸ ਲਿਖਦੀ, Historifies



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਭਰਮ ਦੇ ਇਹ ਦਾਇਰੇ,
ਸ਼ੱਚ-ਭਾਅ ... ਤਨ-ਰੂਪ ਵਿਚ,
ਦਿੰਦੀ ਰਹੀ ਹੈ ਹਰ ਨਸਲ,
ਅਗਲੀ ਨਸਲ ਨੂੰ, ਫੇਰ ਵੀ ...

ਇਹ ਮਨੁੱਖ :
ਜਿਸਮ ਵਿਚ ਮੁੱਕਦਾ ਰਿਹਾ ...
ਤੇ [1] ਪੀੜ੍ਹੀਏਂ ਪੁੱਗਦਾ ਰਿਹਾ ...

ਬੀਜ ਦੇ ਨਸ਼ਟ ਹੋਣ ਵਿਚ ਹੀ,
ਕੁਦਰਤ ਦਾ [2] ਹੱਲ ਹੈ।
ਖੁਦ ਨੂੰ ਮਾਰ, ਜੀਵਨ
ਅੱਗੇ ਤੋਰਨੇ ਦੀ ਗੱਲ ਹੈ।

ਧਰਤੀ, ਪੌਣ, ਪਾਣੀ ਤੇ ਬੀਜ,
ਜਿਸ ਸ੍ਰਿਸ਼ਟੀ ਦਾ ਰੂਪ ਹਨ,
ਉਹ ਸ੍ਰਿਸ਼ਟੀ ਮੇਰੀ ਹੈ।

ਮੈਂ ਇਕ ਬੀਜ ਬਣ ਕੇ ਜੀਵਿਆ
ਤੇ ਬੀਜ ਅੱਗੇ ਤੁਰ ਪਿਆ :
ਪੁੱਤਰ ... ਪੋਤਰੀਆਂ ... ਪੋਤਰੇ ...

## ਵਿਸ਼ਵੀਕਰਨ : ਅਧੂਰੀ ਵਿਥਿਆ

[3] ਸੈਟੇਲਾਈਟ, ਖਲਾਅ-ਤਕਨੀਕ,
[4] ਦੂਰ-ਸੰਚਾਰ ਦੇ ਸਾਧਨ ਸਾਰੇ।

---

1. ਪੀੜ੍ਹੀਏਂ : ਪੀੜ੍ਹੀਆਂ ਵਿਚ, 2. ਹੱਲ : Solution 3. ਸੈਟੇਲਾਈਟ, ਖਲਾਅ ਤਕਨੀਕ : Satellite and Space technology, 4. ਦੂਰ-ਸੰਚਾਰ : Telecommunications



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਸਭ ਮਾਨਵ ਦੀ ਸੋਚ ਦੇ ਅੰਦਰ,
ਏਥੋਂ ਚੜ੍ਹਦੇ, ਸੂਰਜ, ਤਾਰੇ।

'ਪਿੰਡ', 'ਬ੍ਰਹਮੰਡ' ਵੀ ਸ਼ਬਦ ਨੇ ਇਸ ਦੇ,
ਇਸ ਦੀ ਬੋਲੀ ਦੇ ਆਧਾਰ।
ਸੱਭਿਅਤਾ, ਲੋਕ-ਯਾਨ ਵਿਚ ਵੱਸਦਾ,
ਇਸ ਦੇ ਅਰਥਾਂ ਦਾ ਪਾਸਾਰ।

ਨਖਯਤਰਾਂ ਤਕ ਪਹੁੰਚ ਹੈ ਇਸ ਦੀ,
ਬ੍ਰਹਮੰਡ ਦੀ ਇਹ ਲਿਖੇ ਕਿਤਾਬ।
ਦਰਸ਼ਨ, ਸਾਇੰਸ ਤੇ ਮਨ-ਵਿਗਿਆਨ,
ਚਿੰਤਨ ਇਸ ਦਾ, ਵੱਖ, ਵੱਖ ਬਾਬ[1]।

ਵਿਸ਼ਵੀਕਰਨ 'ਚ ਘਟੇ ਫਾਸਲੇ,
ਦੇਸ਼ਾਂ ਵਿਚ ਰਹੀ ਨਾ ਦੂਰੀ।
ਮਾਨਵ ਤੋਂ ਮਾਨਵ ਪਰ ਦੂਰ,
ਵਿਥਿਆ ਇਸ ਦੀ ਅਜੇ ਅਧੂਰੀ।

## [2]ਮੋਬਾਇਲ ਟਾਪੂ

ਟਾਪੂ, ਸਮੁੰਦਰ ਵਿਚ,
ਆਪਣੀਆਂ ਜੜ੍ਹਾਂ ਨਾਲੋਂ,
ਟੁੱਟ ਗਏ ਹਨ।

ਜੜ੍ਹਾਂ ਦੀ ਜਕੜ ਦਾ ਬੋਝ ਲਾਹ ਕੇ,
ਹਲਕੇ ਹੋ ਗਏ ਹਨ, ਨਿੱਕੇ, ਨਿੱਕੇ,
ਤਿੱਖੇ, ਤਿੱਖੇ, ਨਿਵੇਕਲੇ ਟਾਪੂ।

---

3. ਬਾਬ : Chapter(s) 1. ਮੋਬਾਇਲ ਟਾਪੂ : Moblie Islands



Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਟਾਪੂ, ਇਕ ਦੂਜੇ ਤੋਂ ਅਲਹਿਦਾ,
ਇਕ ਦੂਜੇ ਤੋਂ ਬੇਖਬਰ,
ਆਪਣੀ ਹੀ ਧੁਨ ਵਿਚ,
ਸਮੁੰਦਰ ਦੇ ਤਲ 'ਤੇ ਤੈਰਦੇ,
ਮੋਬਾਇਲ ਹੋ ਗਏ ਹਨ।
ਗੁੰਬਦ ਜਿਹੇ,
ਆਪਣੇ ਆਪ ਦੇ ਵਿਚ ਖੋ ਗਏ ਹਨ।

ਟਾਪੂਆਂ ਦੇ ਘਿਰਾਓ ਵਿਚ,
ਸਮੁੰਦਰ ਘਿਰ ਗਿਆ ਹੈ।
ਟਾਪੂ ਹੀ ਟਾਪੂ ਹਨ,
ਹਰ ਤਰਫ,
ਸਮੁੰਦਰ ਛੁਪ ਗਿਆ ਹੈ।
ਘਰਾਂ ਵਿਚ ਵੀ ਟਾਪੂ ਹਨ,
'ਮੈਂ' ਦੇ ਸੰਸਾਰ ਦੇ ਵਿਚ ਵਿਚਰਦੇ।

ਇਨ੍ਹਾਂ ਟਾਪੂਆਂ ਨੂੰ, ਅਸੀਂ
ਪਰਵਾਰ ਵੀ ਨਹੀਂ ਕਹਿ ਸਕਦੇ।
ਇਨ੍ਹਾਂ ਅੰਦਰ, ਪਰਵਾਰ ਦੀ,
ਨਾ ਭਾਵਨਾਂ, ਨਾ ਚੇਤਨਾਂ !!!

ਇਹ ਰੋਬੋਟ[1] ਵਾਂਗ ਹਨ-
ਇਨ੍ਹਾਂ ਨੂੰ ਨਿੱਘ, ਨੇੜਤਾ,
ਪਿਆਰ ਤੇ ਪਰਵਾਰ ਲਈ,
ਪ੍ਰੋਗਰਾਮ[2] ਹੀ ਨਹੀਂ ਕੀਤਾ ਗਿਆ !!!

'ਏਕਾ (1)' ਚੁੱਕੀ ਟਾਪੂ,
ਇਕ, ਦੂਜੇ ਤੋਂ ਅੱਗੇ,
ਨਿਕਲਣ ਦੇ ਆਹਰ 'ਚ ਹਨ।

1. ਰੋਬੋਟ : Robot, 2. ਪ੍ਰੋਗਰਾਮ : Programme


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਨੰਬਰਾਂ ਦੀ ਇਸ ਦੌੜ ਵਿਚ,
ਹਰ ਕੋਈ ਚਾਹੇ,
ਬਨਣਾਂ 'ਨੰਬਰ ਵਨ'।

ਇਸ ਦੌੜ ਵਿਚ ਪਿਓ ਨੂੰ ਪੁੱਤਰ,
ਭਰਾ ਨੂੰ ਭਰਾ, ਮਾਂ ਨੂੰ ਧੀ,
ਭੈਣ ਨੂੰ ਭੈਣ ਤੇ ਮਿੱਤਰ ਨੂੰ ਮਿੱਤਰ ...
ਸਭ ਮਾਰ ਸਕਦੇ ਹਨ।
ਇਹ ਕੇਵਲ 'ਮੈਂ' ਦਾ ਯੁੱਧ ਹੈ !!!

ਸਮੇਂ ਦੇ ਇਨ੍ਹਾਂ ਟਾਪੂਆਂ ਵਿਚ ਘਿਰੇ,
ਬਹੁਤ ਸਾਰੇ ਆਮ ਜਿਹੇ ਲੋਕ, ਵੀ,
ਆਪਣਾ ਰਸਤਾ ਭੁੱਲ ਗਏ ਹਨ।

ਟਾਪੂਆਂ ਵਿਚ, ਟਾਪੂ ਬਣਕੇ,
ਰੁਲ ਗਏ ਹਨ।
ਆਪਣੇ ਆਪ ਨੂੰ ਹੀ ਨਹੀਂ,
ਵਿਰਸੇ ਨੂੰ ਵੀ,
ਭੁੱਲ ਗਏ ਹਨ।

## ਸੱਸੀ, ਸੂਰਜ, ਥਲ

ਸੱਸੀ ਤਾਂ ਉਦੋਂ ਹੀ ਮਰ ਗਈ ਸੀ,
ਜਦੋਂ ਹੋਤ ਪੁੰਨੂੰ ਨੂੰ ਚੁੱਕ ਕੇ ਲੈ ਗਏ ਸਨ।
ਬਾਕੀ ਤਾਂ ਜਿਸਮ ਸੀ,
ਸੂਰਜ ਸੀ, ਥਲ ਸੀ,
ਹਾਸ਼ਮ ਦੀ ਅਤਿਕਥਨੀ ਸੀ :



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

"ਬਾਲੂ ਰੇਤ ਤਪੇ ਵਿਚ ਥਲ ਦੇ
ਜਿਉਂ ਜੌਂ ਭੁੰਨਣ ਭਠਿਆਰੇ !
ਸੂਰਜ ਭੱਜ ਵੜਿਆ ਵਿਚ ਬੱਦਲੀਂ
ਡਰਦਾ ਲਿਸ਼ਕ ਨਾ ਮਾਰੇ !"

ਸੂਰਜ ਤੇ ਥਲ ਇਨਸਾਨ ਨਹੀਂ ਹੁੰਦੇ,
ਉਨ੍ਹਾਂ ਅੰਦਰ ਰਹਿਮ ਤੇ ਦਰਦ ਨਹੀਂ ਉੱਠਦੇ।

ਇਤਿਹਾਸ ਦੀ ਆਪਣੀ ਰੀਤ ਹੈ :
ਮਰੀ ਹੋਈ ਸੱਸੀ,
ਹਾਸ਼ਮ, ਸੂਰਜ ਤੇ ਥਲ ਨੂੰ
ਇਕ ਨਵੀਂ ਜ਼ਿੰਦਗੀ ਦੇ ਗਈ !!!
ਸੱਸੀ ਤਾਂ ਉਦੋਂ ਹੀ ਮਰ ਗਈ ਸੀ,
ਜਦੋਂ ਹੋਤ ਪੁੰਨੂੰ ਨੂੰ ਚੁੱਕ ਕੇ ਲੈ ਗਏ ਸਨ।

## ਰਿਸ਼ਤਿਆਂ ਦੀ ਸ਼ੂਨਯਤਾ

ਅਸੀਂ ਨਾਈਟ ਕਲੱਬਾਂ ਵਿਚ ਜਾਗਦੇ
ਤੇ ਘਰਾਂ ਵਿਚ ਸੌਂਦੇ ਹਾਂ।
ਸਾਡਾ ਸਮਾਂ ਸੂਰਜ ਨਾਲ ਨਹੀਂ,
ਸਾਡੇ ਨਾਲ ਚੜ੍ਹਦਾ ਹੈ।

ਪਲਕ ਬੰਦ ਹੁੰਦਿਆਂ ਹੀ,
ਰਾਤ ਪੈ ਜਾਂਦੀ ਹੈ।
ਸੁਫਨੇ, ਸੱਤਰੰਗੀਆਂ ਦੇ
ਦੇਸ਼ ਤੁਰ ਪੈਂਦੇ ਹਨ।

'ਡਰੱਗ' ਦੇ ਨਸ਼ੇ ਹੇਠ,
ਫੈਂਟਸੀ ਭੋਗਦੇ, ਅਸੀਂ


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਆਪਣੇ ਆਪ ਦੇ ਵਿਚ ਡੁੱਬਦੇ,
ਫੈਲਦੇ, ਸੁਕੜਦੇ, ਚੜ੍ਹਦੇ-
ਰਿਸ਼ਤਿਆਂ ਦੀ ਸ਼ੂਨਯਤਾ ਵਿਚ-
'ਕੇਵਲ ਆਪ' ਬਣ ਜਾਂਦੇ ਹਾਂ !!!

ਦੁਨੀਆਂ 'ਚ ਰਹਿੰਦੇ ਹੋਏ ਵੀ,
ਦੁਨੀਆਂ ਤੋਂ ਪਾਰ ਤੁਰ ਜਾਂਦੇ ਹਾਂ !!!

## *ਨੰਗੇਜੀ ਸਿਖਰ-ਸੰਤੋਖ

ਇੰਟਰਨੈੱਟ ਦੀ 'ਨੰਗੇਜ ਕਲੱਬ' ਦਾ,
ਉਹ ਸਰਗਰਮ ਮੈਂਬਰ ਹੈ।
ਨਿੱਕੇ, ਨਿੱਕੇ ਬੱਚੇ, ਬੱਚੀਆਂ,
ਯੁਵਕ, ਯੁਵਤੀਆਂ
ਦੀਆਂ ਨਗਨ ਤਸਵੀਰਾਂ,
ਨਗਨ ਫਿਲਮਾਂ
ਦਾ ਆਦਾਨ ਪ੍ਰਦਾਨ ਹੀ,
ਉਸ ਦਾ ਮਨੋਰੰਜਨ ਹੈ,
ਕਾਰੋਬਾਰ ਹੈ।

ਸੁਫਨੇ ਜਿਹੇ ਵਾਂਗ, ਉਹ
ਇਨ੍ਹਾਂ ਨਗਨ ਬੱਚੇ, ਬੱਚੀਆਂ,
ਯੁਵਕ, ਯੁਵਤੀਆਂ,
ਦੇ ਅੰਦਰ ਬਾਹਰ,

* ਨੰਗੇਜੀ ਸਿਖਰ-ਸੰਤੋਖ : Porngasm (Orgasm from Porn)



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਘੁੰਮ ਆਉਂਦਾ ਹੈ-
ਤਸਵੀਰਾਂ ਤੇ ਫਿਲਮਾਂ 'ਚੋਂ,
*ਨੰਗੇਜੀ ਸਿਖਰ-ਸੰਤੋਖ ਪਾਉਂਦਾ ਹੈ,
ਨੱਚਦਾ, ਹੱਸਦਾ ਤੇ ਗਾਉਂਦਾ ਹੈ !!!

ਨਾਲੀ ਦਾ ਗੰਦ, ਸਾਨੂੰ ਨਜ਼ਰ ਆਉਂਦਾ ਹੈ,
ਉਸ ਵਿਚ ਰਹਿਣ ਵਾਲੇ ਕੀੜੇ ਨੂੰ ਨਹੀਂ,
ਨਾਲੀ ਹੀ ਉਸ ਦਾ ਸੰਸਾਰ ... ਤੇ ... ਹੋਂਦ ਦਾ ਆਧਾਰ ਹੈ !!!!!

## ਇਕ ਬੇਨਾਮ ਇਸ਼ਕ

**(ਪਿਛਲੇ ਸੱਤ ਸਾਲਾਂ ਵਿਚ, ਦਿਲ ਦੇ ਕਈ ਅਪ੍ਰੇਸ਼ਨਾਂ ਤੋਂ ਬਾਅਦ,**
**10 ਮਈ 2010 ਨੂੰ ਹੋਏ, ਸੱਜੀ ਅੱਖ ਦੇ ਅਪ੍ਰੇਸ਼ਨ ਤੋਂ ਬਾਅਦ)**

*ਟੁੱਟੇ ਘਰ ਨੂੰ ਉਲਟ ਪੁਲਟ ਕਰ,
ਪੁਲਸ ਕਰੇ ਪੜਤਾਲ ਜਿਵੇਂ।
ਦਿਲ ਦੇ ਹਮਲੇ ਪਿੱਛੋਂ ਸੁੰਨੀਂ,
ਹੋਂਦ ਦਾ ਹੋਇਆ ਹਾਲ ਇਵੇਂ।

ਹੋਂਦ, ਹੋਣ, ਨਿਹੋਂਦ ਦੇ ਵਿਚ ਹੀ,
ਪੁਲਸਰਾਤ ਦੀ ਖੇਡ ਵੱਸੇ।
ਬਚ ਕੇ ਕੋਈ ਨਾ ਲੰਘਿਆ ਏਥੋਂ,
ਬਚੇ ਜੁ, ਉਹ ਹੀ ਭੇਦ ਦੱਸੇ।

ਦਿਲ 'ਚੋਂ ਕੁਝ ਨਾ ਲੱਭਿਆ, ਤਾਂ ਫਿਰ
ਅੱਖ ਨੂੰ ਆ ਬਘਿਆੜੀ ਪਾਈ।

---

* ਟੁੱਟੇ ਘਰ : ਜਿਸ ਘਰ ਵਿਚ ਚੋਰੀ ਹੋਈ ਜਾਂ ਡਾਕਾ ਪਿਆ ਹੋਵੇ (Broken House)



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਸ਼ਾਇਰ ਦਾ ਸੰਸਾਰ ਨਿਰਾਲਾ,
ਇਸ ਵਿਚ ਵੱਸਿਆ, ਦਿਸਦਾ ਈ ਨਹੀਂ।

ਲਹੂ ਲੁਹਾਣ ਨਜ਼ਰਾਂ ਦੇ ਅੰਦਰ,
ਚਸਕਾਂ ਪੈਂਦੀਆਂ ਪੀੜ ਦੀਆਂ।
ਕੁਝ ਦਰ ਖੁੱਲਣ ਆਪਮੁਹਾਰੇ,
ਕੁਝ ਦਰ ਆਪੂੰ ਭੀੜਦੀਆਂ।

ਤੇਰੇ ਨਾਲ ਮੁਹੱਬਤੀ ਸੱਜਣਾਂ,
ਜੀਵਨ ਇਕ ਸ਼ਰਾਰਤ ਸੀ।
ਆਪਣੇ ਆਪ 'ਚੋਂ ਤੈਨੂੰ ਵੇਖਣ,
ਦੀ ਇਹ ਇਕ ਮੁਹਾਰਤ ਸੀ।

ਤੇਰੇ ਸਿਹਰਿਆਂ ਵਾਲੇ, ਤੈਨੂੰ
ਧੀ, ਪੁੱਤ ਦਿੱਤੇ ਲਾਲ ਕਈ।
ਸਾਡੇ ਦਰ ਤੂੰ ਮੁੜ, ਮੁੜ ਆਈ,
ਆਪਣੀ ਅਸਲੀ ਭਾਲ ਲਈ।

ਤਨ ਦੀ ਭਾਸ਼ਾ ਅਸੀਂ ਵੀ ਬੋਲੀ,
ਮਨ ਦੇ ਅਰਥ ਪਛਾਣਨ ਲਈ-
ਤਨ ਨੂੰ ਤੇਹ, ਮਨ ਨੂੰ ਸੰਤੋਸ਼,
ਮਿਲੇ ਸੀ ਆਪਾ ਛਾਨਣ ਲਈ।

ਕਿਤਨੀਆਂ ਦੇਹਾਂ, ਇਸ ਦੇਹ ਅੰਦਰ,
ਘੁਲ ਮਿਲ, ਫਿਰ ਕਾਫੂਰ ਹੋਈਆਂ ?
ਚੇਤੰਨਤਾ ਦਾ ਸਾਗਰ-ਮੰਥਨ,
ਸੋਮਰਸ ਨੂੰ ਝੂਰ ਰਹੀਆਂ !

ਅਹਿਸਾਸਾਂ ਦੀ ਸਾਂਝ 'ਚ ਵੱਸੇ
ਤੇਰਾ ਮੇਰਾ ਪਿਆਰ ਇਵੇਂ,
ਥਲ ਵਿਚ ਠੇਡੇ ਖਾ, ਖਾ ਸੁਫਨਾ,
ਖੇੜ ਲਵੇ ਗੁਲਜ਼ਾਰ ਜਿਵੇਂ !


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਦਿਲ, ਅੱਖ ਚੀਰ ਵੀ ਲੱਭਾ ਨਾ, ਨਾਂ,
ਤੇਰਾ ਗਰਮ ਹਵਾਵਾਂ ਨੂੰ।
ਪਿੰਡ, ਬ੍ਰਹਿਮੰਡ ਹੁਣ ਇਕ ਮਿਕ ਹੋਏ,
ਪਕੜੇ ਕੌਣ ਦਿਸ਼ਾਵਾਂ ਨੂੰ ???

ਟੁੱਟੇ ਘਰ ਨੂੰ ਉਲਟ ਪੁਲਟ ਕਰ,
ਪੁਲਸ ਕਰੇ ਪੜਤਾਲ ਜਿਵੇਂ,
ਦਿਲ ਦੇ ਹਮਲੇ ਪਿੱਛੋਂ ਸੁੰਨੀਂ,
ਹੋਂਦ ਦਾ ਹੋਇਆ ਹਾਲ ਇਵੇਂ।

## ਮਾਨਸਕ ਗੁੰਝਲਾਂ ਦਾ ਚੱਕ੍ਰਵਯੂਹ ਤੇ ਨਵੀਂ ਨਸਲ

ਉਹ ਟੁੱਟ ਗਏ ਹਨ,
ਆਪਣੇ ਆਪ ਤੋਂ,
ਸਭ ਤੋਂ।

ਟੁੱਟ ਕੇ,
ਉਹ ਅੰਦਰ ਵਲਾਂ ਪਰਤੇ ਹਨ :

ਅੰਦਰ ਵੀ ਸੰਘਣਾਂ 'ਨ੍ਹੇਰਾ ਹੈ,
ਚਿਹਰੇ ਨੂੰ ਚਿਹਰਾ,
ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ।

ਗੁੰਝਲਾਂ ਹੀ ਗੁੰਝਲਾਂ ਹਨ,
ਹਰ ਤਰਫ਼,
ਹਰ ਗਲੀ, ਅੰਨ੍ਹੀਂ ਗਲੀ ਹੈ।
ਅੰਦਰ ਵੀ ਇਕੱਲ ਹੈ,
ਵੀਰਾਨੀ ਖੜ੍ਹੀ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਅੰਦਰ ਦੀ ਯਾਤਰਾ ਤੋਂ ਬਾਅਦ,
ਉਹ ਬਾਹਰ ਵਲਾਂ ਪਰਤੇ :
ਬਾਹਰ ਵੀ ਧੁੰਦ ਹੈ, ਧੂੰਆਂ ਹੈ,
ਗਰਦ ਹੈ, ਗ਼ੁਬਾਰ ਹੈ।
ਨਸ਼ੇ ਹਨ, ਨਸ਼ਈ ਹਨ,
ਨਸ਼ਿਆਂ ਦਾ ਬਾਜ਼ਾਰ ਹੈ।

ਅੱਕਿਆ, ਕੋਈ ਥੱਕਿਆ,
ਬੇਜ਼ਾਰ ਹੈ, ਬੀਮਾਰ ਹੈ !
ਚਿਹਰੇ ਹਨ ਆਕਾਰ ਵਾਲੇ,
ਚਿਹਰੇ ਨਿਰਾਕਾਰ ਹਨ।

ਚਿਹਰੇ, ਗੁੰਝਲਾਂ ਵਿਚ ਬਦਲ ਗਏ ਹਨ,
ਰਿਸ਼ਤੇ, ਇਨ੍ਹਾਂ ਵਿਚ ਉਲਝ ਗਹੇ ਹਨ।

ਇਨ੍ਹਾਂ ਉਲਝਨਾਂ ਦਾ ਚੁਫੇਰਿਓਂ,
ਚੱਕ੍ਰਵਯੂ ਉੱਸਰ ਆਇਆ ਹੈ।

ਉਹ,
ਇਸ ਚੱਕ੍ਰਵਯੂਹ ਵਿਚ,
ਘਿਰ ਗਏ ਹਨ।

ਚੱਕ੍ਰਵਯੂਹ ਵਿਚ,
ਰਿਸ਼ਤੇ ਨਹੀਂ,
ਯੁੱਧ ਹੁੰਦਾ ਹੈ :
ਆਪਣੇ ਆਪ ਨਾਲ,
ਸਭ ਨਾਲ,
ਮਰਨ ਤਕ,
ਮਾਰਨ ਤਕ !!!



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

## ਨਵਾਂ ਵਰ੍ਹਾ : ਲਾ-ਪਤਾ

ਕੰਨ ਖੜ੍ਹੇ ਹੋ ਜਾਂਦੇ ਹਨ,
ਤੀਬਰ ਅਹਿਸਾਸ ਹੇਠ।
ਨੀਝ ਲਾਇਆਂ ਵੀ, ਕੋਈ ਚਿਹਰਾ
ਵਿਖਾਈ ਨਹੀਂ ਦਿੰਦਾ,
ਆਵਾਜ਼ ਨਹੀਂ ਸੁਣਦੀ।
ਵਰ੍ਹਿਆਂ ਦੀ ਧੂੜ ਹੇਠ,
ਮੰਤਵ, ਦਿਸ਼ਾ, ਅਰਥ, ਸਭ
ਦਬ ਜਾਂਦੇ ਹਨ।
ਸਮੇਂ ਤੇ ਸਫਰ ਦੀਆਂ ਖਿੱਚਾਂ ਵਿਚ,
ਚਿਹਰਾ ਤੇ ਨਕਸ਼,
ਝੁਰੜੀ, ਝੁਰੜੀ ਹੋਏ,
ਫਟ ਜਾਂਦੇ ਹਨ।

ਇਕ ਖਲਾਅ ਜਿਹੀ ਵਿਚ,
ਮੇਰਾ ਅੰਧਲਾਪਨ,
ਆਪਣੇ ਆਪ ਦੇ ਨਾਲ,
ਟੱਕਰਾਂ ਮਾਰਦਾ, ਵੇਖਦਾ ਹੈ :
ਪਹਾੜ ਡਿੱਗ ਪਿਆ ਹੈ !

ਦਰਿਆ ਰੁੱਕ ਗਿਆ ਹੈ !
ਸਾਗਰ ਸੁੱਕ ਗਿਆ ਹੈ !
ਅੰਬਰ ਝੁੱਕ ਗਿਆ ਹੈ !

ਏਸ ਵਰੇਸੇ ਹੀ, ਕਈ ਵਾਰ
ਯਾਦ ਕੀਤਿਆਂ ਵੀ,
ਆਪਣਾ ਨਾਮ,
ਪਤਾ ਤੇ ਫੋਨ ਨੰਬਰ,
ਯਾਦ ਨਹੀਂ ਆਉਂਦੇ।



Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਛਿਣ ਦੀ ਛਿਣ, ਬੰਦਾ
ਤੇ ਉਸਦਾ
ਹਰ ਨਵਾਂ ਵਰ੍ਹਾ,
ਹਵਾ ਵਿੱਚ ਹਵਾ ਹੋ ਜਾਂਦਾ ਹੈ !
ਆਪਣੇ ਆਪ ਅੰਦਰ,
ਲਾ-ਪਤਾ ਹੋ,
ਖੜੋ ਜਾਂਦਾ ਹੈ !!!

## ਬਿਨ ਦਰੋਂ ਦੀਵਾਰ

ਸਵੇਰ ਤੋਂ ਪਿਤਾ ਬਹੁਤ ਖਫਾ ਸੀ।
ਨੱਕ 'ਚੋਂ ਧੂੰਆ, ਮੂੰਹ 'ਚੋਂ,
ਅੱਗ ਉਗਲ ਰਿਹਾ ਸੀ।

ਭੀਗੀ ਬਿੱਲੀ ਬਣਿਆਂ ਪੁੱਤਰ,
ਆਪਣੇ ਵਲ, ਸਭ ਵਲ,
ਪਿੱਠ ਕਰੀ, ਖਾਮੋਸ਼ ਸੀ।
ਪਿਓ ਤੇ ਪੁੱਤਰ ਵਿਚਕਾਰ,
ਬਰਸਦੀ ਅੱਗ ਵਿਚ,
ਹੋਸ਼ ਹੁੰਦਿਆਂ, ਮਾਂ ਜਿਵੇਂ ਬੇਹੋਸ਼ ਸੀ।

ਪਿਓ ਫੇਰ ਸ਼ੇਰ ਵਾਂਗ ਦਹਾੜਿਆ
ਘਟਾ ਵਾਂਗ ਫਟ ਕੇ,
ਬਰਸਿਆ, ਚਿੰਘਾੜਿਆ :

"40 ਸਾਲ ਤੋਂ ਮੈਂ ਇਸ ਬੋਕ ਨੂੰ ਪਾਲ ਰਿਹਾ ਹਾਂ
ਬਾਹਰਲੀਆਂ ਬੱਕਰੀਆਂ ਨੂੰ ਮੇਮਣੇ ਦਿੰਦਾ, ਦਿੰਦਾ,
ਬੁੱਢਾ ਹੋ ਚੱਲਿਆ ਹੈ, ਇਹ


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

ਵਿਆਹ ਨਹੀਂ ਕਰਵਾਉਂਦਾ।
ਪਤਾ ਨਹੀਂ ਇਸ ਨੇ ਕਿੰਨੇਂ ਗਰਭ ਕੀਤੇ,
ਕਿੰਨੇਂ ਗਿਰਾ ਦਿੱਤੇ ਹਨ।
ਆਉਣ ਵਾਲੀਆਂ ਨਸਲਾਂ ਦੇ
ਤੁਖਮ ਮਿਟਾ ਦਿੱਤੇ ਹਨ !!!

ਇਸ ਨੂੰ ਪਤੀ ਤੇ ਪਿਤਾ ਬਨਣ ਤੋਂ ਭੈ ਆਉਂਦਾ ਹੈ,
ਇਹ ਹਰ ਜ਼ਿੰਮੇਦਾਰੀ ਤੋਂ ਹਿਚਕਚਾਉਂਦਾ, ਘਬਰਾਉਂਦਾ ਹੈ,
ਇਸ ਨੂੰ ਨਹੀਂ ਪਤਾ, ਕਿ
ਜੰਗਲ ਦੀ ਸੱਭਿਅਤਾ ਵਿਚ ਪੈਦਾ ਕੀਤੇ ਬੱਚੇ,
ਆਪਣੇ ਨਾਮ ਨਹੀਂ ਲੱਗਦੇ।

ਜੇ ਕਿਤੇ ਆਪਣੇ ਬੱਚੇ ਬਨਾਉਣ ਦੀ ਰੁੱਤ ਆਈ,
ਤਾਂ ਇਹ ਬੋਕ ਬੁੱਢਾ ਹੋ ਚੁੱਕਾ ਹੋਵੇਗਾ।
ਇਸ ਦੇ ਸੋਮੇਂ ਸੁੱਕ ਚੁੱਕੇ ਹੋਣਗੇ,
ਇਹ ਕੇਵਲ ਖੂੰਡੀ ਨਾਲ ਖੜੋਵੇਗਾ !"

ਪੁੱਤਰ ਨੇ ਪਿਤਾ ਵਲ ਅਲਗਾਵ ਜਿਹੇ ਨਾਲ,
ਖਲਾਅ ਵਾਂਗ ਵੇਖਿਆ
ਤੇ ਮੇਜ਼ 'ਤੇ ਪਈ ਟਰੇ ਵਿੱਚੋਂ, ਇਕ ਕੇਲਾ ਚੁੱਕ, ਖਾਂਦਾ,
ਬਾਹਰ ਚਲੇ ਗਿਆ।

ਪਿਓ ਦਾ ਗੁੱਸਾ ਜਿਵੇਂ,
ਚੀਕ ਦੇ ਵਿਚ ਢਲ ਗਿਆ,
ਅੱਖੀਂ ਘਟਾਵਾਂ ਛਾ ਗਈਆਂ,
ਇਕ ਪ੍ਰਸ਼ਨ-ਚਿੰਨ੍ਹ ਉਹ ਬਣ ਗਿਆ
ਤੇ ਸ਼ਬਦ ਬਣ ਕੇ ਬਰਸਿਆ :

"ਇਸ ਨੇ ਤਾਂ ਪਿਤਾ ਨਹੀਂ ਬਣਨਾ,
ਮੈਂ ਵੀ,
ਬਾਬਾ ਬਨਣੋਂ ਰਹਿ ਗਿਆ।


Ist on 25.3.2015
D:/National/Ravi-15/Pind Brahmand/1-Proof/Pind Brahmand-B1
Academy of the Punjab in North America - APNA: http://www.apnaorg.com

ਕੀਮਤਾਂ ਤੇ ਪੀੜ੍ਹੀਆ ਦਾ ਗੇੜ ਕੈਸਾ ?
ਹਰ ਕੋਈ ਜਿਉਂ ਆਪਣੇ ਅੰਦਰ,
ਆਪਣੇ ਬਾਹਰ, ਹਰ ਤਰਫ,
ਖੁਦ ਲਈ ਤੇ ਸਭ ਲਈ,
ਦੀਵਾਰ ਬਣ ਕੇ ਰਹਿ ਗਿਆ।"

## ਬਾਜ਼ਾਂ ਦੀਆਂ ਛਾਵਾਂ : ਤਿੰਨ ਪ੍ਰਭਾਵ-ਸਕੇਪ

1
ਅੰਬਰ ਜੇਡੀ ਭਰਨ ਉਡਾਰ
ਬਾਜ਼ਾਂ ਦੀ ਅੱਖ ਵਿਚ ਸ਼ਿਕਾਰ
ਫੜੀਏ ਕਿੰਜ ਬਾਜ਼ਾਂ ਦੀਆਂ ਛਾਵਾਂ ?
ਬਾਜ਼ ਤਾਂ ਹਨ ਆਪਣਾ ਸੰਸਾਰ।

2
ਬਸਤੀਵਾਦੀ ਅਰਥ-ਸ਼ਾਸਤਰੀ
ਬਹੁ-ਰਾਸ਼ਟਰੀ ਸਗਲ ਵਿਓਪਾਰ
ਨਵੀਂ ਗ਼ੁਲਾਮੀਂ ਦੀਆਂ ਜ਼ੰਜੀਰਾਂ
ਬੰਦੀ ਮਾਨਵ, ਸੱਭਿਆਚਾਰ

3
ਤਪਦਾ ਸੂਰਜ, ਅਗਨੀ ਥਲ
ਚਿੰਤਨ ਦੇ ਵਿਚ ਨਖਲਿਸਤਾਨ
ਸੋਮਾਂ, ਦਰਿਆ, ਸਾਗਰ ਜੀਵਨ
ਦਰ ਵੀ ਹੈ ਤੇ ਹੈ ਦੀਵਾਰ।


Ist on 25.3.2015
D:/National/Ravi-15/Pind Brahmand/1-Proof/**Pind Brahmand-B1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com




ਲਿਖਣ-ਸਾਲ : 2007-2010
ਛਪਣ-ਸਾਲ : 2010



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# "ਬਾਜ਼ ਦੀ ਨਜ਼ਰ" : ਆਰੰਭਕ ਸ਼ਬਦ

## 1.



"ਬਾਜ਼ ਦੀ ਨਜ਼ਰ" ਮੇਰਾ 18ਵਾਂ ਕਾਵਿ-ਸੰਗ੍ਰਹਿ ਹੈ। ਇਸ ਦੀਆਂ ਕਵਿਤਾਵਾਂ 2007 ਤੋਂ 2009 ਦੇ ਤਿੰਨ ਵਰ੍ਹਿਆਂ ਦੌਰਾਨ ਰਚੀਆਂ ਗਈਆਂ ਹਨ।

ਇਸ ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਵਿਚਾਰ, ਸੋਚ ਜਾਂ ਸੰਕਲਪ ਕਾਵਿ ਦੇ ਅੰਤਰਗਤ ਹੀ ਆ ਜਾਂਦੀਆਂ ਹਨ। ਇਹ ਸੋਚ ਤੇ ਵਿਚਾਰ ਦਾ ਯੁੱਗ ਹੈ। ਪਿਛਲੇ ਤਿੰਨ ਵਰ੍ਹਿਆਂ ਵਿਚ ਸਾਡੀਆਂ ਸੋਚਾਂ ਵਿਸ਼ਵ ਭਰ ਦੇ ਸਨਮੁਖ ਕੁਝ ਅਤਿ ਗੰਭੀਰ ਮਸਲਿਆਂ ਦੇ ਨਾਲ ਜੁੜੀਆਂ ਰਹੀਆਂ ਹਨ।

ਵਿਸ਼ਵ ਭਰ ਦੀਆਂ ਮੁੱਖ ਸਟਾਕ ਮਾਰਕਿਟਾਂ ਦਾ ਡਿਗਣਾ (Crash) ਇਕ ਅਹਿਮ ਘਟਨਾ ਸੀ। ਇਸ ਨੇ ਸੰਸਾਰ ਭਰ ਦੇ ਕਰੰਸੀ ਦਰਾਂ ਵਿਚ ਉਤਾਰ ਚੜਾ ਲਿਆਂਦੇ। ਉਤਪਾਦਨ ਤੇ ਖਪਤ ਅਤੇ ਆਯਾਤ ਤੇ ਨਿਰਯਾਤ ਦੇ ਖੇਤਰਾਂ ਨੂੰ ਪ੍ਰਭਾਵਤ ਕੀਤਾ। ਇਸ ਆਰਥਕ ਮੰਦਵਾੜੇ ਦੇ ਪ੍ਰਭਾਵ ਹੇਠ ਵੱਡੀਆਂ, ਵੱਡੀਆਂ ਆਰਥਕ ਸੰਸਥਾਵਾਂ, ਬੈਂਕ ਅਤੇ ਕੰਪਨੀਆਂ ਦੇ ਦੀਵਾਲੇ ਨਿਕਲ ਗਏ। ਲੱਖਾਂ ਲੋਕ ਬੇਕਾਰ ਹੋ ਗਏ। ਅਨੇਕਾਂ ਲੋਕਾਂ ਦੇ ਘਰ, ਕਿਸ਼ਤਾਂ ਨਾ ਦੇ ਸਕਣ ਕਰਕੇ ਖੁੱਸ ਗਏ । ਸਰਕਾਰਾਂ ਨੇ ਡੁੱਬਦੀਆਂ ਕੰਪਨੀਆਂ ਬਚਾਉਣ ਅਤੇ ਆਪਣੀ ਆਰਥਕਤਾ ਨੂੰ ਠੁੰਮਣਾ ਦੇਣ ਲਈ Stimulus Packages ਦੀ ਘੋਸ਼ਣਾ ਕੀਤੀ। ਸਰਮਾਏਦਾਰ ਦੇਸ਼ਾਂ ਦੇ ਨਾਲ



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਬੇਕਾਰ ਲੋਕਾਂ ਦੀਆਂ ਭੀੜਾਂ ਅਤੇ ਫ਼ੈਕਟਰੀਆਂ ਦੇ ਬੰਦ ਹੋਣ ਦੇ ਦ੍ਰਿਸ਼ ਚੀਨ ਵਰਗੇ ਤਾਜ਼ਾ ਤਾਜ਼ਾ ਅਰਧ-ਸਰਮਾਏਦਾਰ ਬਣੇ ਦੇਸ਼ ਦੇ ਸ਼ਹਿਰਾਂ : ਸ਼ੰਘਾਈ ਤੇ ਬੇਜਿੰਗ ਆਦਿ ਵਿਚ ਵੀ ਵੇਖੇ ਗਏ।

ਅਮਰੀਕਾ ਨੇ "ਅਮਰੀਕਨ ਬਣੋ, ਅਮਰੀਕਨ ਖਰੀਦੋ" ਦੇ ਨਾਅਰੇ ਤੇ ਨੀਤੀ ਹੇਠ ਸੁਰੱਖਿਆਵਾਦ (Protectionism) ਦੀ ਨੀਤੀ ਅਪਣਾਉਂਦੇ ਹੋਇਆਂ ਜਿੱਥੇ ਆਯਾਤ ਉੱਤੇ ਸੁਰੱਖਿਆ ਕਰ ਲਾਉਣ ਦੀ ਘੋਸ਼ਣਾ ਕੀਤੀ, ਉੱਥੇ "ਸੁਤੰਤਰ ਵਪਾਰ" (Free Trade) ਦੇ ਸੰਕਲਪ ਅੱਗੇ ਵੀ ਪ੍ਰਸ਼ਨ-ਚਿੰਨ੍ਹ ਖੜ੍ਹੇ ਕੀਤੇ। ਆਰਥਕ ਤੇ ਦਾਰਸ਼ਨਕ ਪੰਡਤਾਂ ਦਾ ਵਿਚਾਰ ਹੈ ਕਿ ਇਹ ਅਵਿਸ਼ਵੀਕਰਨ (De-Globalisation) ਵੱਲ ਸਾਡਾ ਪਹਿਲਾ ਕਦਮ ਹੈ। ਅਜਿਹਾ ਹੋਣ ਦੀ ਸੰਭਾਵਨਾ ਅਧੀਨ ਉਨ੍ਹਾਂ ਨੇ ਇਸ ਨੀਤੀ ਦੀ ਸਖ਼ਤ ਆਲੋਚਨਾ ਕੀਤੀ ਹੈ।

ਨਿੱਜੀ ਪੱਧਰ ਉੱਤੇ ਵੀ ਅਸੀਂ ਆਰਥਕ ਮੰਦਵਾੜੇ ਦਾ ਪ੍ਰਭਾਵ ਆਪਣੇ ਨਿਤਾਪ੍ਰਤੀ ਦੇ ਜੀਵਨ ਵਿਚ ਮਹਿਸੂਸ ਤੇ ਅਨੁਭਵ ਕੀਤਾ, ਸਾਡੇ ਦੁਆਲੇ ਵਲੇ ਚੱਕ੍ਰਵਯੂਹ ਦੇ ਦਾਇਰੇ ਹੋਰ ਵੀ ਵਧੇਰੇ ਤੰਗ ਹੋ ਗਏ। ਸਾਡੇ ਸੰਘਰਸ਼ ਤੇ ਹੋਂਦ ਨੂੰ ਬਣਾਈ ਰੱਖਣ ਦੇ ਯੁੱਧਮਈ ਯਤਨਾਂ ਵਿਚ ਵਧੇਰੇ ਤੀਖਣਤਾ ਤੇ ਸ਼ਿੱਦਤ ਆਈ।

ਦੂਜਾ ਅਹਿਮ ਮਸਲਾ ਸਾਡੇ ਸਾਮ੍ਹਣੇ ਪਰਿਆਵਰਨ ਦਾ ਹੈ। ਗਲੋਬਲ ਵਾਰਮਿੰਗ, ਪ੍ਰਦੂਸ਼ਣ ਅਤੇ ਇਨ੍ਹਾਂ ਦੇ ਪ੍ਰਤੱਖ ਪ੍ਰਭਾਵਾਂ ਦੇ ਮਾਰੂ ਅਸਰ, ਸਾਡੀਆਂ ਸੋਚਾਂ ਨੂੰ ਚਿਪਕੇ ਰਹੇ। ਏਸ ਖੇਤਰ ਵਿਚ ਵੀ ਅਸੀਂ ਵੰਡੇ ਗਏ ਹਾਂ। ਯੁੱਧ ਦੀ ਸਥਿਤੀ ਵਿਚ ਵਿਚਰ ਰਹੇ ਹਾਂ।

ਦਹਿਸ਼ਤਵਾਦ, ਬੇਘਰਿਆਂ ਦੀ ਸਮੱਸਿਆ, ਤਸਕਰੀ, ਨਸ਼ੀਲੇ ਪਦਾਰਥਾਂ ਨਾਲ ਜੁੜੇ ਸੰਕਟ, ਦੇਹ-ਵਿਓਪਾਰ, ਰਿਸ਼ਵਤ, ਗ਼ਰੀਬੀ, ਭ੍ਰਿਸ਼ਟਾਚਾਰ, ਧਨ ਦੀ ਅਸਾਵੀਂ ਵੰਡ ਅਤੇ ਕੁਨਬਾ-ਪਰਵਰੀ ਵਰਗੇ ਹੋਰ ਅਤਿ ਗੰਭੀਰ ਮਸਲਿਆਂ ਦੀ ਸੂਚੀ ਵੀ ਬਹੁਤ ਲੰਮੀਂ ਅਤੇ ਮਾਨਵ-ਸੱਭਿਆਚਾਰ ਉੱਤੇ, ਇਨ੍ਹਾਂ ਦਾ ਪ੍ਰਭਾਵ, ਅਤਿ ਮਾਰੂ ਹੈ।

ਸੋਚ ਤੇ ਵਿਚਾਰ ਦੇ ਇਸ ਯੁੱਗ ਵਿਚ ਕਲਾ ਅਤੇ ਸਾਹਿਤ ਵਿਚ ਵੀ ਅਜਿਹੇ ਅਨੁਭਵਾਂ ਦੀ ਅਭਿਵਿਅਕਤੀ, ਇਕ ਕੁਦਰਤੀ ਤੇ ਸਹਿਜ ਅਮਲ ਹੈ।

ਸ਼ੈਲੀ ਤੇ ਤਕਨੀਕ ਦੇ ਪੱਖੋਂ ਵੀ, ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਉਚੇਚੀ ਪੇਖਣੀ ਮੰਗਦੀਆਂ ਹਨ। ਜਿਵੇਂ ਭਾਵ, ਭਾਵਿਤ ਅਤੇ ਉਪਭਾਵ, ਉਪਭਾਵਿਤ ਕਰਦੇ ਹਨ, ਉਵੇਂ ਹੀ ਵਿਚਾਰ ਤੇ ਉਨ੍ਹਾਂ ਦੇ ਪ੍ਰਭਾਵ, ਪ੍ਰਭਾਵਤ ਕਰਦੇ ਹਨ। ਇਸ ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਦੀ ਰਚਨਾ, ਮੈਂ ਪ੍ਰਭਾਵ-ਵਾਦੀ ਸ਼ੈਲੀ ਵਿਚ ਕੀਤੀ ਤੇ ਉਨ੍ਹਾਂ ਦੇ ਮਾਧਿਅਮ ਦੁਆਰਾ ਬੜੇ ਹੀ ਵਿਲੱਖਣ ਤੇ ਮੌਲਕ ਪ੍ਰਭਾਵ ਜਾਂ ਬਿੰਬ-ਸਕੇਪ ਪ੍ਰਸਤੁਤ ਕੀਤੇ ਹਨ। ਕਈ ਕਵਿਤਾਵਾਂ ਦੀ ਸਰੰਚਨਾ ਆਕਾਰ ਵਿਚ ਛੋਟੀ, ਪਰ ਪ੍ਰਭਾਵ ਵਿਚ ਸੰਘਣੀ ਹੈ। ਇਸ ਸੰਗ੍ਰਹਿ ਦੀ ਕਵਿਤਾ ਦਾ ਸੁਭਾ, ਸਰੂਪ ਅਤੇ ਚਰਿਤਰ ਪੰਜਾਬੀ ਵਿਚ ਪਰਚੱਲਤ ਅਜੋਕੀ ਕਵਿਤਾ ਤੋਂ ਵੱਖਰਾ ਹੈ। ਇਸ ਕਵਿਤਾ ਨਾਲ,


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਨਿਆਇਪੂਰਨ ਸੰਵਾਦ ਰਚਾਉਣ ਲਈ, ਪਾਠਕਾਂ ਨੂੰ, ਆਪਣੀ ਸੰਵੇਦਨਾ ਦੀ ਵੇਵ-ਲੈਂਥ ਬਦਲਣੀ ਪਵੇਗੀ।

## 2.

ਪਹਿਲੀ ਜੁਲਾਈ, 2003 ਨੂੰ ਮੈਂ ਅਧਿਆਪਨ ਦੇ ਕਿੱਤੇ ਤੋਂ ਸੇਵਾ-ਮੁਕਤ ਹੋ ਗਿਆ ਸਾਂ। ਸੇਵਾ-ਮੁਕਤ ਹੁੰਦਿਆਂ ਹੀ, ਮੇਰਾ ਆਪਣਾ "ਦਿਲ" ਵੀ, ਮੇਰੇ ਅਤੇ ਮੇ ਰੇ ਡਾਕਟਰਾਂ ਲਈ, ਸਮੇਂ ਸਮੇਂ, ਇਕ ਅਹਿਮ ਮਸਲਾ ਬਣਦਾ ਰਿਹਾ ਹੈ। ਇਨ੍ਹਾਂ 6-7 ਸਾਲਾਂ (2006- 2009) ਵਿਚ ਲਗਭਗ ਹਰ ਸਾਲ ਹੀ ਮੇਰੇ ਦਿਲ ਦਾ ਕੋਈ ਨਾ ਕੋਈ ਔਪਰੇਸ਼ਨ (Operation) ਜਾਂ ਪ੍ਰੋਸੀਜਰ (Procedure) ਹੁੰਦਾ ਰਿਹਾ ਹੈ, ਜਿਨ੍ਹਾਂ ਬਾਰੇ ਮੈਂ ਸਮੇਂ, ਸਮੇਂ ਲਿਖਦਾ ਰਿਹਾ ਹਾਂ। 2009 ਵਿਚ ਵੀ ਮੈਨੂੰ ਫਿਰ ਹਸਪਤਾਲ ਵਿਚ ਦਾਖ਼ਲ ਹੋ ਕੇ, ਆਪਣੇ ਦਿਲ ਨੂੰ ਸੁਰ ਵਿਚ ਕਰਵਾਉਣ ਲਈ, ਬਿਜਲੀ ਦੇ ਝਟਕੇ ਲੁਆਉਣੇ ਪਏ। ਇਸ ਪ੍ਰੋਸੀਜਰ ਨੂੰ Cardioversion ਕਹਿੰਦੇ ਹਨ। ਮੇਰੇ ਦਿਲ ਦੀ ਧੜਕਨ 130-40 ਹੋ ਗਈ ਸੀ। 72 ਨਾਰਮਲ ਹੁੰਦੀ ਹੈ। ਮੈਨੂੰ ਬੇਹੋਸ਼ ਕਰਕੇ ਮੇਰੇ ਦਿਲ ਨੂੰ ਬਿਜਲੀ ਦੇ ਝਟਕੇ ਮਾਰੇ ਗਏ ਤਾਂਕਿ ਮੇਰੀ ਧੜਕਨ ਦੀ ਰਫ਼ਤਾਰ ਘਟ ਹੋ ਸਕੇ । ਇਹ ਦਿਲ ਵੀ ਕਮਾਲ ਦੀ ਚੀਜ਼ ਹੈ। ਹੁਣ ਇਹ 45-55 ਦੀ ਰਫ਼ਤਾਰ ਉੱਤੇ ਕਾਫ਼ੀ ਹੌਲੀ ਚੱਲ ਰਿਹਾ ਹੈ। ਜ਼ਿੰਦਗੀ ਦੀ ਰਫ਼ਤਾਰ ਵਿਚ ਵੀ ਇਹ ਉਚਾਣ, ਨੀਵਾਣ ਅਤੇ ਤੇਜ਼ੀ ਤੇ ਧੀਮਾਪਨ ਬਦਸਤੂਰ ਕਾਇਮ ਰਹੇ ਹਨ। ਇਸੇ ਅਨੁਭਵ ਵਿੱਚੋਂ ਮੈਂ, ਹੌਲੇ ਰੌਂ ਵਿਚ, ਦੋ ਨਜ਼ਮਾਂ ਦੀ ਸਿਰਜਣਾ ਕੀਤੀ ਜੁ ਇਸ ਸੰਗ੍ਰਹਿ ਵਿਚ ਸ਼ਾਮਿਲ ਹਨ। ਏਥੇ ਉਨ੍ਹਾਂ ਕਵਿਤਾਵਾਂ ਦੇ ਹਵਾਲੇ ਦੇਣੇ ਪ੍ਰਕਰਨ ਤੋਂ ਬਾਹਰੀ ਗੱਲ ਨਹੀਂ ਹੋਵੇਗੀ :

**1**

ਦਿਲ ਮੇਰਾ ਹੈ ਫਿਰ ਵਿਗੜ ਗਿਆ
ਝਟਕਾ ਲਗਾਇਆ ਜਾਏਗਾ
ਸੂਲੀ 'ਤੇ ਚੜ੍ਹਦਾ ਹਰ ਕੋਈ
ਬਿਜਲੀ 'ਤੇ ਚੜ੍ਹਾਇਆ ਜਾਏਗਾ
...
ਇਹਦੀ ਧੜਕਨ ਸਰਪਟ ਘੋੜਾ ਹੈ
ਸਭ ਹੱਦਾਂ ਬੰਨੇਂ ਟੱਪ ਜਾਵੇ
ਇਹਦਾ ਖ਼ੂਨ-ਦਬਾਅ ਹੈ ਤੁਗ਼ਿਆਨੀ
ਦਿਲ ਵਾਲਾ, ਦਿਲ ਨਾ ਵੱਟ ਖਾਵੇ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕੁਝ ਆਪਣਾ ਆਪ ਵਿਖਾਉਣਾ ਸੀ
ਕੁਝ ਡਾਕਟਰ ਨੂੰ ਅਜ਼ਮਾਉਣਾ ਸੀ
ਦਿਲ ਆਇਆ ਆਪਣੀ ਆਈ 'ਤੇ
ਇਹਨੇ ਦਿਲ ਦਾ ਰਾਗ ਵੀ ਗਾਉਣਾ ਸੀ

ਇਹ ਜ਼ਿੰਦਗੀ ਸਦਾ ਹੀ ਲੰਘਦੀ ਰਹੀ
ਟਿੱਬੇ, ਥਲ, ਨਦੀਆਂ ਤੇ ਸਾਗਰ
ਉੱਡੇ ਇਹ ਵਿਰੋਧੀ ਪੌਣਾਂ ਵਲ
ਦੀਵਾਰ 'ਚੋਂ ਖੋਲ੍ਹੇ, ਇਸ ਸਦ ਦਰ

ਜੋ ਮੌਤ ਪਕੜਦੇ ਮੁੱਠੀ ਵਿਚ
ਜੀਵਨ ਦਾ ਜਸ਼ਨ ਮਨਾਉਂਦੇ ਨੇ
ਤੇ 'ਨ੍ਹੇਰੀਆਂ ਕਾਲੀਆਂ ਰਾਤਾਂ ਵਿਚ
ਸੂਰਜ ਦਾ ਗੀਤ ਬਣਾਉਂਦੇ ਨੇ।

("ਦਿਲ : ਬਿਜਲੀ ਝਟਕੇ")

**2**

ਕਿੱਸਾ ਸੁਣੋ ਸਾਡੇ ਦਿਲ ਦਾ
ਨਸ਼ਤਰ, ਛੁਰੀਆਂ ਚੱਲੇ ਇਸ 'ਤੇ
ਅਜੇ ਵੀ ਧੜਕੇ ਹਿੱਲਦਾ

ਅੰਬਰੋਂ ਅੱਗ ਬਰਸੇ, ਥਲ ਤਪਦਾ-
ਇਸ ਦੇ ਵਿਹੜੇ ਸੂਰਜ ਆ ਕੇ,
ਫੁੱਲ ਵਾਂਗਰਾਂ ਖਿਲਦਾ

ਪਹਿਲਾਂ ਹੁਸਨ ਨੇ ਤੀਰ ਚਲਾਏ
ਫੇਰ ਕਾਮ ਦੇ ਹੜ੍ਹ ਚੜ੍ਹ ਆਏ
ਦਿਲ ਵਿਚ, ਤਨ ਮਨ ਮਿਲਦਾ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਡਾਕਟਰ, ਨਰਸਾਂ ਇਸ ਦੇ ਦੁਆਲੇ
ਨਿੱਤ ਨਵੇਂ ਪ੍ਰਯੋਗ ਕਰ ਰਹੇ
ਭੇਤ ਮਿਲੇ ਨਾ ਦਿਲ ਦਾ।
("ਦਿਲ ਦਾ ਕਿੱਸਾ")

ਇਸ ਦਿਲ-ਬੀਤੀ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

| | | |
|---|---|---|
| 1. | 24 ਸਤੰਬਰ, 2003 | ਡਬਲ ਬਾਈਪਾਸ ਅਤੇ ਦਿਲ ਦੇ ਵੈਲਵ ਦੀ ਤਬਦੀਲੀ-ਮਸ਼ੀਨੀ ਵੈਲਵ ਟ੍ਰਾਂਸਪਲਾਂਟ ਹੋਇਆ |
| 2. | 12 ਨਵੰਬਰ, 2004 | ਤਿੰਨ Blood Clot ਕੱਢਣ ਲਈ ਦਿਲ ਵਿਚ Pericardial Window ਬਣਾਈ ਗਈ |
| 3. | 13 ਸਤੰਬਰ, 2006 | ਦਿਲ ਉੱਪਰਲੀ ਝਿੱਲੀ (Pericardium) ਲਾਹ ਦਿੱਤੀ ਗਈ। ਇਕ Golf Ball ਜਿੱਡਾ Blood Clot ਦਿਲ ਦੇ ਹੇਠਲੇ, ਪਿੱਠ ਵਲ ਦੇ ਹਿੱਸੇ ਵਿੱਚੋਂ ਕੱਢਿਆ ਗਿਆ |
| 4. | 28 ਨਵੰਬਰ, 2006 | ਪਹਿਲੀ Cardioversion |
| 5. | 25 ਮਈ, 2009 | ਦੂਜੀ Cardioversion |
| 6. | 21 ਅਕਤੂਬਰ, 2009 | EP (Electro Physiology) Study ਅਤੇ Prcedure ਜਾਂ ਆਪਰੇਸ਼ਨ |

**3.**

ਇਸ ਕਾਵਿ-ਸੰਗ੍ਰਹਿ ਵਿਚ ਇਸ ਦੌਰ ਦੀਆਂ ਕੁਝ ਬਹੁਤ ਹੀ ਮਹੱਤਵਪੂਰਨ ਤੇ ਵਿਲੱਖਣ ਕਵਿਤਾਵਾਂ ਸ਼ਾਮਿਲ ਹਨ। ਮੈਨੂੰ ਪੂਰਨ ਭਰੋਸਾ ਹੈ ਕਿ ਮੇਰੇ ਪਾਠਕ ਤੇ ਸਮੀਖਿਆਕਾਰ ਇਨ੍ਹਾਂ ਨੂੰ ਇਨ੍ਹਾਂ ਦੇ ਯੋਗ ਪ੍ਰਸੰਗਾਂ ਵਿਚ ਰੱਖ ਕੇ, ਇਨ੍ਹਾਂ ਨੂੰ ਜ਼ਰੂਰ ਮਾਨਣਗੇ।

ਅੰਤ ਵਿਚ ਇਸ ਸੰਗ੍ਰਹਿ ਦਾ ਨਾਮਕਰਨ ਕਰਨ ਵਾਲੀ ਕਵਿਤਾ ਦੀਆਂ ਕੁਝ ਤੁਕਾਂ ਤੁਹਾਡੇ ਦ੍ਰਿਸ਼ਟੀਗੋਚਰ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ :

ਮੇਰੇ ਨਾਲ ਤੁਰੋਗੇ
ਤਾਂ ਰੁਕੋਗੇ ਨਹੀਂ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਟੁੱਟਣ 'ਚੋਂ ਹੀ, ਜੁੜਨ ਦੀ
ਚੇਤਨਾ ਜਨਮਦੀ ਹੈ
ਖੜ੍ਹਨ 'ਚੋਂ, ਤੁਰਨ ਦੀ !

ਸ਼ਿਕਾਰ, ਆਕਾਸ਼ ਤੇ ਧਰਤੀ-
ਬਾਜ਼ ਦੀ ਨਜ਼ਰ ਵਿਚ ਹੁੰਦੇ ਹਨ,
ਚੁੰਜ ਤੇ ਪੰਜਿਆਂ ਵਿਚ ਨਹੀਂ !

ਮੇਰੇ ਨਾਲ ਤੋਰੋਗੇ,
ਤਾਂ ਰੁਕੋਗੇ ਨਹੀਂ !!!

("ਬਾਜ਼ ਦੀ ਨਜ਼ਰ")

**-ਰਵਿੰਦਰ ਰਵੀ**



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਬਾਜ਼ ਦੀ ਨਜ਼ਰ

ਮੇਰੇ ਨਾਲ ਤੁਰੋਗੇ,
ਤਾਂ ਰੁਕੋਗੇ ਨਹੀਂ !

ਮੈਂ ਖੜ੍ਹਾ ਖੜ੍ਹੋਤਾ ਵੀ,
ਸੋਚ ਦੇ ਅਸਗਾਹ ਪੈਂਡਿਆਂ 'ਤੇ,
ਤੁਰਦਾ ਰਿਹਾ ਹਾਂ-ਲਗਾਤਾਰ !

ਡਿਗ ਕੇ, ਉੱਠਣ ਦਾ ਸੁਫਨਾ ਲੈਂਦਾ ਰਿਹਾ ਹਾਂ
ਕਲਪਨਾ ਦੇ ਨਾਲ, ਨਾਲ -ਹਮਸਫਰ-
ਉੱਡਦਾ ਰਿਹਾ ਹਾਂ !

ਟੁੱਟਣ 'ਚੋਂ ਹੀ, ਜੁੜਨ ਦੀ
ਚੇਤਨਾ ਜਨਮਦੀ ਹੈ
ਖੜ੍ਹਨ 'ਚੋਂ, ਤੁਰਨ ਦੀ !

ਸ਼ਿਕਾਰ, ਆਕਾਸ਼ ਤੇ ਧਰਤੀ-
ਬਾਜ਼ ਦੀ ਨਜ਼ਰ ਵਿਚ ਹੁੰਦੇ ਹਨ,
ਚੁੰਜ ਤੇ ਪੰਜਿਆਂ ਵਿਚ ਨਹੀਂ !

ਮੇਰੇ ਨਾਲ ਤੁਰੋਗੇ,
ਤਾਂ ਰੁਕੋਗੇ ਨਹੀਂ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਮੇਰਾ ਸੂਰਜ

ਚਿੱਟੀ ਦਾਹੜੀ ਚਿਹਰੇ ਉੱਤੇ
ਅਨੁਭਵ ਭਖ ਰਿਹਾ

ਬੀਤ, ਬੀਤ ਕੇ ਮੌਲੀ ਜਾਵਾਂ
ਹਰ ਛਿਣ ਮਚ ਰਿਹਾ

ਧੁੱਪ ਛਾਵਾਂ ਵਿਚ ਪੋਤੀ ਖੇਡੇ
ਪੋਤਾ ਨੱਚ ਰਿਹਾ

ਮੇਰਾ ਵਿਹੜਾ ਸੱਤ-ਰੰਗੀਆਂ ਦਾ
ਮੌਸਮ ਰਚ ਰਿਹਾ

ਮੇਰਾ ਸੂਰਜ, ਮੇਰੇ ਅੰਦਰੋਂ,
ਚੜ੍ਹ, ਚੜ੍ਹ, ਜਚ ਰਿਹਾ।

## ਚੱਕ੍ਰਵਯੂਹ ਵਿਚ ਰਿਸ਼ਤੇ

ਰਿਸ਼ਤੇ ਸੋਚ ਤੋਂ, ਅਲਹਿਦਾ ਹੋ ਗਏ ਹਨ !
ਸੁੱਕੇ ਪਿਆਜ਼ ਤੋਂ, ਪੱਤ ਵਾਂਗ ਲੱਥ ਗਏ ਹਨ !

ਇਸ ਨਾਟਕ ਵਿਚ ਅਭਿਨੇਤਾ,
ਆਦਿ ਤੋਂ ਅੰਤ ਤਕ,
ਆਪਣੇ ਹੀ ਬੋਲ ਬਾਰੇ ਸੋਚਦਾ ਹੈ।

ਅਸਤਿਤਵ ਨੂੰ ਬਣਾਈ ਰੱਖਣ ਲਈ,
ਮਰਨ, ਮਾਰਨ ਦੀ ਖੇਡ, ਖੇਡਦਾ, ਉਹ-
ਅੰਤਿਮ ਦਮ ਤਕ,
ਇਸੇ ਚੱਕ੍ਰਵਯੂਹ ਵਿਚ ਵਿਚਰਦਾ ਹੈ !



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਯੁੱਧ ਵਿਚ, ਯੋਧੇ ਦਾ ਰਿਸ਼ਤਾ-
ਹੋਰ ਕਿਸੇ ਨਾਲ ਨਹੀਂ-
ਵਿਰੋਧੀ ਦੀ ਮੌਤ ਨਾਲ ਹੁੰਦਾ ਹੈ !

ਏਸ ਚੱਕ੍ਰਵਯੂਹ ਵਿਚ, ਹਰ ਕੋਈ-
ਇਕ ਦੂਜੇ ਦੇ ਵਿਰੋਧ ਵਿਚ ਖੜ੍ਹਾ ਹੈ !!!

ਰਿਸ਼ਤੇ ਸੋਚ ਤੋਂ, ਅਲਹਿਦਾ ਹੋ ਗਏ ਹਨ !
ਸੁੱਕੇ ਪਿਆਜ਼ ਤੋਂ, ਪੱਤ ਵਾਂਗ ਲੱਥ ਗਏ ਹਨ !!!

## ਕੰਧਾਂ, ਦਰਵਾਜ਼ੇ ਤੇ ਪਿੰਜਰੇ

ਤੂੰ ਜਦੋਂ ਆਈ,
ਤਾਂ ਦਰਵਾਜ਼ੇ ਨਾਲ ਲੈ ਕੇ ਆਈ,
ਪਰ ਮੇਰੇ ਕੋਲ ਕੰਧਾਂ ਨਹੀਂ ਸਨ !

ਖੁੱਲ੍ਹਾ ਆਸਮਾਨ ਸੀ,
ਧਰਤੀ ਸੀ
ਨਜ਼ਰ ਜਿੱਡੀ ਵੱਡੀ !

ਹਵਾ ਸੀ, ਮਹਿਕ ਸੀ, ਫੁੱਲ ਸਨ
ਹੱਦਾਂ ਦੇ ਆਰ ਪਾਰ ਵੱਸਦੇ
ਸੁਫਨੇ ਸਨ, ਕਲਪਨਾਵਾਂ ਸਨ-

ਰੰਗਦਾਰ ਪਿੰਜਰਿਆਂ ਨੂੰ, ਸਦਾ ਲਈ-
ਵਿਦਾ ਕਹਿ ਗਏ ਪੰਛੀ ਸਨ
ਇਸ ਦੇਸ਼ ਤੋਂ, ਉਸ ਦੇਸ਼
ਉਡਾਰੀਆਂ ਭਰਦੇ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਪਰ ਤੂੰ
ਮੇਰੀਆਂ ਕੰਧਾਂ ਨੂੰ ਆਪਣੇ ਦਰ ਲਾ,
ਆਪਣਾ ਘਰ ਸਿਰਜਣਾ ਚਾਹੁੰਦੀ ਸੈਂ।

ਪਰ ਮੈਂ ਕੀ ਕਰਾਂ ?
ਇਹ ਅੰਬਰ, ਇਹ ਮਹਿਕ, ਇਹ ਖੁੱਲ੍ਹੀ ਹਵਾ,

ਇਹ ਪੰਖ ਹੁਣ ਕੰਧਾਂ ਨਹੀਂ ਬਣ ਸਕਦੇ !

ਦਰਵਾਜ਼ੇ ਭਾਵੇਂ ਖੁੱਲ੍ਹੇ ਹੋਣ, ਭਾਵੇਂ ਬੰਦ
ਕੰਧਾਂ ਨਾਲ ਜੁੜ ਕੇ, ਉਹ ਘਰ ਨਹੀਂ ਬਣ ਸਕਦੇ

ਪਿੰਜਰਿਆਂ ਦੀ ਸੋਚ ਵਿਚ ਘਿਰੀ,
ਤੂੰ ਪਤਨੀਆਂ ਵਰਗੀ, ਇਕ ਹੋਰ ਪਤਨੀ ਸੈਂ-
ਪਰ ਮੇਰਾ ਸੁਫ਼ਨਾ ਨਹੀਂ !!!

## ਵਿਸ਼ਵ ਚੇਤਨਾ ਦਾ ਮੌਸਮ : ਤਿੰਨ ਪ੍ਰਭਾਵ-ਸਕੇਪ

**1.**

ਫੂਕਾਂ ਮਾਰਿਆਂ 'ਨ੍ਹੇਰੀ ਨਹੀਂ ਚੱਲਣੀ
ਆਹ ਭਰਿਆਂ, ਤੂਫ਼ਾਨ ਨਹੀਂ ਆਉਣਾ
ਏਸ ਚੱਕ੍ਰਵਯੂਹ ਵਿਚ
"ਯੁੱਧ" ਲਿਖਿਆ ਹੈ, ਹਰ ਦਰਵਾਜ਼ੇ 'ਤੇ
ਅੰਤਮ ਦਮ ਤਕ
ਆਪਣੇ ਆਪ ਨਾਲ
ਸਭ ਨਾਲ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

2.

ਦਿਵਾ-ਸੁਪਨ ਵਿੱਚੋਂ ਨਿਕਲਕੇ
ਅੰਦਰ ਵਲ ਝਾਤੀ ਮਾਰ
ਹਰ ਦੀਵਾਰ
ਤੇਰੇ ਘਰ ਤੋਂ ਹੀ ਸ਼ੁਰੂ ਹੋਈ ਸੀ
ਇਕ ਟੱਬਰ ਦਾ ਭਰਮ ਭੋਗਦੇ ਸਭ
ਆਪੋ ਆਪਣੀ ਦੀਵਾਰ ਦੀ
ਵਿੱਥ 'ਤੇ ਪਏ ਰਹੇ

3.

ਜੇ ਵੇਖਣਾ ਹੀ ਹੈ,
ਤਾਂ ਵੇਖ ਹਵਾਵਾਂ ਵਲ
ਸੂਰਜ ਦੀਆਂ ਤੇਜ਼ ਸ਼ੁਆਵਾਂ ਵਲ
ਬੱਦਲਾਂ, ਘਨਘੋਰ ਘਟਾਵਾਂ ਵਲ-
ਇਹ ਹੱਦ ਕੋਈ ਵੀ ਮੰਨਣ ਨਾ
ਤੇ ਲੰਘ ਜਾਵਣ ਸਰਹੱਦਾਂ ਨੂੰ
ਇਹ ਵਿਸ਼ਵ ਚੇਤਨਾ ਦਾ ਮੌਸਮ
ਸਾਗਰ ਦੀ ਜਾਗ ਹੈ ਲੱਗ ਚੁੱਕੀ
ਹਰ ਦੇਸ਼ ਦਿਆਂ ਦਰਿਆਵਾਂ ਨੂੰ।

## ਦਰਜ਼ੀ

ਦਰਜ਼ੀ ਦੇ ਹੱਥਾਂ ਵਿਚ
ਕੈਂਚੀ ਤੇ ਇੰਚੀਟੇਪ ਹੈ
ਕੁਝ ਪੈਟਰਨ ਆਪ ਬਣਾਏ
ਕੁਝ ਏਥੋਂ, ਓਥੋਂ ਫੜੇ ਹਨ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕੱਪੜਿਆਂ ਦੇ ਨਵੇਂ ਫ਼ੈਸ਼ਨ
ਮੂਰਤੀਆਂ 'ਤੇ ਟਿਕਾਏ, ਕੁਝ
ਫ਼ੈਸ਼ਨ-ਪੋਥੀ 'ਚ ਸਜਾਏ ਹਨ।

ਇਹ ਦਰਜ਼ੀ ਤੁਹਾਨੂੰ
ਕਿਤੇ ਵੀ ਮਿਲ ਸਕਦਾ ਹੈ
ਸੰਸਦ-ਭਵਨ, ਨਯਾਂ-ਆਲੇ ਵਿਚ
ਕਾਰਪੋਰੇਸ਼ਨ,
ਸਕੂਲ, ਦਫ਼ਤਰ,
ਵਿਸ਼ਵ ਵਿੱਦਿਆਲੇ ਵਿਚ।

ਇਹ ਦਰਜ਼ੀ ਇਨਸਾਨ ਨੂੰ
ਕਪੜੇ ਵਾਂਗ ਮਿਣ, ਵਿਣਤ ਕੇ,
ਬੜੀ ਬੇਰਹਿਮੀ ਨਾਲ
ਕੱਟਦਾ, ਟੁਕਦਾ,
ਆਪਣੇ ਪੈਟਰਨ,
ਫ਼ੈਸ਼ਨ ਵਿਚ ਢਾਲਦਾ ਹੈ,

ਕਿੱਤਾਕਾਰੀ ਹੈ,
ਧਰਮ ਪਾਲਦਾ ਹੈ !

ਇਹ ਦਰਜ਼ੀ,
ਕਪੜਾ ਨਹੀਂ,
ਅਸਤਿਤਵ ਵਿਣਤਣ 'ਚ ਮਾਹਰ ਹੈ !

## ਕੈਨਵਸ ਤੇ ਬਿੰਦੂ

ਕੈਨਵਸ ਉੱਤੇ,
ਅਨੇਕ ਬਿੰਦੂ ਬਿਖਰੇ ਪਏ ਹਨ।


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਤੂਲਿਕਾ ਇਕ ਕਦਮ ਪੁੱਟਦੀ
ਤੇ ਸਿਲਸਿਲਾ ਟੁੱਟ ਜਾਂਦਾ ਹੈ !
ਕੈਨਵਸ ਉੱਤੇ,
ਇਕ ਹੋਰ ਬਿੰਦੂ ਬਣ ਜਾਂਦਾ ਹੈ !

ਇਨ੍ਹਾਂ ਬਿੰਦੂਆਂ ਅੰਦਰ
ਅਨੇਕ ਦਾਇਰੇ ਹਨ,
ਰੂਪ ਹਨ,
ਤਸਵੀਰਾਂ ਹਨ !

ਮੈਂ ਉਹ ਬਿੰਦੂ ਹਾਂ,
ਜੋ ਕਿਸੇ ਵੀ ਇੱਛਾ,
ਕਿਸੇ ਸੁਫ਼ਨੇ ਨੂੰ
ਕੋਈ ਰੂਪ ਨਾ ਦੇ ਸਕਿਆ !

ਕੈਨਵਸ
ਤੂਲਿਕਾ
ਬਿੰਦੂ
ਤੇ ਮੈਂ
... ...
... ...
ਸਫ਼ਰ ਜਾਰੀ ਹੈ !!!

## ਸ਼ੀਸ਼ੇ ਦੀ ਭਾਸ਼ਾ

ਸ਼ੀਸ਼ੇ ਦੀ ਭਾਸ਼ਾ ਅਕਸ,
ਅਕਸ ਦਾ ਸੋਮਾਂ ਬੁੱਤ !

ਆਪਣੇ ਹੀ ਅੰਦਰ, ਬੁੱਤ
ਤਣਾਅ, ਪ੍ਰਤਿ-ਤਣਾਅ ਵਿਚ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਟੁੱਟ ਗਿਆ—
'ਨ੍ਹੇਰੀ ਆਈ, ਰੇਤ ਵਾਂਗ,
ਬਿਖਰ ਗਿਆ—

ਆਪਣੇ ਹੀ ਟੁਕੜੇ
ਇਕੱਠੇ ਕਰਨ ਦੇ
ਯਤਨ ਵਿਚ, ਬੁੱਤ
ਸ਼ੀਸ਼ੇ ਵਲ ਪਰਤਿਆ
... ...
... ...
ਏਨਾ ਕੁਝ ਬਦਲ ਗਿਆ !!!
... ...
... ...
ਪਰ ... ...
... ...
ਅਕਸ ਨਹੀਂ ਬਦਲਿਆ !!!

## ਪਾਰ–ਗਾਥਾ

ਜੀਵਨ, ਮੌਤ,
ਜੁਰਮ, ਕਤਲ,
ਜੰਗ, ਅਮਨ,
ਸਹਿ–ਹੋਂਦ ਵਿਚ ਹੀ,
ਵਿਚਰਦੇ ਰਹੇ ਹਨ ਆਦਿ–ਕਾਲ ਤੋਂ !

ਕੀਮਤਾਂ ਦੇ ਟੱਕਰਾ 'ਚੋਂ,
ਨਵੇਂ ਫ਼ਲਸਫ਼ੇ ਜਨਮਦੇ ਹਨ
ਤੇ ਸਥਿਤੀਆਂ ਦੇ ਟਿਕਾਅ 'ਚੋਂ
ਉਨ੍ਹਾਂ ਦੇ ਮਾਪ–ਦੰਡ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਜ਼ਿੰਦਗੀ ਨੇ ਤੁਰਨਾ ਹੀ ਹੁੰਦਾ ਹੈ,
ਹਰ ਹਾਲ, ਹਰ ਕਾਲ !

ਕਦੇ ਚੰਦ ਭੁਲੇਖਾ ਬਣਿਆਂ, ਕਦੇ ਸੂਰਜ
ਤੇ ਇਨ੍ਹਾਂ ਦੇ ਦੁਆਲੇ,
ਤਾਰਿਆਂ ਵਾਂਗ, ਮਿੱਥਾਂ (Myths) ਜੁੜ ਗਈਆਂ !

"ਵਾਦਾਂ" ਨੂੰ ਮਿੱਥਾਂ ਬਨਾਉਣ ਵਾਲਿਓ !!!
ਗਿਆਨ ਮਿੱਥਾਂ ਦੀ ਪਾਰ-ਗਾਥਾ ਹੈ ,
ਦ੍ਰਿਸ਼ਟੀ,
ਦ੍ਰਿਸ਼ਟੀ ਦਾ ਚੀਰਹਰਣ !!!

## ਨਾਇਕ ਤੇ ਖਲਨਾਇਕ

ਤੁਸੀਂ ਜਦੋਂ ਵੀ ਪਰਤੋਗੇ,
ਮੈਂ ਇਸੇ ਮੋੜ ਉੱਤੇ ਖੜ੍ਹਾ ਹੋਵਾਂਗਾ !!!

ਦੁਨੀਆਂ ਗੋਲ ਹੈ,
ਘੁੰਮ ਘਿਰ ਉਸੇ ਥਾਂ ਪਰਤਦੀ ਹੈ—
ਸੂਰਜ ਦੁਆਲੇ ਘੁੰਮਦੀ ਧਰਤੀ ਵਾਂਗ !

ਚੰਗੇਜ਼, ਹਲਾਕੂ, ਹਿਟਲਰ, ਟੋਜੋ, ਮਸੋਲੀਨੀ,
ਸਿਕੰਦਰ ਤੇ ਨਪੋਲੀਅਨ—
ਵੱਡੇ ਨਾਮ ਹਨ ਇਹਿਤਾਸ ਦੇ !
ਥੋੜ੍ਹੇ ਬਹੁਤੇ ਫ਼ਰਕ ਨਾਲ,
ਬੁਸ਼ ਤੇ ਓਸਾਮਾਂ ਬਿਨ ਲਾਦਨ ਵੀ,
ਇਨ੍ਹਾਂ ਵਿਚ ਹੀ ਆ ਮਿਲਦੇ ਹਨ !



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਹੋਰ ਵੀ ਬਹੁਤ ਹਨ,
ਜਿਨ੍ਹਾਂ ਦੇ,
ਇਨ੍ਹਾਂ ਜਿੱਡੇ ਬਿੰਬ ਨਾ ਬਣੇ—
ਪਰ ਵਿਚਰੇ ਉਹ ਵੀ,
ਇਨ੍ਹਾਂ ਹੀ ਕੀਮਤਾਂ ਦੇ ਆਲੇ ਦੁਆਲੇ—
ਹੱਕ ਜਾਂ ਵਿਰੋਧ ਵਿਚ,

ਕੀਮਤਾਂ ਦੇ ਟੱਕਰਾ 'ਚੋਂ
ਇਤਿਹਾਸ ਪੈਦਾ ਹੁੰਦਾ ਹੈ,
ਸ਼ਖਸੀਅਤਾਂ ਦੀ ਟੱਕਰ 'ਚੋਂ
ਨਾਇਕ ਤੇ ਖਲਨਾਇਕ !!!

## ਗੁਮਸ਼ੁਦਾ ਰਸਤੇ

ਸੱਤ ਰੰਗੀਆਂ ਨੂੰ ਲੱਭਦੇ, ਲੱਭਦੇ
ਪੰਛੀ ਖਿੰਡਰ ਗਏ
ਕਹਿਰੀ ਬੱਦਲ, ਪੌਣ ਕੜਕਦੀ,
ਅੰਬਰ ਢੱਠ ਪਏ !!!

ਤੂਫ਼ਾਨਾਂ ਵਿਚ ਖੰਭ, ਖੰਭ ਕਰ ਕੇ,
ਪੰਛੀ ਟੁੱਟ ਗਏ
ਪੰਖੋਂ ਵਿਰਵੇ, ਅੱਖਾਂ ਅੰਦਰ,
ਸੁਫਨੇ ਤਿੜਕ ਗਏ
ਅੰਬਰੀਂ ਉੱਡਣ ਵਾਲੇ, ਕੀਕੂੰ
ਭੋਂ 'ਤੇ ਘਿਸਰ ਰਹੇ !!!

ਹੋਂਦ, ਨਿਹੋਂਦ ਦਾ ਗੰਢ-ਵਲੇਵਾਂ,
ਚਿੰਤਨ ਉਲਝ ਗਏ
ਭੁੱਲ ਭੁਲੱਈਆਂ ਵਿਚ ਦਿਸ਼ਾਵਾਂ,
ਰਸਤੇ ਕਿੱਧਰ ਗਏ ???


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਚੈੱਕ-ਮੇਟ

ਤਕਨਾਲੋਜੀ,
ਲਗਾਤਾਰ
ਤੇਜ਼ੀ ਨਾਲ
ਬਦਲਦੇ ਰਹਿਣ ਦੀ,
ਗਤੀ ਵਿਚ ਉਲਝ ਕੇ
ਰਹਿ ਗਈ ਹੈ !

ਕੰਪਿਊਟਰ ਤੇ ਹੋਰ
ਤਕਨੀਕੀ ਜੰਤਰ,
ਲਗਾਤਾਰ ਪੀੜ੍ਹੀਆਂ ਬਦਲ ਰਹੇ ਹਨ,
ਤੇਜ਼ੀ ਨਾਲ !!!

ਮਨੁੱਖ ਬਹੁਤ ਪਿੱਛੇ ਰਹਿ ਗਿਆ ਹੈ,
ਆਪਣੀ ਨਸਲ,
ਤੇ ਨਸਲ ਦੀ ਸੋਚ,
ਬਦਲਣ ਵਿਚ !!!

ਸ਼ਤਰੰਜ ਦੀ ਇਸ ਖੇਡ ਵਿਚ,
ਮਸ਼ੀਨ ਨੇ ਮਨੁੱਖ ਨੂੰ,
ਚੈੱਕ-ਮੇਟ ਦਿੱਤੀ ਜਾਪਦੀ !!!

## ਇੱਕ ਸ੍ਵੈ-ਚਿਤਰ

**-ਇੱਕ-**

ਉਦਾਸ ਤਾਂ ਕੁਝ ਵੀ ਨਹੀਂ—
ਸੱਭੋ ਕੁਝ,


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਆਪੋ ਆਪਣੀ ਥਾਂ 'ਤੇ
ਟਿਕਿਆ ਹੋਇਆ—
ਤੁਰ ਰਿਹਾ ਹੈ ਉੜ ਰਿਹਾ !!!

ਦਰਿਆ ਵੀ,
ਏਥੇ ਕਿਤੇ ਹੀ ਹੈ—
ਸਾਗਰ ਵੀ, ਆਕਾਸ਼ ਵੀ,
ਵਿਸ਼ਵਾਸ, ਅਵਿਸ਼ਵਾਸ ਵੀ !

ਏਧਰ ਦੀਵਾਰ ਉੱਤੇ
ਜਵਾਨੀ ਵੇਲੇ ਦੀ
ਮੇਰੀ ਇਕ ਦਿਲਕਸ਼ ਤਸਵੀਰ ਹੈ !

ਓਧਰ, ਵਿਆਹ ਉਪ੍ਰੰਤ,
ਮੇਰਾ ਤੇ ਪਤਨੀ ਦਾ ਚਿਤਰ ਵੀ,
ਇਕ ਦਾਸਤਾਨ !
ਏਧਰ, ਓਧਰ ਦੀਵਾਰਾਂ ਉੱਤੇ,
ਮੇਰੇ ਬੱਚਿਆਂ ਦੇ ਚਿਤਰ ਹਨ—
ਜਿਨ੍ਹਾਂ 'ਚੋਂ,
ਮੇਰੀ ਜਵਾਨ ਤੇ ਪ੍ਰੌਢ ਉਮਰ ਝਾਕਦੀ ਹੈ।

ਉਨ੍ਹਾਂ ਦੇ ਬੱਚੇ,
ਮੇਰੇ ਬੱਚਿਆਂ ਜਿੱਡੇ ਹੋ ਗਏ ਹਨ।
ਉਦਾਸ ਤਾਂ ਕੁਝ ਵੀ ਨਹੀਂ !!!

ਐਲਬਮ ਦੇ ਪੱਤਰਿਆਂ 'ਤੇ,
ਮਿੱਤਰ-ਕੁੜੀਆਂ ਦੀਆਂ ਤਸਵੀਰਾਂ,
ਮਿਤਰਾਂ, ਰਿਸ਼ਤੇਦਾਰਾਂ, ਦੋਸਤਾਂ, ਲੇਖਕਾਂ ਦੀਆਂ ...
ਸਮੇਂ ਦੇ ਛਿਣ ਵਿਚ ਪਕੜੀਆਂ ...
ਸਮੇਂ ਨੂੰ ਝੁਠਲਾ ਰਹੀਆਂ ! ...
... ...


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਆਪਣੇ ਦਾਇਰੇ 'ਚ ਕੋਈ ਰੀਂਗਦਾ,
ਆਕਾਸ਼ 'ਤੇ ਕੋਈ ਉੱਡ ਰਿਹਾ !
... ...
ਚਿਤਰ 'ਚੋਂ ਚਿਤਰ ਨਿਕਲਦਾ,
ਕੁਝ ਖੁੱਲ੍ਹ ਰਿਹਾ, ਕੁਝ ਡੁੱਲ੍ਹ ਰਿਹਾ !!!
ਉਦਾਸ ਤਾਂ ਕੁਝ ਵੀ ਨਹੀਂ !

**-ਦੋ-**

ਯਾਦ ਆਉਂਦੇ ਹਨ, ਉਹ ਰੰਗ
ਜੁ ਸਕੂਲ ਵਿਚ ਮਾਣੇ ਸਨ !

ਡਰਾਇੰਗ ਤੇ ਚਿਤਰਕਾਰੀ ਦਾ ਪੀਰੀਅਡ ਸੀ,
ਅਧਿਆਪਕ ਬੋਰਡ ਉੱਤੇ,
ਚਾਕ ਨਾਲ ਕੁਝ ਵਾਹ ਰਿਹਾ ਸੀ !
ਸ਼ਾਇਦ ਸਾਨੂੰ, ਆਪੋ ਆਪਣਾ,
ਸੁਫਨਾ ਉਲੀਕਣਾ ਸਿਖਾ ਰਿਹਾ ਸੀ !

ਮੇਰੇ ਰੰਗ-ਡੱਬੇ ਦੇ ਰੰਗ, ਡੱਬੇ ਵਿਚ,
ਕੱਲੇ, ਕੱਲੇ, ਇਕੱਲ ਦੀ ਤਰਤੀਬ ਵਿਚ,
ਚਿਣੇ ਹੋਏ ਪਏ ਸਨ ... ਨਿੱਕੀਆਂ, ਨਿੱਕੀਆਂ ਟੁਕੜੀਆਂ ...

ਪਤਾ ਨਹੀਂ ਮੈਨੂੰ ਕੀ ਸੁੱਝੀ ...
ਮੈਂ ਇਨ੍ਹਾਂ ਸਭ ਰੰਗਾਂ ਨੂੰ,
ਇਕ ਥਾਂ ਇਕੱਠੇ ਕਰਨਾ ਲੋਚਿਆ !

ਪਾਣੀ ਵਿਚ ਬੁਰਸ਼ ਭਿਓਂ ਕੇ,
ਵੱਖਰੇ, ਵੱਖਰੇ ਰੰਗਾਂ ਨੂੰ,
ਪੰਨੇਂ ਦੇ ਵਿਚਕਾਰ,
ਮੈਂ ਕੱਠਿਆਂ ਕਰਨ ਲੱਗ ਪਿਆ ...
ਇੱਕੋ ਥਾਂ 'ਤੇ ...



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਇਹ ਸਭ ਰੰਗ,
ਸਿਆਹ ਰੰਗ ਵਿਚ ਸਮਾ ਗਏ !
ਇਹ ਮੇਰਾ ਸੁਫਨਾ ਨਹੀਂ ਸੀ !!!

ਇਸ ਸਮੇਂ ਹੀ ਕਲਪਨਾ, ਮੈਨੂੰ,
ਰੰਗਾਂ ਦੀਆਂ ਵੱਖਰੀਆਂ, ਵੱਖਰੀਆਂ,
ਟੁਕੜੀਆਂ ਵਲ ਲੈ ਤੁਰੀ !

ਕੱਲਾ, ਕੱਲਾ ਰੰਗ ਮੈਂ ਬੁਰਸ਼ ਨਾਲ,
ਉਸ ਕਾਲੀ ਲਕੀਰ ਦੇ ਦੁਆਲੇ,
ਅਰਧ-ਗੋਲਾਕਾਰ,
ਇਕਾਈਆਂ ਵਿਚ ਵਿਛਾ ਦਿੱਤਾ।
ਚਿੱਟੇ ਰੰਗ ਦੀ ਇਕ ਮੋਟੀ ਲਕੀਰ ਨਾਲ,
ਇਨ੍ਹਾਂ ਦੁਆਲੇ ਚਿਹਰੇ ਵਰਗਾ,
ਇਕ ਦਾਇਰਾ ਵਾਹ ਦਿੱਤਾ।
ਨੱਕ, ਕੰਨ, ਮੂੰਹ, ਬੁੱਲ੍ਹ ਤੇ ਇਕ, ਇਕ ਕਰਕੇ,
ਹੋਰ ਨਕਸ਼, ਧੁੰਦਲੇ, ਪਰ ਰੌਸ਼ਨ ਧੱਬਿਆਂ ਵਾਂਗ,
ਇਨ੍ਹਾਂ ਰੰਗਾਂ ਦੀ ਰਚਨਾ ਵਿਚ,
ਘੁਲ, ਮਿਲ ਗਏ।

ਸਮੇਂ ਤੋਂ ਬਹੁਤ ਪਹਿਲਾਂ—
ਹਰਾ, ਨੀਲਾ, ਕਾਸ਼ਣੀ,
ਲਾਲ, ਪੀਲਾ, ਜਾਮਣੀ ... ਤੇ ਹੋਰ ਰੰਗ ...
ਇਸੇ ਤਰ੍ਹਾਂ, ਇੱਕੋ ਸਮੇਂ,
ਸਭ ਮਿਲਕੇ ਤੇ ਜੁਦਾ, ਜੁਦਾ ਰਹਿ ਕੇ ਵੀ,
ਮੇਰਾ ਸ੍ਵੈ-ਚਿਤਰ ਬਣਦੇ ਗਏ !
ਉਦਾਸ ਤਾਂ ਕੁਝ ਵੀ ਨਹੀਂ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਚਾਹ ਦਾ ਪਿਆਲਾ : ਤਿੰਨ ਪ੍ਰਭਾਵ–ਸਕੇਪ

**–ਇਕ–**

ਵੱਗਦੀ ਨਦੀ 'ਚ,
ਅੱਖ ਝਪਕੇ ਵਿਚ,
ਸੂਰਜ ਡਿਗ ਪਿਆ।

ਕੰਢਿਆਂ ਵਿੱਚੋਂ,
ਵੇਖੋ, ਕਿੰਜ ਹੈ
ਰੇਤਾ ਉੱਛਲ ਰਿਹਾ !!!

**–ਦੋ–**

ਉੱਡਿਆ ਪਾਣੀ,
ਪਲਕ ਝਪਕ ਵਿਚ,
ਨਦੀਏ ਵਗ ਤੁਰਿਆ !
ਸਾਡੀ ਨਦੀ 'ਚ,
ਵੇਖੋ ਕਿੰਜ ਹੈ,
ਸੂਰਜ ਤੈਰ ਰਿਹਾ !!!

**–ਤਿੰਨ–**

ਚਾਹ ਦੇ ਪਿਆਲੇ,
ਅੰਦਰ ਵੇਖੋ,
ਦਰਿਆ ਵਗੇ ਪਿਆ !
ਅੰਬਰੋਂ ਪਕੜ ਕੇ,
ਉਸ ਅੰਦਰ,
ਅਸੀਂ ਸੂਰਜ ਘੋਲ ਲਿਆ !

ਚਾਹ ਦੇ ਪਿਆਲੇ ਵਿੱਚੋਂ ਵੇਖੋ :
ਕੀਕੂੰ ਸਾਡਾ ਦਿਲ ਚੜ੍ਹਿਆ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਵਿਮਾਨ ਦੀ ਦੁਨੀਆਂ

ਵਿਮਾਨ ਦੀ
ਆਪਣੀ ਹੀ ਦੁਨੀਆਂ ਹੈ

ਖ਼ੂਬਸੂਰਤ ਕੁੜੀਆਂ ਦੀ ਮੁਸਕਰਾਹਟ,
ਮੀਜ਼ਬਾਨੀ

ਪਿਆਲਿਆਂ ਜਾਮਾਂ 'ਚ ਡੁੱਬਦਾ
ਹਾਦਸੇ ਦਾ ਡਰ

ਇਕ ਸਾਂਝੀ ਆਸ ਵਿਚ ਬੱਝੇ ਮੁਸਾਫ਼ਰ
ਖੁੱਲ੍ਹ ਰਹੇ ਬਣ, ਬਣ ਕੇ ਦਰ

ਆਪਣੇ ਬਚਾ ਲਈ ਦੇ ਰਹੇ
ਸਭ ਨੂੰ ਜ਼ਿੰਦਗੀ ਦਾ ਵਰ

ਬੱਦਲ, ਧੁੱਪ, ਕਣੀਆਂ
ਸੂਰਜ, ਸਿਤਾਰੇ, ਆਸਮਾਂ
ਧਰਤ, ਸਾਗਰ—
ਇਹ ਜਹਾਂ ਤੇ ਉਹ ਜਹਾਂ

ਨਾਲ ਨਾਲ ਸਫ਼ਰ ਦੇ
ਮੁਸਾਫ਼ਰਾਂ ਦੇ ਹਮਸਫ਼ਰ

ਭਰਮ ਹੀ ਸਹੀ—
ਛਿਣ ਦੀ ਛਿਣ ਪਰ ਜਾਪਦਾ,
ਇਨਸਾਨ ਤੇ
ਇਨਸਾਨੀਅਤ ਦਾ ਇਹ ਜਸ਼ਨ !

ਵਿਮਾਨ ਦੀ ਆਪਣੀ ਹੀ ਦੁਨੀਆਂ ਹੈ !


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਮੈਟਰੋ ਦਾ ਸਫ਼ਰ

ਮੈਟਰੋ ਦੇ ਸਫ਼ਰ ਵਿਚ,
ਕੋਈ ਕਿਸੇ ਦਾ ਸਾਥੀ, ਨਾ ਹਮਸਫ਼ਰ !

ਆਪੋ ਆਪਣੇ ਸਫ਼ਰ ਦੀ,
ਗੱਠੜੀ 'ਚ ਬੱਝਿਆ ਹਰ ਮੁਸਾਫ਼ਰ,
ਆਪੋ ਆਪਣੇ ਸਟੇਸ਼ਨ ਦੀ,
ਉਡੀਕ ਕਰਦਾ ਜਾਪਦਾ।

ਮੈਟਰੋ ਰੁਕਦੀ,
ਦਰ ਖੁੱਲ੍ਹਦੇ ਤੇ ਬੰਦ ਹੁੰਦੇ,
ਮਹਾਂ-ਨਗਰ ਦੀ ਇਹ ਭੀੜ,
*ਐਗਜ਼ਿਟ ਗੇਟਾਂ ਵਿੱਚੋਂ ਨਿਕਲਕੇ,
ਆਪੋ ਆਪਣੇ ਰਸਤਿਆਂ ਵਿਚ,
ਪਾਟ ਜਾਂਦੀ !

ਮਸ਼ੀਨਾਂ ਵਿਚ ਮਸ਼ੀਨ ਬਣੀ,
ਦਫ਼ਤਰਾਂ, ਚਕਲਿਆਂ ਵਿਚ,
ਬੈਠ ਜਾਂਦੀ !!!

ਮੈਟਰੋ ਦੇ ਸਫ਼ਰ ਵਿਚ,
ਕੋਈ ਕਿਸੇ ਦਾ ਸਾਥੀ, ਨਾ ਹਮਸਫ਼ਰ।

# ਸ਼ੀਸ਼ੇ ਵਿਚ ਦਰਾੜਾਂ

ਉਬਾਸੀ ਆਉਂਦੀ ਹੈ
ਪਰ ਨੀਂਦ ਨਹੀਂ ਆਉਂਦੀ

---

* ਐਗਜ਼ਿਟ ਗੇਟਾਂ - Exit Gates



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਦਿਨ ਭਰ ਦੇ ਅਨੁਭਵ
ਅੱਖਾਂ 'ਚ ਰੜਕਦੇ ਹਨ

ਬੂਹੇ ਆਪਣੇ ਹੀ ਹਨ
ਪਰ ਬੰਦ ਹਨ

ਕੰਧਾਂ
ਤਣ ਕੇ ਖੜੋਤੀਆਂ ਹਨ
ਨਜ਼ਰ ਸੌਂਹੇਂ
ਮੇਰਾ ਆਸਮਾਨ
ਮੇਰੀ ਛੱਤ ਹੇਠ ਸੁਕੜ ਆਇਆ ਹੈ
ਮੇਰੀ ਦੁਨੀਆਂ
ਮੇਰੇ ਆਪ ਤਕ ਸੀਮਤ

ਟੁਕੜੀਆਂ ਵਿਚ
ਕੱਚ ਕੰਕਰਾਂ ਬਣੇ ਰਿਸ਼ਤੇ
ਸ਼ੀਸ਼ੇ 'ਚੋਂ
ਦਰਾੜਾਂ ਵਾਂਗ ਦਿਖਦੇ ਹਨ

ਇਸ ਟੁੱਟ, ਭੱਜ ਵਿਚ—
ਜਿੰਨੇ ਵੀ ਟੁਕੜੇ ਹਨ,
ਮੇਰੇ ਹਨ

ਟੁਕੜਿਆਂ ਵਿਚ ਮਿਲੀ
ਇਸ ਆਜ਼ਾਦੀ ਦਾ
ਕੀ ਕਰਾਂ ???

## ਬੀਤਣ ਤੇ ਰੁਕਣ ਦੇ ਨਾਲ ਨਾਲ

ਦਿਨ, ਦਿਨ ਕਰ ਕੇ,
ਮਹੀਨਾ ਬੀਤ ਚੱਲਿਆ ਹੈ—


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਛਿਣ, ਛਿਣ ਕਰ ਕੇ,
ਦਿਨ !

ਸਾਲ, ਸਾਲ ਕਰ ਕੇ,
ਉਮਰ ਬੀਤਦੀ ਰਹੀ,
ਹੁਣ,
ਰੁਕ ਗਈ,
ਖਲਾਅ ਵਾਂਗ,
ਭਾਰ ਤੇ ਅਹਿਸਾਸ-ਹੀਣ !!!

ਹਲਕਾ, ਹਲਕਾ ਜਾਪਦਾ ਹੈ,
ਆਪਣਾ ਆਪ—
ਕਿਸੇ ਵੀ ਖਿੱਚ ਤੋਂ ਵਿਰਵਾ !

ਸਾਲ
ਦਿਨ
ਛਿਣ
ਜਿਵੇਂ
ਨਜ਼ਰ ਤਕ, ਨਜ਼ਰ ਆਉਂਦੇ—
ਰੁਕੇ ਹੋਏ ਥਲ ਵਿਚ,
ਸਿਮਟ ਗਏ !!!

ਥਲ 'ਤੇ ਨਿਸਦਿਨ,
ਸੂਰਜ ਵੀ ਬਰਸਦਾ ਹੈ—
ਕਦੇ, ਕਦੇ,
ਬੱਦਲ ਵੀ !

ਥਲ,
ਆਪਣੇ ਆਪ ਵਿਚ,
ਫੈਲਿਆ ਹੋਇਆ—
ਆਕਾਸ਼,
ਆਪਣੇ ਆਪ ਵਿਚ !!!


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਰੁੱਖ, ਮਨੁੱਖ,
ਛਾਵਾਂ ਤੇ ਪਰਛਾਵੇਂ,
ਸਮੇਂ ਦੇ ਬਦਲਦੇ ਰੂਪ ਹਨ—

ਆਕਾਸ਼, ਥਲ ਤੇ ਸੂਰਜ,
ਸਥਾਈ !

ਮੇਰੇ ਛਿਣ, ਦਿਨ ਤੇ ਸਾਲ,
ਏਸ ਪੜਾ 'ਤੇ—
ਚੁਫੇਰੇ ਨਜ਼ਰ ਆਉਂਦੇ ਥਲ ਵਾਂਗ,
ਨਿਰਖਿੱਚ, ਰੁਕ ਗਏ ਹਨ,
ਆਪਣੇ ਆਪ ਅੰਦਰ ... ਫੈਲ ਗਏ ...
... ਖਲਾਅ ਵਾਂਗ !!!

ਬੀਤਣ ਤੇ ਰੁਕਣ ਦੀ ... ਇੱਕੋ ਸਮੇਂ ...
ਇਹ ਕਿਹੀ ਅਵਸਥਾ ਹੈ ?
ਕਿਹੀ ਰੁੱਤ ??

## ਰੁੱਤਾਂ ਦਾ ਸੰਗਮ

ਸੜਕ ਦੇ ਉਸ ਪਾਰ
ਇਕ ਬੱਦਲ ਬਰਸ ਰਿਹਾ

ਸੜਕ ਦੇ ਇਸ ਪਾਰ
ਧੁੱਪ ਦਾ ਨਸ਼ਾ ਜਿਹਾ

ਇਨ੍ਹਾਂ ਦੇ ਵਿਚਕਾਰ
ਇਕ ਬੁੱਲਾ ਰੁਮਕ ਰਿਹਾ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਫੁੱਲਾਂ ਵਿੱਚੋਂ ਰੰਗ ਬਿਰੰਗੀਆਂ
ਮਹਿਕਾਂ ਖੇੜ ਰਿਹਾ

ਧੁੱਪ ਛਾਵਾਂ ਵਿਚ ਧਰਤੀ—
ਸੂਰਜ, ਬੱਦਲ ਛੇੜ ਰਿਹਾ

ਭਰਿਆ, ਭਰਿਆ ਅੰਦਰ—
ਅੱਜ ਕੋਈ ਅੰਦਰੋਂ ਖੁੱਲ੍ਹ ਰਿਹਾ

ਰੁੱਤਾਂ ਦਾ ਇਹ ਸੰਗਮ
ਉਸ ਦੇ ਅੰਦਰੋਂ ਡੁੱਲ੍ਹ ਰਿਹਾ !!!

## ਦਿਲ ਦਾ ਕਿੱਸਾ

ਕਿੱਸਾ ਸੁਣੋ ਸਾਡੇ ਦਿਲ ਦਾ
ਨਸ਼ਤਰ, ਛੁਰੀਆਂ ਚੱਲੇ ਇਸ 'ਤੇ
ਅਜੇ ਵੀ ਧੜਕੇ, ਹਿੱਲਦਾ

ਅੰਬਰੋਂ ਅੱਗ ਬਰਸੇ, ਥਲ ਤਪਦਾ—
ਇਸ ਦੇ ਵਿਹੜੇ ਸੂਰਜ ਆ ਕੇ,
ਫੁੱਲ ਵਾਂਗਰਾਂ ਖਿਲਦਾ

ਪਹਿਲਾਂ ਹੁਸਨ ਨੇ ਤੀਰ ਚਲਾਏ
ਫੇਰ ਕਾਮ ਦੇ ਹੜ੍ਹ ਚੜ੍ਹ ਆਏ
ਦਿਲ ਵਿਚ, ਤਨ, ਮਨ ਮਿਲਦਾ

ਡਾਕਟਰ, ਨਰਸਾਂ ਇਸ ਦੇ ਦੁਆਲੇ
ਨਿੱਤ ਨਵੇਂ ਪ੍ਰਯੋਗ ਕਰ ਰਹੇ
ਭੇਤ ਮਿਲੇ ਨਾ ਦਿਲ ਦਾ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਦਿਲ : ਬਿਜਲੀ ਝਟਕੇ

ਦਿਲ ਮੇਰਾ ਹੈ ਫਿਰ ਵਿਗੜ ਗਿਆ
ਝਟਕਾ ਲਗਾਇਆ ਜਾਏਗਾ
ਸੂਲੀ 'ਤੇ ਚੜ੍ਹਦਾ ਹਰ ਕੋਈ
ਬਿਜਲੀ 'ਤੇ ਚੜ੍ਹਾਇਆ ਜਾਏਗਾ

ਇਹਦੀ ਧੜਕਨ ਸਰਪਟ ਘੋੜਾ ਹੈ
ਸਭ ਹੱਦਾਂ ਬੰਨੇ ਟੱਪ ਜਾਵੇ
ਇਹਦਾ ਖ਼ੂਨ-ਦਬਾਅ ਹੈ ਤੁਗ਼ਿਆਨੀ
ਦਿਲ ਵਾਲਾ, ਦਿਲ ਨਾ ਵੱਟ ਖਾਵੇ

ਕੁਝ ਆਪਣਾ ਆਪ ਵਿਖਾਉਣਾ ਸੀ
ਕੁਝ ਡਾਕਟਰ ਨੂੰ ਅਜ਼ਮਾਉਣਾ ਸੀ
ਦਿਲ ਆਇਆ ਆਪਣੀ ਆਈ 'ਤੇ
ਇਹਨੇ ਦਿਲ ਦਾ ਰਾਗ ਵੀ ਗਾਉਣਾ ਸੀ

ਇਹ ਜ਼ਿੰਦਗੀ ਸਦਾ ਹੀ ਲੰਘਦੀ ਰਹੀ
ਟਿੱਬੇ, ਥਲ, ਨਦੀਆਂ ਤੇ ਸਾਗਰ
ਉੱਡੀ ਇਹ ਵਿਰੋਧੀ ਪੌਣਾਂ ਵਲ
ਦੀਵਾਰ 'ਚੋਂ ਖੋਲ੍ਹੇ ਇਸ ਸਦ ਦਰ

ਜੋ ਮੌਤ ਪਕੜਦੇ ਮੁੱਠੀ ਵਿਚ
ਜੀਵਨ ਦਾ ਜਸ਼ਨ ਮਨਾਉਂਦੇ ਨੇ
ਤੇ 'ਨ੍ਹੇਰੀਆਂ, ਕਾਲੀਆਂ ਰਾਤਾਂ ਵਿਚ
ਸੂਰਜ ਦਾ ਗੀਤ ਬਣਾਉਂਦੇ ਨੇ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**

Academy of the Punjab in North America - APNA: http://www.apnaorg.com

## * ਮਾਨਸਕ ਦਬਾਅ

ਜਦੋਂ ਵੀ ਸੋਚ ਅੰਗੜਾਈ ਲੈਂਦੀ ਹੈ
ਕੁਝ ਨਵਾਂ, ਕੁਝ ਵੱਖਰਾ ਕਰਨ
ਲੀਕ ਤੋਂ ਹਟ ਕੇ ਤੁਰਨ ਲਈ,

ਤਾਂ ਦਬਾਅ ਬੁਲਡੋਜ਼ਰ ਫੇਰ ਦਿੰਦਾ ਹੈ
ਸਭ ਕੁਝ ਪੱਧਰਾ ਕਰਨ ਲਈ

ਜ਼ਿੰਦਗੀ, ਸਮਤਲ ਨਹੀਂ ਹੁੰਦੀ,
ਉੱਚੀ, ਨੀਵੀਂ ਹੁੰਦੀ ਹੈ, ਗਿੱਲੀ, ਸੁੱਕੀ

ਤੇ ਜਦੋਂ

ਦਬਾਅ ਮਨ ਵਿਚ ਜੜ੍ਹਾਂ ਫੜ ਲਵੇ,
ਤਾਂ ਦਰਿਆ ਦੀ ਥਾਂ, ਰੇਤ ਨਜ਼ਰ ਆਉਂਦੀ ਹੈ
ਬੂਹੇ, ਬਾਰੀਆਂ ਬੰਦ ਹੋ ਜਾਂਦੇ ਹਨ ਘਰ ਦੇ
ਦੇਹ ਸੁੰਗੜ, ਢਿਲਕ ਜਾਂਦੀ ਹੈ

ਤੇ ਨਜ਼ਰ

ਇਕ ਪੈਰ ਨਹੀਂ ਪੁੱਟਦੀ
ਬੋਝਲ ਪਲਕਾਂ ਹੇਠ
ਦਬ ਜਾਂਦੀ ਹੈ !!!

---

* ਮਾਨਸਕ ਦਬਾਅ - Mental Pressure, Stress, Depression



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਅਵਿਸ਼ਵੀਕਰਨ : ਇਕ ਪ੍ਰਭਾਵ ਸਕੇਪ

ਸੁਰੱਖਿਆ[1] ਕਰ ਦੀ ਗੱਲ ਤੁਰੀ ਹੈ
ਸੁਤੰਤਰ ਵਪਾਰ[2] ਦੀਆਂ
ਸਰਹੱਦਾਂ ਨੀਅਤ ਕਰਨ ਲਈ—
ਵੰਡੇ ਹੋਏ ਗਲੋਬ ਨੂੰ ਹੋਰ ਵੰਡਣ—
ਹਰ ਵੰਡ-ਖੰਡ ਨੂੰ
ਸ੍ਵੈ-ਨਿਰਭਰ ਕਰਨ ਲਈ !!!

ਪਿੰਡ ਤੋਂ ਨਗਰ,
ਨਗਰ ਤੋਂ ਦੇਸ਼
ਤੇ ਦੇਸ਼ਾਂ ਤੋਂ ਗਲੋਬ, ਹੁਣ ...
ਪਿੱਛਲ-ਪੈਰੀਂ ਤੁਰ ਪਏ ਹਨ !

ਅਵਿਸ਼ਵੀਕਰਨ[3] ਦੀ ਕਿਰਿਆ ਵਿਚ
ਪਿੰਡ ਫੇਰ
ਅੱਗਰਭੂਮੀਂ ਵਿਚ ਆ ਗਿਆ ਹੈ,
ਆਤਮ-ਨਿਰਭਰ ਹੋਣ ਦਾ
ਚਿੰਨ੍ਹ ਬਣ ਕੇ !!!
... ...
... ...
ਇਕ, ਇਕ 'ਚੋਂ ਆਵੇਗੀ, ਇਕ ਦਿਨ,
ਸਭ ਨੂੰ ਰੌਸ਼ਨੀ ਛਣ ਕੇ !!!

---

1. ਸੁਰੱਖਿਆ ਕਰ - Protection Duty, Tax, 2. ਸੁਤੰਤਰ ਵਪਾਰ - Free Trade,
3. ਅਵਿਸ਼ਵੀਕਰਨ - De-Globalization



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਗਲੋਬਲ ਵਾਰਮਿੰਗ : ਇਕ ਚਿਤਾਵਨੀ

ਹੁਣ ਮਾਈਗਰੇਸ਼ਨ
ਭੂ-ਮੱਧ ਰੇਖਾ ਤੋਂ
ਉੱਤਰ ਤੇ ਦੱਖਣ ਵਲ ਹੋਵੇਗੀ
ਉੱਤਰੀ ਤੇ ਦੱਖਣੀ ਧਰੁੱਵ ਵਲ
ਗਲੋਬਲ ਵਾਰਮਿੰਗ ਦੇ ਪ੍ਰਭਾਵ ਹੇਠ
ਔੜ ਤੇ ਸੋਕੇ ਦੀ ਮਹਾਂ-ਮਾਰੀ ਨਾਲ
ਸਰਸਬਜ਼ ਵਾਦੀਆਂ
ਬੰਜਰ, ਥਲ ਬਣ ਜਾਣਗੀਆਂ
ਪਾਣੀ ਦੀ ਇਕ ਤਿੱਪ ਨਹੀਂ ਮਿਲੇਗੀ

ਤੇ ਜਿੱਥੇ ਧਰਤੀ*, ਬਰਫ਼ ਵਿਚ, ਬਰਫ਼ ਵਾਂਗ,
ਜੰਮੀਂ ਪਈ ਹੈ, ਓਥੇ
ਲਹਿਰ ਬਹਿਰ ਹੋਵੇਗੀ !!!

ਜੰਗ ਸਦਾ ਹੀ,
ਉਤਪਾਦਨ ਦੇ ਸਾਧਨਾਂ ਉੱਤੇ,
ਕਬਜ਼ੇ ਲਈ ਹੋਈ ਹੈ—

ਪੰਡਤ ਆਖਦੇ ਹਨ :

ਫੇਰ ਹੋਵੇਗੀ

ਘਾਣ ਹਮੇਸ਼ਾ ਹੀ ਲੋਕਾਂ ਦਾ ਹੋਇਆ ਹੈ

ਪੰਡਤ ਆਖਦੇ ਹਨ :

ਫੇਰ ਹੋਵੇਗਾ ...

---

* Permafrost - ਆਈਸ (Ice) ਨਾਲ ਜੰਮੀਂ ਹੋਈ ਬੇਆਬਾਦ ਧਰਤੀ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਅਜੇ ਵੀ ਸਮਾਂ ਹੈ,
ਆਪਣੇ ਕੂੜੇ ਨੂੰ ਸੰਭਾਲੋ,
ਇਸ 'ਚੋਂ ਫ਼ਸਲਾਂ ਵੀ ਉੱਗ ਸਕਦੀਆਂ ਹਨ
ਖ਼ੁਸ਼ਹਾਲੀ ਵੀ !!!

## ਨਜ਼ਰ ਦੇ ਬਦਲਦੇ ਮੌਸਮ : ਤਿੰਨ ਪ੍ਰਭਾਵ-ਸਕੇਪ

### -ਇਕ-

ਤਪਦੀ ਧਰਤੀ 'ਤੇ,
ਠੰਡੀ ਠਾਰ,
ਬਰਖਾ, ਬਰਸ ਰਹੀ !!!

ਤਨ, ਮਨ, ਰੂਹ 'ਚੋਂ—
ਰੁਕੀ ਹੋਈ, ਹਰ
ਭੜਾਸ ਹੈ ਨਿਕਲ ਰਹੀ !!!

### -ਦੋ-

ਸ਼ੀਸ਼ੇ ਦੇ ਉਸ ਪਾਰ,
ਬੱਦਲ ਬਰਸ ਰਿਹਾ।
ਸ਼ੀਸ਼ੇ ਦੇ ਇਸ ਪਾਰ,
ਸਭ ਕੁਝ ਭਿੱਜ ਰਿਹਾ !

ਸਾਡੇ ਅੰਦਰੋਂ,
ਵੇਖੋ ਕਿੰਜ ਹੈ—
ਅੱਜ ਅਸਾੜਾ,
ਦਿਨ ਚੜ੍ਹਿਆ !!!


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

-ਤਿੰਨ-

ਸੂਰਜ ਦੇ ਨਾਲ ਧੋ ਕੇ 'ਨ੍ਹੇਰੇ,
ਬੱਦਲ ਲਏ ਬਣਾ !
ਤ੍ਰਿਪਤੀ ਬਣ ਕੇ ਖਿੜ ਉੱਠਿਆ, ਅੱਜ
ਅੰਦਰ ਦਾ ਸਹਿਰਾ !!!

## ਸੀਤ ਯੁੱਗ

ਏਸ ਰੁੱਤ ਵਿਚ,
ਧੁੱਪ ਠੰਡੀ ਹੁੰਦੀ ਹੈ !

ਪਹਾੜ ਬਰਫ਼ ਹੇਠ ਦੱਬੇ
ਖਿੜਕੀ 'ਚੋਂ
ਸਟਿੱਲ ਪੇਂਟਿੰਗ ਵਰਗੇ ਜਾਪਦੇ !
ਜੰਗਲ ਦੇ ਰੁੱਖਾਂ ਉੱਤੇ ਵੀ,
ਬਰਫ਼ ਦੀ ਚਿਤਰਕਾਰੀ ਹੈ !

ਘਰਾਂ ਦੇ ਮੂਹਰੇ,
ਮਣਾਂ ਮੂੰਹੀਂ ਬਰਫ਼,
ਵਿੱਚੋਂ ਸਾਫ਼ ਕੀਤੇ ਰਾਹਾਂ ਦੁਆਲੇ—
ਜੰਮੀਂ ਪਈ, ਲੋਹੇ ਵਰਗੀ ਸਖ਼ਤ,
ਸ਼ੀਸ਼ੇ ਵਰਗੀ ਆਈਸ*, ਤਿਲ੍ਹਕਵੀਂ—

ਠੰਡੀ, ਸੀਤ ਹਵਾ—
ਸਿਫ਼ਰ ਤੋਂ ਹੇਠਾਂ ਤਾਪਮਾਨ—
ਤਲਵਾਰ ਵਾਂਗੂੰ ਫਿਰ ਜਾਂਦੀ ਹੈ—
ਮਨ, ਤਨ ਰੂਹ ਵਿਚ।

---

* ਆਈਸ - Ice



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕੰਬਣੀ ਜਿਹੀ ਛਿੜਦੀ ਹੈ,
ਅੱਖਾਂ, ਬੁੱਲ੍ਹਾਂ ਦੀ ਨਮੀਂ,
ਜੰਮ ਜਾਂਦੀ ਹੈ।

ਭੂਗੋਲੇ 'ਤੇ ਫੈਲੀ
ਇਨਸਾਨੀਅਤ ਵਿਚਕਾਰ
ਵੀ ਇਹ ਸੀਤ ਰੁੱਤ—
ਆਪਣੀ ਬਰਫੀਲੀ ਚਿਤਰਕਾਰੀ ਸਮੇਤ—
ਤਣੀ ਖੜੋਤੀ ਹੈ—
ਦੀਵਾਰ ਵਾਂਗ !

ਇਕ ਨੂੰ ਇਕ,
ਨਿੱਘ ਨਹੀਂ ਦੇ ਰਿਹਾ !

ਇਕ ਦੇ ਇਕ,
ਨੇੜੇ ਨਹੀਂ ਹੋ ਰਿਹਾ !

ਵਧ ਰਿਹਾ ਹੈ ਹਰ ਤਰਫ਼,
ਇਕ ਤੋਂ ਇਕ ਦਾ ਫ਼ਾਸਲਾ !

ਇਕ ...
ਟੁੱਟ ਰਿਹਾ ... !!!
ਤਿੜਕ ਰਿਹਾ ... !!!
*ਜੰਮ ਰਿਹਾ ... !!!

ਏਸ ਰੁੱਤ ਵਿਚ,
ਧੁੱਪ ਠੰਡੀ ਹੁੰਦੀ ਹੈ !

---

* ਜੰਮ ਰਿਹਾ - Freezing



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਰੀਮੋਟ ਕੰਟਰੋਲ

ਉਹ ਰੀਮੋਟ ਕੰਟਰੋਲ 'ਤੇ ਚੱਲਣ ਵਾਲੀ
ਬੰਦੂਕ ਬਣ ਕੇ ਆਏ
ਤੇ ਉਨ੍ਹਾਂ ਨੇ
ਦੋ ਜਵਾਨਾਂ ਦੀ ਦੇਹ
ਛਾਨਣੀ ਬਣਾ ਦਿੱਤੀ

ਵਿਸ਼ਵੀਕਰਨ ਦੇ ਨੇਮ ਵਿਚ ਬੱਝਾ,
ਰੀਮੋਟ ਕੰਟਰੋਲ—
ਰਾਜਨੀਤੀ ਵਾਂਗ—
ਹੱਥ ਬਦਲਦਾ ਰਹਿੰਦਾ ਹੈ

ਨਸ਼ਿਆਂ ਦੀ ਵਿਕਰੀ, ਖਪਤ
ਤੇ ਖ਼ੂਨ ਖਰਾਬੇ ਦਾ ਵੀ
ਆਪਣਾ ਹੀ ਨੇਮ ਹੈ

ਨੇਮਾਂ ਦੇ ਇਨ੍ਹਾਂ
ਨਿੱਕੇ ਵੱਡੇ ਟਾਪੂਆਂ ਦੁਆਲੇ
ਜ਼ਿੰਦਗੀ ਦਾ ਸਾਗਰ
ਚੜ੍ਹਦਾ, ਉੱਤਰਦਾ ਰਹਿੰਦਾ ਹੈ

ਆਦਿ ਕਾਲ ਤੋਂ
ਸੂਰਜ, ਚੰਨ, ਸਿਤਾਰੇ, ਨ੍ਹੇਰਾ—
ਸਹਿ-ਹੋਂਦ ਵਿਚ ਵਿਚਰਦੇ ਆ ਰਹੇ ਹਨ—
ਇਹ ਹੀ ਸਾਡਾ ਇਹਿਤਾਸ,
ਇਹ ਹੀ ਸਾਡਾ ਵਿਰਸਾ ਹੈ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਕਲਾਕਾਰ : ਇਕ ਵਿਅਕਤੀ ਚਿਤਰ

ਮੰਗਣਾ ਤੇ ਹੱਥ ਫੈਲਾਉਣਾ—
ਉਸ ਲਈ ਹਰਾਮ ਹੈ !

ਪਰ ਉਹ ਬੇਕਾਰ ਹੈ !

ਹਰ ਸਵੇਰ,
ਆਪਣੀ ਗਿਟਾਰ ਲੈ ਕੇ,
ਉਸਦੀਆਂ ਤਾਰਾਂ ਛੇੜਦਾ,
ਹਵਾਵਾਂ ਨੂੰ,
ਸੰਗੀਤ ਦੀ ਜਾਗ ਲਾਉਂਦਾ ਹੈ !

ਬੜਾ ਕੁਝ ਅਰਥ-ਭਰਪੂਰ,
ਅਰਥ-ਹੀਣ ਸ਼ਬਦਾਂ ਵਿਚ ਗਾਉਂਦਾ ਹੈ !

ਇਕ ਊਲ ਜਲੂਲ ਜਿਹਾ ਸੰਸਾਰ,
ਆਪਣੇ ਆਪ ਲਈ,
ਸਭ ਲਈ ਵਸਾਉਂਦਾ ਹੈ

ਰਾਹਗੀਰ, ਉਸ ਦੇ ਕੋਲ ਪਏ,
ਗਿਟਾਰ ਦੇ ਖੁੱਲ੍ਹੇ ਕੇਸ* ਵਿਚ,
ਆਪ ਹੀ,
ਕੁਝ ਸਿੱਕੇ ਸੁੱਟ ਜਾਂਦੇ ਹਨ !

ਕਲਾਕਾਰ,
ਸਿੱਕਿਆਂ ਵਲ ਵੇਖ, ਵੇਖ,
ਹੌਲੀ, ਹੌਲੀ,
ਆਪਣੇ ਆਪ ਵਿੱਚੋਂ
ਛਣ ਰਿਹਾ ਹੈ !

ਬੇਕਾਰ ਹੁੰਦਿਆਂ ਵੀ,
ਕਾਰ ਬਣ ਰਿਹਾ ਹੈ !!!

---

* ਕੇਸ – Case, ਡੱਬਾ



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਬੇਕਾਰੀ : ਹਵਾ, ਫੁਲ ਤੇ ਪਾਣੀ
## (ਆਰਥਕ ਮੰਦਵਾੜੇ ਵਿਚ ਬੇਕਾਰ ਹੋਏ ਲੋਕਾਂ ਦੇ ਨਾਂ)

ਹਵਾ ਆਉਂਦੀ,
ਫੁੱਲਾਂ ਨੂੰ ਛੇੜ ਜਾਂਦੀ,
ਮਹਿਕ ਬਿਖੇਰ ਜਾਂਦੀ ਹੈ !

ਖੜ੍ਹੇ ਪਾਣੀਆਂ 'ਚ
ਹਲਚਲ ਹੁੰਦੀ,
ਦਾਇਰੇ ਜਿਹੇ ਬਣਦੇ,
ਫੈਲਦੇ,
ਕੰਢਿਆਂ ਨੂੰ ਜੋੜ ਦਿੰਦੇ ਹਨ !

ਹਰ ਸਵੇਰ ਉਹ
ਮਹਿਕ ਨਾਲ ਬਿਖਰਦਾ,
ਦਾਇਰਿਆਂ ਵਿਚ ਫੈਲਦਾ,
ਹਵਾ
ਫੁਲ
ਤੇ ਪਾਣੀ ਦੀ ਖੇਡ, ਖੇਡਦਾ ਹੈ !!

ਵਾਸਤਵ ਵਿਚ,
ਇਕ ਕਦਮ ਅੱਗੇ ਨਹੀਂ ਪੁੱਟਦਾ !!!

ਸਮਾਂ
    ਸੰਘਰਸ਼
        ਘਟਨਾ
            ਤੇ ਕਰਮ
ਉਸ ਲਈ,
        ਬੇਅਰਥ ਹੋ ਗਏ ਹਨ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਸੜਕ ਦੇ ਕੰਢੇ

ਸੜਕ ਦੇ ਕੰਢੇ
ਆਪ ਹੀ, ਉਹ
ਆਪਣਾ ਘਰ ਬਣ ਕੇ
ਸੌਂ ਜਾਂਦਾ ਹੈ

ਕਿੰਨੇਂ ਸਿਆਲ ਲੰਘ ਗਏ ?
ਕਿੰਨੇਂ ਹੁਨਾਲ ?

ਆਪਣੇ ਆਲੇ ਦੁਆਲੇ ਬੇਘਰਿਆਂ ;
ਨਸ਼ੀਲੇ ਪਦਾਰਥਾਂ ਦੇ ਆਦੀਆਂ,
ਤਨ, ਮਨ ਦੇ ਵਪਾਰੀਆਂ
ਦੇ ਇਕ ਤੋਂ ਬਾਅਦ ਇਕ-
ਉੱਠਦੇ ਮੁਰਦਿਆਂ ਵਲ ਵੇਖਕੇ-

ਸੌਣਾ, ਉਸ ਲਈ,
ਆਪਣੇ ਆਪ ਤੋਂ ਅਪਸਾਰ ਹੈ
ਤੇ ਜਾਗਣਾ : ਜੀਵਨ !!!

ਸੜਕ ਦੇ ਕੰਢੇ
ਉਹ ਰੋਜ਼ ਸੌਂਦਾ,
ਰੋਜ਼ ਜਾਗਦਾ ਹੈ !!!

ਸੜਕ ਦੇ ਕੰਢੇ ...
... ...

## ਆਰਥਕ ਮੰਦਵਾੜਾ[1] : ਇਕ ਪ੍ਰਭਾਵ–ਸਕੇਪ

ਇੱਕੀਵੀਂ ਸਦੀ ਦੇ
ਪਹਿਲੇ ਮੰਦਵਾੜੇ ਦੇ ਦਬਾਅ ਹੇਠ

1. ਆਰਥਕ ਮੰਦਵਾੜਾ – Recession


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸਟਾਕ[1] ਮਾਰਕਿਟ
ਕਰੈਸ਼[2] ਹੋ ਗਈ ਹੈ !

ਆਰਥਕ ਸੰਸਥਾਵਾਂ
ਰੇਤ ਦੀ ਇਮਾਰਤ ਵਾਂਗ
ਡਿਗ ਪਈਆਂ
ਅੰਕੜੇ ਉਲਝ ਗਏ ...

ਆਰਥਕ ਮੰਦੇ ਦੇ ਚੱਕ੍ਰਵਯੂਹ ਵਿਚ
ਘਿਰ ਗਿਆ ਹੈ ਸਭ ਕੁਝ
ਦੇਸ਼, ਘਰ, ਰਾਜਨੀਤੀ।

## ਸੂਰਜਾਂ ਦੇ ਜਨਮ ਦੀ ਰੁੱਤ

ਚਕਾ ਚੌਂਧ ਚਾਨਣ
ਤੇ ਫਿਰ,
ਘੁੱਪ ਅਨ੍ਹੇਰਾ ਹੈ !

ਪਿੱਛੇ ਟੋਆ ਵੀ ਹੋ ਸਕਦਾ ਹੈ,
ਅੱਗੇ ਖੂਹ—

ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ !

ਇਸ ਸਮੇਂ,
ਬਾਹਰ ਵਲ ਨਹੀਂ,
ਅੰਦਰ ਵਲ ਵੇਖੀਦਾ ਹੈ :

---

1. ਸਟਾਕ ਮਾਰਕਿਟ – Stock Market, 2. ਕਰੈਸ਼ – Crash



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਏਥੋਂ ਹੀ ਕਦੇ,
ਬੁੱਧ, ਈਸਾ, ਗੁਰੂ ਨਾਨਕ,
ਮਾਰਕਸ ਤੇ 'ਸਾਰਤ'* ਦੇ ਸੂਰਜ ਚੜ੍ਹੇ ਸਨ !!!

ਭੋਂ ਵੱਤਰ ਹੈ, ਹੁਣ
ਸੂਰਜਾਂ ਦੇ ਜਨਮ ਦੀ ਰੁੱਤ ਹੈ !!!

## ਆਬਸ਼ਾਰ : ਇਕ ਦੁਖਾਂਤ

ਏਥੇ ਇਹ ਆਬਸ਼ਾਰ,
ਲਗਾਤਾਰ, ਇਸੇ ਤਰ੍ਹਾਂ—
ਯੁੱਗਾਂ, ਯੁੱਗਾਂ ਤੋਂ—
ਵਣਾਂ, ਰੁੱਖਾਂ, ਦਰਿਆਵਾਂ ਨੂੰ,
ਜੰਗਲੀ ਜਾਨਵਰਾਂ,
ਪੰਛੀਆਂ, ਹਵਾਵਾਂ ਨੂੰ,
ਜ਼ਿੰਦਗੀ ਦਾ ਨਿਰੰਤਰ,
ਗੀਤ ਸੁਣਾਉਂਦੀ ਰਹੀ ਹੈ !
ਪਾਣੀ ਦਾ ਕੋਮਲ ਰੂਪ,
ਸੰਗੀਤ, ਗੁਣਗੁਣਾਉਂਦੀ ਰਹੀ ਹੈ !

ਪਰ ਹੁਣ,
ਵਣ ਕੱਟੇ ਗਏ ਹਨ,
ਪੰਛੀ ਤੇ ਜਾਨਵਰ ਨਜ਼ਰ ਨਹੀਂ ਆਉਂਦੇ !!

ਗਲੇਸ਼ੀਅਰ ਕਦੋਂ ਦਾ ਖੁਰ ਕੇ,
ਖ਼ਤਮ ਹੋ ਚੁੱਕਾ ਹੈ !
ਪਾਣੀ ਸੁੱਕ ਚੁੱਕਾ ਹੈ !!

---

* ਸਾਰਤ – Jean-Paul Sartre



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਇਕ ਪਾਸੇ, ਮਾਨਵ ਦੇ ਅੰਨ੍ਹੇਂ
ਸਨਅਤੀਕਰਨ ਦੀ ਮਾਰ—
ਦੂਜੇ ਪਾਸੇ, ਗਲੋਬਲ ਵਾਰਮਿੰਗ
ਤੇ ਪ੍ਰਦੂਸ਼ਣ ਦੇ ਅੰਬਾਰ—
ਸੁੱਕੀ ਆਬਸ਼ਾਰ ...
ਪਰਬਤ ਦੀ ਚੋਟੀ ਤੋਂ,
ਧਰਤੀ ਦੀ ਉੱਜੜੀ ਹੋਈ,
ਮਾਂਗ ਵਰਗੀ ਜਾਪਦੀ !
ਇਕ ਭਿਆਨਕ ਚੁੱਪ, ਏਥੇ
ਚੁੱਪ ਹੀ ਅਲਾਪਦੀ !!!

## ਬੁਢਾਪਾ : ਇਕ ਬਿੰਬ-ਸਕੇਪ

ਉਸ ਨੂੰ ਹਵਾ ਤੋਂ
ਉਲਟੇ ਰੁਖ ਚੱਲਣ ਦੀ ਆਦਤ ਹੈ !

ਰੋਜ਼ ਸਵੇਰੇ
ਉਹ ਜੜ੍ਹਾਂ ਤੋਂ ਪੱਤਿਆਂ ਤਕ ਸੁੱਕ ਚੁੱਕੇ,
ਬੂਟਿਆਂ ਨੂੰ ਪਾਣੀ ਪਾਉਂਦਾ ਹੈ।

ਟੁੱਟੇ, ਬਿਖਰੇ ਠੀਕਰ ਇਕੱਠੇ ਕਰਦਾ—
ਬਰਤਨ ਬਨਾਉਣ ਲਈ, ਜੋੜ ਲਾਉਂਦਾ ਹੈ !

ਸ਼ੀਸ਼ੇ ਦੀਆਂ ਟੁਕੜੀਆਂ 'ਚ ਖਿੰਡੇ ਨਕਸ਼
ਜੋੜਦਾ, ਇਕ ਚਿਹਰਾ ਬਣਾਉਂਦਾ ਹੈ !

ਬਾਰ, ਬਾਰ ਫਟੇ ਹੋਏ ਭੁਕਾਨੇ ਵਿਚ
ਹਵਾ ਭਰਦਾ, ਉਸ ਨੂੰ ਫੁਲਾਉਂਦਾ ਹੈ !
... ...


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਵਾਪਰ ਕੇ ਵੀ, ...
ਕੁਝ ਨਹੀਂ ਵਾਪਰਦਾ !!

ਸਮਾਂ,
ਪਿੱਛੇ ਵਲ ਨਹੀਂ ਮੁੜਦਾ !

ਝੁਰੜੀਆਂ 'ਚ ਫਟਿਆ ਬੁਢਾਪਾ,
ਨਹੀਂ ਜੁੜਦਾ, ਜਵਾਨੀ ਵਲ
ਇਕ ਕਦਮ ਨਹੀਂ ਤੁਰਦਾ !!!

ਉਸ ਨੂੰ ਹਵਾ ਤੋਂ
ਉਲਟੇ ਰੁਖ ਚੱਲਣ ਦੀ ਆਦਤ ਹੈ !!!

## ਖੜੋਤ : ਇਕ ਪ੍ਰਭਾਵ-ਸਕੇਪ

ਜਦੋਂ ਤੁਰਦੇ ਰਹਿਣ ਵਾਲੇ
ਅਚਾਨਕ ਖੜ੍ਹ ਜਾਣ

ਤਾਂ ਸਭ ਕੁਝ
ਖੜ੍ਹ ਗਿਆ, ਪ੍ਰਤੀਤ ਹੁੰਦਾ ਹੈ

ਹਵਾ ਰੁਕ, ਨਦੀ ਸੁਕ ਜਾਂਦੀ ਹੈ

ਪਰਬਤ ਬਣੇ ਆਕਾਸ਼ ਦੇ ਬੋਝ ਹੇਠ
ਹਿੰਮਤ ਹੀ ਨਹੀਂ,
ਪਲਕ, ਨਜ਼ਰ, ਕਮਰ ਝੁਕ ਜਾਂਦੀ ਹੈ।


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

## ਰਾਵਣਾਂ ਦਾ ਚੱਕ੍ਰਵਯੂਹ

ਟੀ.ਵੀ. ਦੇ ਸੰਸਾਰ ਵਿਚ ਉਲਝਿਆ
ਉਹ ਜ਼ਿੰਦਗੀ ਦੀ ਅਸਲ ਲੜਾਈ ਭੁੱਲ ਗਿਆ

ਉਂਜ ਉਹ ਹੱਸਦਾ ਵੀ ਹੈ, ਰੋਂਦਾ ਵੀ,
ਤਲਵਾਰ ਚੁੱਕਦਾ ਹੈ, ਬੰਦੂਕ ਵੀ,

ਸਕਰੀਨ 'ਤੇ ਉਸ ਨੇ
ਰਾਵਣ ਨੂੰ ਮਾਰ ਲਿਆ ਹੈ, ਪਰ
ਘਰ ਤੋਂ ਬਾਹਰ ਪੈਰ ਪੁੱਟਦਿਆਂ ਹੀ
ਉਹ ਮੂਧੇ ਮੂੰਹ ਡਿਗ ਪੈਂਦਾ ਹੈ—
ਡਿਗ ਪੈਂਦੇ ਹਨ, ਉਸ ਦੇ ਨਾਲ
"ਸੀਰੀਅਲ" ਦੇ ਸਾਰੇ ਕਿਰਦਾਰ—

ਦਰਵਾਜ਼ੇ ਤੋਂ ਬਾਹਰ
ਰਾਵਣਾਂ ਦਾ ਚੱਕ੍ਰਵਯੂਹ ਹੈ !!!

## ਮਸ਼ੀਨ—ਕਲਚਰ

ਮੇਰੇ ਪੁਰਖੇ ਹੁਣ ਤਕ,
ਮੇਰੇ ਨਾਲ, ਨਾਲ ਰਹੇ ਹਨ।

ਜਦੋਂ ਵੀ ਕੋਈ ਠੋਹਕਰ, ਠੇਡਾ ਲੱਗਿਆ,
ਟੁਕੜੇ, ਟੁਕੜੇ ਹੋਇਆ ਦਿਲ,
ਅੱਖੀਆਂ 'ਚੋਂ ਵੱਗਿਆ ...

ਤਾਂ ਜ਼ਿਹਨ ਦੇ ਕਿਸੇ ਨਾ ਕਿਸੇ ਕੋਨੇ 'ਚੋਂ,
ਢਾਰਸ ਦੇਣ ਜਾਂ ਰਸਤਾ ਵਿਖਾਉਣ ਲਈ,
ਵਰ੍ਹਿਆਂ ਦੀ ਸਿਆਣਪ ਜਾਗ ਪਈ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮੇਰੇ ਪੁਰਖੇ, ਮੇਰੇ ਅੰਦਰ,
ਕੁਝ ਇਸ ਤਰ੍ਹਾਂ ਵਿਚਰੇ ਹਨ :
ਸੋਚ ਵਿਚ, ਖਿਆਲ ਵਾਂਗ,
ਟੁੱਟਣ ਤੇ ਜੁੜਨ ਦੇ ਭਿਆਲ ਵਾਂਗ !!!

ਪਰ ਹੁਣ
ਮੇਰੇ ਆਪਣੇ ਹੀ ਬੱਚੇ ਮੈਥੋਂ ਟੁੱਟ ਗਏ ਹਨ !
ਉਨ੍ਹਾਂ ਕੋਲ ਕੰਪਿਊਟਰ ਦੀ ਸਿਆਣਪ ਹੈ,
ਰਸਤੇ ਹਨ, ਰਸਤਿਆਂ ਦੀ ਸੰਮਤ* ਹੈ !

ਉਹ ਰਿਸ਼ਤਿਆਂ ਨੂੰ ਵੀ, ਮਸ਼ੀਨ ਵਾਂਗ ਸਮਝਦੇ ਹਨ ...
ਮਸ਼ੀਨ ਜੁ ਲਗਾਤਾਰ ਮਾਡਲ ਬਦਲਦੀ ਹੈ ...
ਮਸ਼ੀਨ ਦਾ ਪਰ ਕਿਸੇ ਵੀ ਮਸ਼ੀਨ, ਜਾਂ
ਫ਼ੈਕਟਰੀ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ !!!

ਖਪਤ-ਕਲਚਰ ਨੇ ਕੋਲ, ਕੋਲ ਵੱਸਦਿਆਂ ਵੀ, ਸਾਨੂੰ
ਦੋ ਵੱਖ, ਵੱਖ ਦੇਸ਼ਾਂ ਦੇ ਸ਼ਹਿਰੀ ਬਣਾ ਦਿੱਤਾ ਹੈ !
ਸਮੇਂ ਦਾ ਸਿੱਧ, ਪੁੱਠ ਵਿਖਾ ਦਿੱਤਾ ਹੈ !!!

## ਦਾਵਾਨਲ ਦਾ ਮੌਸਮ

**(ਇਸ ਵਰ੍ਹੇ (2009) ਕੈਨੇਡਾ ਤੇ ਅਮਰੀਕਾ ਵਿਚ
ਦਾਵਾਨਲ ਦੇ ਘੇਰੇ ਵਿਚ ਆਏ ਲੋਕਾਂ ਤੇ ਨਗਰਾਂ ਦੇ ਨਾਂ)**

ਦਾਵਾਨਲ ਦਾ ਮੌਸਮ ਹੈ
ਬਿਜਲੀ
ਕੜਕਦੀ
ਚਮਕਦੀ
ਬਰਸਦੀ

---

* ਸੰਮਤ - ਦਿਸ਼ਾ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਤੇ ਵਣ,
ਦਾਵਾਨਲ ਬਣ ਜਾਂਦਾ ਹੈ !

ਪਹਾੜੀ ਵਾਦੀਆਂ ਵਿਚ ਵੱਸੇ,
ਨਿੱਕੇ, ਵੱਡੇ ਨਗਰ,
ਅੱਗ ਦੇ ਘੇਰੇ ਵਿਚ ਆ ਜਾਂਦੇ ਹਨ !

ਸਭ ਕੁਝ ਜਲਕੇ ਸੁਆਹ ਹੋ ਜਾਂਦਾ ਹੈ !!

ਰੁੱਖ ਤੇ ਮਨੁੱਖ ਦੀ ਰਾਖ ਉੱਡਦੀ ਹੈ !!!

ਮਨੁੱਖ ਜਨਮ-ਕਾਲ ਤੋਂ ਰਫਿਊਜੀ,
ਅਵਾਸੀ, ਅਘਰਵਾਸੀ
ਹੋਣ ਦਾ ਸਰਾਪ ਭੋਗਦਾ ਹੋਇਆ ਵੀ,
ਮਹਾਂਮਾਰੀ ਤੋਂ ਬਾਅਦ,
ਫੇਰ ਵੱਸਣ ਬਾਰੇ ਸੋਚਦਾ ਹੈ !

ਸੁਫ਼ਨਾ ਲੈਂਦਾ,
ਉਸਦੀ ਤਾਬੀਰ ਲੋਚਦਾ ਹੈ !!

ਹਰ ਛਿਣ,
ਫ਼ਲਸਫ਼ਾ ਜਿਊਂਦਾ,
ਫ਼ਲਸਫ਼ਾ ਸੋਚਦਾ ਹੈ !!!

## *ਭੂਤ ਨਗਰ

ਭੂਤ ਨਗਰ ਦੇ
ਵਾਸੀ, ਏਥੇ,

* ਭੂਤ ਨਗਰ - Ghost Town
ਕਿਟਸਾਲਟ (ਬੀ.ਸੀ., ਕੈਨੇਡਾ) ਵਿਚ ਸਥਿਤ ਖਾਣ (Mine), ਮੋਲਿਬਡੇਨਮ ਦੇ ਭਾ ਡਿਗਣ ਉਪ੍ਰੰਤ, ਸਦਾ ਲਈ ਬੰਦ ਹੋ ਗਈ। ਸ਼ਾਂਤ ਮਹਾਂਸਾਗਰ ਦੇ ਕੰਢੇ, ਰਮਣੀਕ ਕੁਦਰਤੀ ਨਜ਼ਾਰਿਆਂ ਵਿਚ ਘਿਰਿਆ, ਇਹ ਨਿੱਕਾ ਜਿਹਾ ਖ਼ੂਬਸੂਰਤ ਨਗਰ, ਭੂਤ ਨਗਰ ਬਣ ਗਿਆ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸੁਫ਼ਨੇ ਲੈ ਕੇ ਆਏ,
ਉੱਜੜ ਗਏ !!!

ਗਲੀਆਂ ਸੁੰਨਮਸਾਣ
ਸੁੰਨੇਂ ਵਿਹੜੇ
ਹਵਾ ਰੁਮਕਦੀ
ਬੱਦਲ ਗੱਜੇ
ਮੀਂਹ ਬਰਸਦਾ

ਸੱਤ-ਰੰਗੀਆਂ 'ਚੋਂ ਖੇਡੇ ਸੂਰਜ
ਲੁਕਣ-ਮੀਟੀ

ਪੰਖੀ, ਫੁਲ, ਫਲ,
ਮਹਿਕਾਂ ਦੇ ਦਰਿਆ
ਅਜੇ ਵੀ ਏਥੇ
ਜੀ, ਜੰਤ, ਹਰ ਸ਼ੈ
ਆਪਣੇ ਮੌਲਕ ਰੂਪ 'ਚ ਵਿਚਰੇ
ਬੱਸ ਮਾਨਵ ਨਾ ਦਿੱਸੇ ਕਿਧਰੇ

ਹਰ ਪੰਛੀ ਲਈ ਚੋਗਾ ਏਥੇ
ਜੰਗਲੀ ਜਾਨਵਰਾਂ, ਜਲ-ਜੰਤਾਂ
ਦੇ ਲਈ ਏਥੇ ਭੋਜ ਅਨੰਤ

ਬੰਦ ਹੋ ਗਈ ਖਾਣ,
ਨਾ ਚੱਲੇ—
ਖੋਟਾ ਸਿੱਕਾ ਬਣ ਗਿਆ ਮਾਨਵ
ਕੈਸਾ ਇਹ ਸੋਕੇ ਦਾ ਮੌਸਮ
ਨੌਕਰੀਆਂ ਜੜ੍ਹ ਤੀਕ ਸੁੱਕੀਆਂ

ਸੁਕ ਗਏ ਸੁਫ਼ਨੇ
ਇਕ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਇਕ
ਕਰ ਕੇ
ਏਸ ਸ਼ਹਿਰ ਦੇ
ਵਾਸੀ ਉੱਜੜ ਗਏ
OOOOO
OOOOO
OOOOO
ਰੋਜ਼ਗਾਰ ਨਾਲ ਬੱਝੀ ਜ਼ਿੰਦਗੀ
ਕਿੱਤਿਆਂ ਵਿਚ ਮਾਨਵ ਦਾ ਵਾਸਾ
ਕਿੱਤਿਆਂ ਵਿਚ ਹੀ ਘਰ-ਸੰਕਲਪ
ਦੇਸ਼, ਦੀਨ ਤੇ ਵਾਦ, ਸੰਵਾਦ,
ਕਿੱਤੇ ਅੰਤ ਤੇ ਕਿੱਤੇ ਆਦਿ
OOOOO
OOOOO
ਏਥੋਂ ਉੱਜੜੇ, ਉੱਥੇ ਵੱਸੇ,
ਜਿੱਥੇ ਵੱਸੇ, ਉੱਥੇ ਸੁਫ਼ਨੇ !

ਦੇਸ਼ਾਂ ਤੇ ਸਰਹੱਦਾਂ ਵਿੱਚੋਂ
ਵਿਸ਼ਵ-ਚੇਤਨਾ ਬਣ ਕੇ ਲੰਘੇ
ਵਿਸ਼ਵੀਕਰਨ 'ਚ ਹਰ ਇਨਸਾਨ।

ਕੰਧਾਂ ਤੇ ਵੰਡਾਂ ਤੋਂ ਬਾਹਰ,
ਪੌਣਾਂ, ਧਰਤੀ ਤੇ ਅਸਮਾਨ !!!

ਖ਼ੁਸ਼ਬੂ ਬਣ ਕੇ ਫੈਲ ਜਾਏ ਹੁਣ
ਭੂਗੋਲੇ 'ਤੇ ਹਰ ਇਨਸਾਨ !!!
OOOOO
OOOOO
OOOOO
ਭੂਤ ਨਗਰ ਤਾਂ
ਭੂਤ ਨਗਰ ਹੈ,


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਬੀਤ ਗਏ ਦੀ ਕੂੰਜ ਵਾਂਗਰਾਂ—
ਨਵੀਆਂ ਸੋਚਾਂ ਉੱਤੋਂ ਲੱਥੇ !!!

ਭੂਤ ਨਗਰ ਦੇ ਵਾਸੀ ਏਥੇ
ਸੁਫ਼ਨੇ ਲੈ ਕੇ ਆਏ
ਉੱਜੜ ਗਏ !!!

## *ਤਕਨੀਕੀ ਬਸਤੀਆਂ

ਮਾਇਆ ਤੋਂ ਮੁਕਤੀ ਸੰਭਵ ਨਹੀਂ !
ਤੇ ਮਾਇਆ ਹੀ ਸਭ ਕੁਝ ਨਹੀਂ !

ਜੇ ਇੰਜ ਹੁੰਦਾ,
ਤਾਂ ਅਮਰੀਕਾ ਹੀ ਦੁਨੀਆਂ ਦਾ
ਸਭ ਤੋਂ ਵਧ ਖ਼ੁਸ਼ਹਾਲ ਦੇਸ਼ ਹੁੰਦਾ !

ਪਰ ਇੰਜ,
ਹੈ ਨਹੀਂ !

ਉੱਥੇ ਵੀ, ਬੇਘਰੇ
ਧਰਤੀ ਵਿਛਾ ਕੇ, ਉੱਪਰ
ਅਸਮਾਨ ਤਾਣ ਲੈਂਦੇ ਹਨ !

ਸੂਰਜ, ਝੱਖੜ, ਮੀਂਹ, ਤੂਫਾਨ ...
ਉਨ੍ਹਾਂ ਉੱਤੇ
ਹੀ ਬਰਸਦੇ ਹਨ—
ਨਸ਼ੇ, ਏਡਜ਼,
ਮਨ ਤੇ ਤਨ ਦੇ ਲਾ-ਇਲਾਜ ਰੋਗ !

---

* ਤਕਨੀਕੀ ਬਸਤੀਆਂ – Technical Colonies



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਮਾਰਕਸਵਾਦ ਨੂੰ
ਜਾਦੂ ਦੀ ਛੜੀ ਬਣਾਉਂਦਾ, ਬਣਾਉਂਦਾ,
ਸੋਵੀਅਤ ਯੂਨੀਅਨ ਵੀ
ਟੁੱਟ, ਬਿਖਰ,
ਖਿੰਡ ਗਿਆ ਹੈ !!!
ਮਾਸਕੋ ਵਿਚ ਵੀ ਬੇਘਰੇ ਹਨ, ਅਨੇਕ,
ਹਰ ਤਰ੍ਹਾਂ ਦੇ ਰੋਗੀ !!!

ਵਿਸ਼ਵੀਕਰਨ ਦੀ ਮਾਰ ਹੇਠ
ਚੀਨ, ਵੀਅਤਨਾਮ ਤੇ
ਤੀਜੀ ਦੁਨੀਆਂ ਦੇ ਹੋਰ ਦੇਸ਼
ਬਹੁ-ਕੌਮੀ ਕੰਪਨੀਆਂ ਦੀ
ਤਕਨੀਕੀ ਨੌਆਬਾਦੀ ਹੀ ਬਣਦੇ ਜਾ ਰਹੇ ਹਨ।

ਲੁੱਟ ਘਸੁੱਟ,
ਹਰ ਯੁੱਗ, ਹਰ ਸਮੇਂ,
ਨਾਮ ਬਦਲ, ਵੇਸ ਬਦਲ—
ਦੀ ਕਿਰਿਆ ਵਿੱਚੋਂ ਲੰਘਦੀ,
ਖਿਤਿਜ ਅੱਗੇ ਖਿਤਿਜ ਦਾ,
ਭਰਮ ਬਣਾਈ ਰੱਖਦੀ ਹੈ !

ਸ਼ਾਸ਼ਕੋ
ਤੇ ਸ਼ਾਸ਼ਤੋ !!!

ਵੱਖ, ਵੱਖ ਵਾਦਾਂ ਹੇਠ,
ਵਿਚਰਦੀਓ ਬਸਤੀਓ !!!

ਆਓ,
ਕਿਤੇ ਵਿਚ, ਵਿਚਕਾਰ ਮਿਲੀਏ,
ਮਨੁੱਖ ਨੂੰ ਕੇਂਦਰ ਬਣਾ—
ਸਭ ਕੁਝ ਵਾਰ ਦੇਈਏ ਓਸ ਤੋਂ—
ਬਦਲੀਏ ਉਸ ਦਾ ਖ਼ੁਦਾ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਚੁੱਪ ਦਾ ਸ਼ੋਰ

ਚੁੱਪ ...
ਚੁੱਪ ਦਾ ਸ਼ੋਰ ਸੁਣੋ
ਕੋਈ ਨਵੀਂ ਬੁਣਤ ਬੁਣੋ
ਸ਼ਬਦਾਂ ਦੀ ਗੈਂਤੀ ਲੈ ਕੇ
ਸਮਿਆਂ ਦਾ ਸੱਚ ਖੁਣੋ

ਜੋ ਸੁਣਿਆਂ, ਉਹ ਹੀ ਬੋਲੋ,
ਜੋ ਤੱਕਿਆ, ਲਿਖਤ ਬਣਾਵੋ
ਦਰਸ਼ਨ ਦੀਆਂ ਭੁੱਲ ਭੁਲੱਈਆਂ,
ਇਸ ਹੋਂਦ ਦਾ ਹਰ ਦਰ ਖੋਲ੍ਹੋ

ਅਨੁਭਵ ਨਾਲ ਸੁਫ਼ਨੇ ਜੋੜੋ
ਕੋਈ ਨਵੀਂ ਕਲਪਨਾਂ ਕਰ ਕੇ
ਇਤਿਹਾਸ ਸਿਰਜਦੇ ਜਾਵੋ
ਹਰ ਕਾਰ-ਵਲੇਵਾਂ ਤੋੜੋ

ਕੀ ਹੋ ? ਤੇ ਕਿੱਥੇ ਜਾਣਾ ?
ਕਿੰਜ ਆਏ ? ਕਿੰਜ ਮਿਟ ਜਾਣਾ ?
ਇਹ ਚੱਕ੍ਰਵਯੂਹ ਸਦੀਵੀ
ਹਰ ਤੋੜ ਦੀ ਜੋਤ ਜਗਾਨਾ

ਜੀਵਨ ਹੈ ਜਸ਼ਨ ਨਿਰਾਲਾ
ਇਹ ਮੌਤ ਤੋਂ ਸਮਵਿੱਥ ਵਿਚਰੇ
ਇਹ ਸੱਤ-ਰੰਗੀਆਂ ਦਾ ਸੋਮਾਂ
ਇਹ ਸੂਰਜ, ਇਹੋ ਉਜਾਲਾ

ਇਹ ਭਾਸ਼ਾ ਵਿਚਲਾ ਗਿਆਨ
ਇਹ ਸ਼ਬਦ ਤੇ ਨਾਲ ਧਿਆਨ
ਇਹ ਸੱਭਿਅਤਾਵਾਂ ਦੀ ਟੀਸੀ
ਹਰ ਮੌਸਮ, ਇਹ ਇਨਸਾਨ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਹਰ ਚੁੱਪ ਦਾ ਸ਼ੋਰ ਸੁਣੋ
ਕੋਈ ਨਵੀਂ ਬੁਣਤ ਬੁਣੋ
ਸ਼ਬਦਾਂ ਦੀ ਗੈਂਤੀ ਲੈ ਕੇ
ਸਮਿਆਂ ਦਾ ਸੱਚ ਖੁਣੋ

## ਸੌ ਸਾਲ ਬਾਅਦ

### (ਕਾਮਾਗਾਟਾ ਮਾਰੂ ਦੇ ਸਾਕੇ ਅਤੇ ਆਪਣੇ ਪਰਵਾਸ ਦੇ ਵਰ੍ਹਿਆਂ ਦੇ ਨਾਂ)

ਉਹ ਸ਼ਬਦ ਸਨ,
ਸੁਫ਼ਨਾ ਸਨ,
ਇਤਿਹਾਸ ਦੇ ਪੰਨਿਆਂ 'ਤੇ
ਸੁਫ਼ਨੇ ਦਾ ਸੱਚ ਸਨ।

ਪਿਛਲੇ ਸੌ ਸਾਲ ਦੌਰਾਨ
ਇਸ ਧਰਤੀ 'ਤੇ, ਹੌਲੀ, ਹੌਲੀ
ਪੰਜਾਬ ਵਧਦਾ, ਵਿਗਸਦਾ ਰਿਹਾ ਹੈ।

ਉਹ ਕੀ ਸੋਚਦੇ ਹੋਣਗੇ
ਇਸ ਪੰਜਾਬ ਵਲਾਂ ਵੇਖਕੇ
ਜੁ ਅਜੇ ਵੀ ਵੰਡਿਆ ਹੈ,
ਅੰਧ-ਵਿਸ਼ਵਾਸੀ ਹੈ,
ਉੱਚਾ, ਨੀਵਾਂ ਹੈ,
ਬਾਬਿਆਂ ਤੇ ਜਾਦੂ, ਟੂਨਿਆਂ ਵਿਚ
ਘਿਰਿਆ ਹੈ।

ਡਰੱਗ ਕਲਚਰ ਤੇ ਗੈਂਗ-ਯੁੱਧ
ਦੇ ਚੱਕ੍ਰਵਯੂਹ ਵਿਚ ਘਿਰੀ
ਸਾਡੀ ਅਗਲੀ ਪੀੜ੍ਹੀ ਕਿਸ ਤਰਫ਼ ਜਾ ਰਹੀ ਹੈ ?


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਜਿਸ ਸੁਫਨੇ ਦੀ ਪੂਰਤੀ ਲਈ
ਉਨ੍ਹਾਂ ਸੰਘਰਸ਼ ਕੀਤਾ ਸੀ,
ਇਹ ਉਹ ਸੁਫ਼ਨਾ ਤਾਂ ਨਹੀਂ !!!

ਸੌ ਸਾਲ ਬਾਅਦ ਵੀ
ਅਸੀਂ ਉਸ ਦਾ ਸੱਚ ਨਹੀਂ,
ਭਰਮ ਭੋਗ ਰਹੇ ਹਾਂ !!!

## ਕਾਵਿ–ਨਾਟਕ : "ਮਖੌਟੇ ਤੇ ਹਾਦਸੇ" ਦਾ ਥੀਮ ਗੀਤ

ਹਾਦਸਿਆਂ ਦੀ ਆਦਿ–ਕਹਾਣੀ
ਹਾਦਸਿਆਂ ਦਾ ਤਾਣਾ ਬਾਣਾ
ਏਧਰ ਸੂਰਜ, ਔਧਰ 'ਨ੍ਹੇਰਾ
ਕਿੱਥੋਂ ਆਏ ? ਕਿੱਥੇ ਜਾਣਾ ??

ਹਾਦਸਿਆਂ ਵਿਚ ਘਿਰੇ ਮਖੌਟੇ
ਮਿਥਿਆ ਮੁਖ ਰਾਮਾਇਣ, ਗੀਤਾ
ਸੱਚ, ਝੂਠ ਦੀ ਇਸ ਜੰਗ ਨੇ ਵੀ
ਹਾਦਸਿਆਂ ਵਿਚ ਸਹਿਜ ਸਮਾਣਾ

*ਹਾਦਸਿਆਂ 'ਚੋਂ ਜਨਮੀਂ ਪ੍ਰਿਥਵੀ
ਪਿੰਡ ਤੇ ਬ੍ਰਹਮੰਡ, ਸਗਲ ਪਾਸਾਰਾ
ਪਲ, ਪਲ 'ਚੋਂ ਤਵਾਰੀਖ ਖੋਲ੍ਹਦੀ
ਹਾਦਸਿਆਂ ਦਾ ਭੇਦ ਪੁਰਾਣਾ

---

* Big Bang (ਵੱਡਾ ਜਾਂ ਮਹਾਂ ਹਾਦਸਾ ਜਾਂ ਧਮਾਕਾ)-Refer to the Big Bang Theory-



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਹਾਦਸਿਆਂ ਵਿਚ ਯੁੱਗ ਦਾ ਰਾਂਝਾ
ਹੀਰ ਸਲੇਟੀ, ਮਿਰਜ਼ਾ ਸਾਹਿਬਾਂ
ਸੱਸੀਆਂ ਮਾਰੂਥਲ ਬਣ ਗਈਆਂ
ਪੁੰਨੂੰਆਂ ਮੁੜ ਨਾ ਆਣਾ

ਬੀਰਜ ਦਾ ਤੇ ਅੰਡ-ਕੋਸ਼ ਦਾ
ਰਿਸ਼ਤਾ ਜੀਵਨ-ਜਨਮ ਪੁਰਾਣਾ
ਹਾਦਸਿਆਂ 'ਚੋਂ ਜਨਮੇਂ ਮਾਨਵ
ਹਾਦਸਿਆਂ ਵਿਚ ਮਰ ਮੁਕ ਜਾਣਾ

ਜਨਮ-ਪੀੜ 'ਚੋਂ ਜਨਮੇਂ ਜ਼ਿੰਦਗੀ
ਜਨਮ-ਪੀੜ ਵਿਚ ਬੀਤੀ ਜਾਏ
ਧੁੱਪ-ਛਾਵਾਂ ਵਿਚ ਖ਼ੁਸ਼ੀਆਂ, ਅੱਥਰੂ,
ਧੁੱਪ-ਛਾਵਾਂ ਵਿਚ ਠਉਰ ਟਿਕਾਣਾ

ਤੜਪੇ ਜਿੰਦੜੀ, ਪਾਕ ਮੁਹੱਬਤ
ਮਾਦਾ ਪ੍ਰਸਤੀ ਚਾਰ ਚੁਫੇਰੇ
ਰਿਸ਼ਤੇ ਉਲਝੇ ਗੋਰਖ ਧੰਦੇ
ਕੀਕੂੰ ਆਪਣਾ ਆਪ ਪਛਾਣਾ ?

ਘਰ, ਘਰ ਵਿਚ ਅਜਨਬੀ-ਵਾਸਾ
ਹਰ ਦਰ 'ਚੋਂ ਦੀਵਾਰਾਂ ਉੱਠੀਆਂ
ਬੇਗਾਨੇ ਮੌਸਮ ਦੇ ਅੰਦਰ
ਆਪਣਿਆਂ ਦਾ ਨਹੀਂ ਟਿਕਾਣਾ

ਹਾਦਸਿਆਂ ਦਾ ਆਪਣਾ ਦਰਸ਼ਨ
ਹਾਦਸਿਆਂ ਦੀ ਆਪਣੀ ਸ਼ੈਲੀ
ਹਾਦਸਿਆਂ ਦੇ ਮਾਧਿਅਮ ਅੰਦਰ
ਪ੍ਰਿਥਵੀ, ਬ੍ਰਹਮੰਡ, ਸਗਲ ਜ਼ਮਾਨਾ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਕਾਵਿ-ਨਾਟਕ "ਚੱਕ੍ਰਵਯੂਹ ਤੇ ਪਿਰਾਮਿਡ" ਦਾ ਥੀਮ ਗੀਤ

ਐ ਸੂਰਜ ਦੀ ਚੇਤੰਨ ਸੁਆਓ
ਐ ਵਿਸ਼ਵ ਵਿਚ ਵਗਦੀ ਹਵਾਓ
ਗੂੜ੍ਹੀ ਨੀਂਦਰ 'ਚ ਸੁੱਤਾ ਹੈ ਮਾਨਵ
ਇਸ ਨੂੰ ਆਪਣੀ ਤਬਾਹੀ ਵਿਖਾਓ

ਪੌਣ ਪਾਣੀ 'ਚ ਜ਼ਹਿਰਾਂ ਦਾ ਮੌਸਮ
ਗੰਦੇ ਹੋ ਗਏ ਨੇ ਨਦੀਆਂ ਤੇ ਨਾਲੇ
ਕਾਰਖਾਨੇ, ਧੂੰਆਂ, ਬੰਬ, ਜੰਗਾਂ,
ਰੋਗ ਤਨ, ਮਨ ਦੇ - ਧੁੰਦਲੇ ਉਜਾਲੇ
ਇਹਦੀ ਅੱਗ ਹਰ ਜੰਗਲ 'ਚ ਭੜਕੀ
ਹਰ ਸ਼ਹਿਰ ਵਿਚ ਇਸ ਦਾ ਘਿਰਾਓ

ਮਹਾਂ ਨਗਰਾਂ 'ਚ ਬੇਗਾਨਗੀ ਹੈ
ਅਰਥ ਗੁੰਗੇ, ਸ਼ਬਦ ਹੋਏ ਬੋਲੇ
ਤੁਰਦੇ, ਫਿਰਦੇ ਇਹ ਗੁੰਬਦ ਨੇ ਮਾਨਵ
ਦਰ ਪੱਥਰ ਨੇ, ਕੋਈ ਨਾ ਖੋਲ੍ਹੇ
ਇਹ ਆਪਣੇ ਹੀ ਸ਼ੋਰਾਂ 'ਚ ਡੁੱਬਾ
ਏਸ ਮਾਨਵ ਨੂੰ ਆਪਣਾ ਘਿਰਾਓ

ਵਿਕੇ ਵੀਰਜ ਤੇ ਅੰਡੇ ਵੀ ਵਿਕਦੇ
ਏਥੇ ਬੈਂਕਾਂ 'ਚ ਮਾਂ, ਬਾਪ ਵੱਸਦੇ
ਘਰ ਕੇਵਲ ਖਲਾਅ ਬਣ ਗਏ ਨੇ
ਹਰ ਰਿਸ਼ਤੇ ਨੂੰ ਫਨੀਅਰ ਨੇ ਡੱਸਦੇ
ਟੈਸਟ-ਟਿਊਬਾਂ ਦੀ ਔਲਾਦ ਨੇ ਇਹ
ਨਾ ਮੁਹੱਬਤ ਹੈ, ਨਾ ਕੋਈ ਲਗਾਓ

ਨਫ਼ਾ-ਖੋਰ ਅਤੇ ਲੋਭੀ, ਪਾਖੰਡੀ
ਵਿਸ਼ਵ ਬਣਿਆਂ ਇਨ੍ਹਾਂ ਦੀ ਹੀ ਮੰਡੀ
ਤਨ ਵਿਕਦੇ ਤੇ ਮਨ ਏਥੇ ਵਿਕਦੇ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਦੱਲੇ ਨੇਤਾ, ਸਿਆਸਤ ਹੈ ਰੰਡੀ
ਇਹ ਦੇਸ਼ਾਂ ਤੇ ਲੋਕਾਂ ਨੂੰ ਵੇਚਣ
ਮਾਂ ਇਨ੍ਹਾਂ ਦੀ, ਇਨ੍ਹਾਂ ਤੋਂ ਬਚਾਓ

*ਗਸ਼ਤੀ ਮੁੰਡੇ ਤੇ ਗਸ਼ਤੀ ਨੇ ਕੁੜੀਆਂ
ਨਸ਼ਾ-ਕਲਚਰ 'ਚ ਡੁੱਬੀਆਂ ਤੇ ਰੁੜ੍ਹੀਆਂ
ਜੁਰਮ, ਦਹਿਸ਼ਤ 'ਚ ਬਚਪਨ, ਜਵਾਨੀ
ਸੁਰਤ ਬਿਖਰੀ, ਇਕਾਈਆਂ ਨਾ ਜੁੜੀਆਂ
ਬੇਘਰਿਆਂ 'ਚੋਂ ਉੱਠੇ ਨੇ ਭਾਂਬੜ
ਘਰ ਸਾਂਭੋ, ਘਰਾਂ ਨੂੰ ਬਚਾਓ

ਫੁਲ, ਕੰਡੇ ਤੇ ਮੌਸਮ ਨੇ ਆਪਣੇ
ਨਾ ਆਪੇ 'ਚ ਪਾਓ ਦਰਾੜਾਂ
ਇਹ ਮਾਨਵ ਹੀ ਮਾਨਵ ਦਾ ਦਾਰੂ
ਕਿਉਂ ਖੜ੍ਹੀਆਂ ਨੇ ਇਸ ਵਿਚ ਦੀਵਾਰਾਂ ?
ਹੱਦ ਮੰਨੇਂ ਹਵਾ ਨਾ, ਮਹਿਕ ਨਾ,
ਵਿਸ਼ਵ-ਪਿੰਡ 'ਚੋਂ ਇਹ ਹੱਦਾਂ ਹਟਾਓ।

## ਕਾਵਿ-ਨਾਟਕ "ਚੱਕ੍ਰਵਯੂਹ ਤੇ ਪਿਰਾਮਿਡ" ਦੀ ਇਕ ਬੋਲੀ

ਚੱਕ੍ਰਵਯੂਹ ਨੂੰ ਤੋੜ ਕੇ ਆ ਗਏ
ਸਾਰੇ ਸੁਰ, ਸੰਗੀਤ
ਸੱਭਿਅਤਾਵਾਂ ਦਾ ਸੰਗਮ ਯਾਰੋ
ਨਵ-ਯੁੱਗ, ਨਵ-ਸੰਗੀਤ
ਵਰਤਮਾਨ ਵਿਚ, ਭਲਕ ਨਾਲ ਅੱਜ
ਨੱਚੇ ਪਿਆ ਅਤੀਤ
ਸਮਿਆਂ ਦੀ ਗੱਲ ਕਦੇ ਨਾ ਮੁੱਕੇ

---

* ਗਸ਼ਤੀ - ਵੇਸਵਾ, Prostitute



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸਮੇਂ ਜਾਂਵਦੇ ਬੀਤ
ਪੱਛਮ ਤੇ ਪੂਰਬ ਰਲ, ਤੁਰ ਪਏ
*ਯੁੱਧ ਰਹੇ ਨਾ *ਸੀਤ
ਪੌਣਾਂ, ਧਰਤੀ, ਪਾਣੀ ਮੰਗਣ
ਸੁੱਚੀ, ਸੁਥਰੀ ਰੀਤ
ਗਿੱਧਾ, ਭੰਗੜਾ, ਸੰਮੀਂ, ਢੋਲਾ,
"ਪੌਪ", "ਰੌਕ" ਨੇ ਮੀਤ
ਇਹ ਸੰਗੀਤ ਦਾ ਗੁਲਸ਼ਨ ਯਾਰੋ
ਸਭ ਫੁੱਲਾਂ ਦਾ ਗੀਤ
ਸੁਰ ਵਿਚ ਸੁਰ ਮੇਲਣ ਦੀ ਏਥੇ
ਪੌਣ, ਮਹਿਕ ਜਿਹੀ ਰੀਤ
ਪੌਣਾਂ, ਫੁਲ ਬਣੀਆਂ
ਮਹਿਕਾਂ ਨਾਲ ਪ੍ਰੀਤ
ਮਨ ਤੇ ਤਨ ਦੇ ਸੰਗਮ ਉੱਤੇ
ਫੁਲਦੀ, ਫਲਦੀ ਪ੍ਰੀਤ
ਚਿੰਤਨ ਵਿਚ ਸੂਰਜ ਆ ਚੜ੍ਹਿਆ
ਪਿੰਡ ਦਾ ਬ੍ਰਹਮੰਡ ਮੀਤ
ਦੋ ਪੈਰ ਘੱਟ ਤੁਰਦੀ
ਤੁਰਦੀ ਮਟਕ ਨਾਲ ਪ੍ਰੀਤ
ਪੌਣਾਂ ਫੁੱਲ ਬਣੀਆਂ
ਮਹਿਕਾਂ ਨਾਲ ਪ੍ਰੀਤ।

## ਕਾਵਿ-ਨਾਟਕ "ਚੱਕ੍ਰਵਯੂਹ ਤੇ ਪਿਰਾਮਿਡ" ਦੀ ਕਵਾਲੀ

ਪਿੰਡ, ਬ੍ਰਹਮੰਡ ਸਭ ਮੈਥੋਂ ਥੱਲੇ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ, ਮਸਤ

---

* ਸੀਤ ਯੁੱਧ - Cold War


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਮਸਤੀ, ਮਸਤ ਕਲੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ

ਅੱਲਾ ਛੋਟਾ, ਈਸਾ ਛੋਟਾ
ਛੋਟੇ ਰਾਮ, ਰਹੀਮ ਵੀ ਮੈਥੋਂ
ਮੇਰੇ ਸਿਰ ਚਿੰਤਨ ਦਾ ਅੰਬਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ ...

... ...
ਏਧਰ ਅੰਬਰ, ਓਧਰ ਅੰਬਰ
ਅੰਬਰੋਂ ਅੱਗੇ ਹੋਰ ਵੀ ਅੰਬਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ

... ...
ਅੱਖਰ ਘੜ, ਘੜ, ਸ਼ਬਦ ਬਣਾਏ
ਉਨ੍ਹਾਂ ਦੇ ਵਿਚ ਅਰਥ ਟਿਕਾਏ
ਨਵੀਂ ਕਲਪਨਾ, ਨਵੇਂ ਇਰਾਦੇ
ਰਸਤੇ ਨਵੇਂ ਇਨ੍ਹਾਂ ਦੇ ਅੰਦਰ
ਮਸਤੀ, ਮਸਤ ਕਲੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ

ਸ਼ਬਦਾਂ ਅੰਦਰ, ਅਰਥਾਂ ਅੰਦਰ
ਅਰਥਾਂ ਅੰਦਰ, ਸ਼ਬਦਾਂ ਅੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ ਕਲੰਦਰ

... ...

... ...

... ...
ਨ੍ਰਿਤ-ਘਰਾਂ ਵਿਚ ਨੱਚੇ ਮਸਤੀ
ਵੱਖੀਆਂ ਵਿੱਚੋਂ ਹੱਸੇ ਮਸਤੀ
ਮਸਤੀ ਮੁਕਤ ਕਰੇ ਸੋਚਾਂ ਤੋਂ
ਮਸਤੀ ਵੱਸੇ, ਮਸਤੀ ਅੰਦਰ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮਸਤੀ, ਮਸਤ ਕਲੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ

... ...
ਮਸਤੀ ਨਜ਼ਰ, ਨਜ਼ਾਰਾ ਮਸਤੀ
ਮਸਤੀ ਅੱਖ, ਇਸ਼ਾਰਾ ਮਸਤੀ
ਮਸਤੀ ਵਿਚ, ਮਸਤੀ ਡੁੱਬ ਜਾਂਦੀ
ਆਪਣਾ ਆਪ ਕਿਨਾਰਾ ਮਸਤੀ
ਮਸਤੀ ਸਾਗਰ, ਧਰਤੀ, ਅੰਬਰ
ਮੈਂ ਮਾਨਵ ...

... ...
ਮਸਤੀ ਅੱਗ, ਸ਼ਰਾਰਾ ਮਸਤੀ
ਰੁੱਖ ਤੋਂ ਰੁੱਖ ਨੂੰ ਪੈ ਜਾਂਦੀ ਇਹ
ਦਾਵਾਨਲ ਵੀ ਬਣ ਜਾਂਦੀ ਇਹ
ਪੌਣ ਬਣੇਂ ਸਰਹੱਦਾਂ ਟੱਪੇ
ਅੰਬਰ ਵਾਂਗੂੰ ਤਣ ਜਾਂਦੀ ਇਹ
ਮਸਤੀ, ਮਸਤੀ ਦਾ ਅਡੰਬਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ ਮਸਤ ...

... ...
ਮਸਤੀ ਹੈ ਤਨ, ਤਨ ਦੇ ਅੰਦਰ
ਮਸਤੀ ਹੈ ਮਨ, ਮਨ ਦੇ ਅੰਦਰ
ਮਸਤੀ ਹੈ ਹਰ ਜਨ ਦੇ ਅੰਦਰ
ਸ਼ਬਦ-ਕਲਾ, ਹਰ ਫ਼ਨ ਦੇ ਅੰਦਰ
ਮਸਤੀ, ਮਸਤ ...

... ...
ਮਸਤੀ ਫ਼ੀਮ ਤੇ ਮਸਤ ਸ਼ਰਾਬ
ਮਸਤੀ ਕਾਮ ਤੇ ਮਸਤ ਸ਼ਬਾਬ
ਮਸਤੀ, ਮਸਤ ...

... ...
ਹੈਰੋਇਨ ਤੇ ਮੈਰੇਵਾਨਾ
ਨਸ਼ਿਆਂ ਦੇ ਵਿਚ ਵੱਸਦੇ ਸਾਰੇ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਆਇਆ ਨਸ਼ਿਆਂ ਦਾ ਜ਼ਮਾਨਾ
ਮਸਤੀ, ਮਸਤ ...

... ...
ਮਸਤ ਕੋਕੇਨ ਤੇ ਭੁੱਕੀ ਮਸਤੀ
ਆਪਣੇ ਰੰਗ ਵਿਚ ਰੰਗੀ ਹਸਤੀ
ਮਸਤੀ ਸਭ ਤੋਂ ਮਹਿੰਗੀ ਯਾਰੋ
ਮਸਤੀ ਤੋਂ ਹੈ ਹਰ ਸ਼ੈ ਸਸਤੀ
ਮਸਤੀ ਬਾਹਰ, ਮਸਤੀ ਅੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ ...

... ...
ਮਸਤੀ ਗੁੰਮ ਸੁੰਮ ਮੌਨ ਸਮਾਧੀ
ਮਸਤੀ ਗਿਆਨ ਦੀ ਉੱਚ ਉਪਾਧੀ
ਬੁੱਲ੍ਹਾ, ਸ਼ਾਹ ਹੁਸੈਨ ਵੀ ਮਸਤੀ
ਮਸਤੀ, ਮਸਤੀ, ਮਸਤੀ

–ਏਥੇ ਬੁੱਲ੍ਹੇ ਸ਼ਾਹ ਦੀ ਕਾਫ਼ੀ ਦੇ ਹੇਠ ਲਿਖੇ ਬੋਲ ਉੱਭਰਦੇ ਹਨ :
"ਕੰਜਰੀ ਬਣਿਆਂ ਮੇਰੀ ਇੱਜ਼ਤ ਨਾ ਘੱਟਦੀ
ਮੈਨੂੰ ਨੱਚ ਕੇ ਯਾਰ ਮਨਾਵਣ ਦੇ।"

(ਉਪਰੋਕਤ ਬੋਲ ਉੱਚੇ, ਨੀਵੇਂ ਬੋਲਾਂ ਵਿਚ ਕਈ ਵਾਰ ਦੁਹਰਾਏ ਜਾਂਦੇ ਹਨ ਤੇ ਫਿਰ ਕਵਾਲੀ ਦੇ ਹੇਠ ਲਿਖੇ ਬੋਲ ਜਾਰੀ ਰਹਿੰਦੇ ਹਨ)

ਮਸਤੀ ਕੰਜਰੀ, ਮਸਤ ਕੰਜਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ ...

... ...
ਮਸਤੀ ਸੋਚ ਤੇ ਮਸਤੀ ਚਿੰਤਨ
ਮਸਤੀ ਸਾਗਰ, ਸਾਗਰ–ਮੰਥਨ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮਸਤੀ ਅਨੁਭਵ, ਅਰਥ-ਪਾਸਾਰਾ
ਮਸਤੀ ਭਾਸ਼ਾ, ਸ਼ਬਦ-ਦੁਆਰਾ
ਮਸਤੀ ਬਾਹਰ, ਮਸਤੀ ਅੰਦਰ
ਮੈਂ ਮਾਨਵ ...
ਮਸਤੀ, ਮਸਤ ... ...
... ...
ਮੈਂ ਖਾਲਕ, "ਭਗਵਾਨ" ਬਣਾਇਆ
"ਸ਼ਬਦਾਂ" ਵਿਚ "ਸ਼ੈਤਾਨ" ਵਸਾਇਆ
"ਆਦਮ", "ਹੱਵਾ" ਤੇ "ਪੀਰ", "ਪੈਗ਼ੰਬਰ"
ਸਭ ਮੇਰੇ "ਸ਼ਬਦਾਂ" ਦੀ "ਮਾਇਆ"
ਸਭ ਮੇਰੇ "ਅਰਥਾਂ" ਦੇ ਅੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ ...
... ...
ਮੇਰੇ ਸ਼ਬਦੀਂ "ਪਿੰਡ", "ਬ੍ਰਹਮੰਡ"
ਸੱਚਾ, ਸੁੱਚਾ ਮੈਂ ਪਾਖੰਡ
ਖੰਡ, ਖੰਡ ਹੋਵਾਂ ਆਪਣੇ ਸ਼ਬਦੀਂ
ਅਰਥੀਂ ਵਿਚਰਾਂ ਹੋਂਦ ਅਖੰਡ
ਮੇਰੇ ਇਕ ਇਸ਼ਾਰੇ ਉੱਤੇ
ਬਾਗ਼ ਵਾਂਗ ਖਿੜ ਪੈਂਦਾ ਬੰਜਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ ...
... ...
ਮਸਤੀ ਪਾਣੀ, ਭਾਫ਼ ਤੇ ਬਰਖਾ
ਮਸਤੀ ਸੂਤਰ, ਮਸਤੀ ਚਰਖਾ

ਪੁੱਤਰ ਵਿਚ ਪਿਓ, ਬੀਜ ਦੀ ਮਸਤੀ
ਰੁੱਖ 'ਚੋਂ ਰੁੱਖ ਨੂੰ ਤੋਰਦੀ ਮਸਤੀ

ਫੁੱਲੀਂ ਮਹਿਕਾਂ, ਮਹਿਕਦੀ ਮਸਤੀ
ਪੰਛੀ ਚਹਿਕਣ, ਚਹਿਕਦੀ ਮਸਤੀ
ਸਭ ਨੂੰ ਅੰਗ ਲਾ, ਅੱਗ ਬਣ ਜਾਂਦੀ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਵੇਖੋ ਕਿਵੇਂ ਦਹਿਕਦੀ ਮਸਤੀ
ਮਸਤੀ ਸਭ ਨੂੰ ਚਾਨਣ ਦੇਵੇ
ਮਸਤੀ ਬਲਦੀ, ਮਸਤੀ ਅੰਦਰ
ਮੈਂ ਮਾਨਵ ...
ਮਸਤੀ, ਮਸਤ ...
... ...

ਮਸਤੀ ਦਰ, ਮਸਤੀ ਦੀਵਾਰ
ਮਸਤੀ ਜੀਵਨ, ਮੋਖ-ਦੁਆਰ
ਹੋਸ਼ਾਂ ਵਿਚ ਮਸਤੀ ਦਾ ਵਾਸਾ
ਮਸਤੀ ਨੂੰ, ਮਸਤੀ ਦਾ ਖ਼ੁਮਾਰ
ਮਸਤੀ ਹੈ ਘਟ, ਘਟ ਦੇ ਅੰਦਰ
ਮੈਂ ਮਾਨਵ, ਮੇਰਾ ਪਹਿਲਾ ਨੰਬਰ
ਮਸਤੀ, ਮਸਤ
ਮਸਤੀ, ਮਸਤ, ਮਸਤ
ਮਸਤੀ, ਮਸਤ ਕਲੰਦਰ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com




ਲਿਖਣ-ਸਾਲ : 2003-2007

ਛਪਣ-ਸਾਲ : 2007



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਛਾਵਾਂ ਤੇ ਪਰਛਾਵੇਂ : ਆਰੰਭਕ ਬੋਲ



"ਛਾਵਾਂ ਤੇ ਪਰਛਾਵੇਂ" ਮੇਰਾ ਸਤਾਰ੍ਹਵਾਂ ਕਾਵਿ-ਸੰਗ੍ਰਹਿ ਹੈ। "ਪੱਤਰ ਤੇ ਦਰਿਆ" ਇਸ ਤੋਂ ਪਹਿਲਾਂ 2003 ਵਿਚ ਪ੍ਰਕਾਸ਼ਤ ਹੋਇਆ ਸੀ। 15 ਅਪ੍ਰੈਲ, 2003 ਨੂੰ ਮੈਂ ਉਸ ਦਾ ਖਰੜਾ ਭਾਰਤ ਛਪਣ ਲਈ ਭੇਜ ਦਿੱਤਾ ਸੀ। ਇਨ੍ਹਾਂ ਚਾਰ ਕੁ ਸਾਲਾਂ ਵਿਚ ਹਥਲੇ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਸਹਿਜ ਰਚੀਆਂ ਗਈਆਂ ਹਨ।

ਇਹ ਚਾਰ ਵਰ੍ਹੇ ਮੇਰੀ ਜ਼ਿੰਦਗੀ ਵਿਚ ਬੜੀ ਉੱਥਲ ਪੁੱਥਲ ਤੇ ਅਨਿਸ਼ਚਤਤਾ ਦੇ ਸੂਚਕ ਹਨ। ਇਨ੍ਹਾਂ ਵਰ੍ਹਿਆਂ ਵਿਚ ਮਾਨਸਕ ਤੌਰ 'ਤੇ, ਵਿਅਕਤੀਗਤ ਅਤੇ ਸਾਮੂਹਿਕ ਜ਼ਿੰਦਗੀ ਦੀ ਟੁੱਟ, ਭੱਜ ਦਾ ਅਹਿਸਾਸ ਤੇ ਅਨੁਭਵ ਬੜੀ ਹੀ ਸ਼ਿੱਦਤ ਨਾਲ ਹੋਇਆ ! ਸਰੀਰਕ ਤੌਰ 'ਤੇ ਵੀ, ਇਨ੍ਹਾਂ ਵਰ੍ਹਿਆਂ ਵਿਚ, ਮੈਨੂੰ ਕਾਫ਼ੀ ਟੁੱਟ, ਭੱਜ ਤੇ ਮੁਰੰਮਤ ਦੇ ਦੌਰ ਵਿੱਚੋਂ ਗੁਜ਼ਰਨਾ ਪਿਆ ਹੈ। ਅੰਤਰ-ਰਾਸ਼ਟਰੀ ਖੇਤਰ ਵਿਚ ਵੀ ਇਹ ਬੜੀ ਉੱਥਲ ਪੁੱਥਲ ਦਾ ਸਮਾਂ ਹੈ। ਗੰਧਲੀ ਸਿਆਸਤ ਨੇ ਰਾਜੀ ਆਤੰਕਵਾਦ ਦਾ ਇਕ ਹੋਰ ਛਡਯੰਤਰ ਰਚਕੇ ਈਰਾਕ ਤੇ ਮੱਧ-ਪੂਰਬ ਦੇ ਹੋਰ ਦੇਸ਼ਾਂ, ਜਿਵੇਂ ਫਲਸਤੀਨ ਤੇ ਲਿਬਨਾਨ ਉੱਤੇ, ਜਿੱਥੇ ਤਬਾਹਕੁਨ ਪ੍ਰਭਾਵ ਪਾਇਆ, ਉੱਥੇ ਸਮੁੱਚੀ ਦੁਨੀਆਂ ਨੂੰ, ਯੂ.ਐਨ.ਓ. ਦੀ ਪੱਧਰ ਉੱਤੇ, ਦੋ ਜਾਂ ਦੋ ਤੋਂ ਵਧੀਕ ਧੜਿਆਂ ਵਿਚ ਵੰਡ ਕੇ ਈਰਾਨ, ਉੱਤਰੀ ਕੋਰੀਆ, ਸੂਡਾਨ, ਅਫ਼ਗਾਨਿਸਤਾਨ ਤੇ ਸੋਮਾਲੀਆ ਆਦਿ ਦੇਸ਼ਾਂ ਵਿਚ ਬੜੇ ਹੀ ਤਣਾ-ਪੂਰਨ ਹਾਲਾਤ ਪੈਦਾ ਕਰ ਦਿੱਤੇ। ਕੁਦਰਤ ਨੇ ਆਪਣਾ ਕਹਿਰ ਵੀ ਜਿਵੇਂ ਏਸ ਦੌਰ ਲਈ ਹੀ ਸੰਭਾਲ ਕੇ ਰੱਖਿਆ ਹੋਇਆ ਸੀ। ਪਹਿਲਾਂ ਦੱਖਣ-ਪੂਰਬੀ ਏਸ਼ੀਆ



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਦੇ ਕਈ ਦੇਸ਼ ਭਾਰਤ ਸਮੇਤ ਸੁਨਾਮੀਂ ਦੀ ਲਪੇਟ ਵਿਚ ਆਏ, ਫੇਰ ਅਮਰੀਕਾ ਦੇ ਦੱਖਣ-ਪੂਰਬੀ ਤਟ-ਵਰਤੀ ਇਲਾਕਿਆਂ ਉੱਤੇ ਕਟਰੀਨਾ ਤੂਫਾਨ ਦੀ ਮਹਾਂ-ਮਾਰੀ ਹੋਈ ਅਤੇ ਇਸੇ ਤਰ੍ਹਾਂ ਜਾਪਾਨ ਅਤੇ ਕੁਝ ਹੋਰ ਦੇਸ਼ਾਂ ਵਿਚ ਭੂਚਾਲ ਆਏ ! ਜ਼ਿੰਦਗੀ ਉੱਤੇ ਜਿਵੇਂ ਹਰ ਪਾਸੇ ਮੌਤ ਦਾ ਮੌਸਮ ਮੰਡਲਾ ਰਿਹਾ ਸੀ। ਲੋਕ ਘਰੋਂ ਬੇਘਰ ਹੋ ਰਹੇ ਸਨ। ਸ਼ਹਿਰਾਂ ਦੇ ਸ਼ਹਿਰ ਉੱਜੜ ਰਹੇ ਸਨ। ਕਿਧਰੇ ਇਜ਼ਰਾਈਲ ਦੇ ਕਲਸਟਰ ਬੰਬ, ਕਿਧਰੇ ਅਮਰੀਕਾ ਦੀਆਂ ਤਬਾਹਕੁਨ ਮਿਸਲਾਂ ਤੇ ਹੋਰ ਮਾਰੂ ਸ਼ਸਤਰ, ਕਿਧਰੇ ਸੁਨਾਮੀਂ ਅਤੇ ਕਿਧਰੇ ਭੁਚਾਲ—ਆਪੋ ਆਪਣਾ ਰੰਗ ਵਿਖਾ ਰਹੇ ਸਨ। ਇਸ ਸੰਗ੍ਰਹਿ ਦੀ ਕਵਿਤਾ ਇਹੋ ਜਿਹੇ ਹਾਲਤ ਵਿਚ ਹੀ ਰਚੀ ਗਈ ਹੈ।

ਗਲੋਬਲ ਵਾਰਮਿੰਗ, ਵਾਤਾਵਰਨ, ਪ੍ਰਦੂਸ਼ਣ, ਭ੍ਰਸ਼ਟ ਸਿਆਸਤ, ਵਿਸ਼ਵੀਕਰਨ, ਖਪਤ-ਕਲਚਰ, ਆਰਥਕ ਨਾਬਰਾਬਰੀ, ਮਨੁੱਖ ਹਕਾਂ ਦਾ ਸ਼ੋਸ਼ਨ ਦਹਿਸ਼ਤਵਾਦ ਅਤੇ ਅੰਨ੍ਹੀਂ ਹਿੰਸਾ ਆਦਿ ਵਿਆਪਕ ਮਸਲੇ, ਚਾਹੇ ਅਚਾਹੇ ਨਿੱਤ ਸਾਡੀ ਸੋਚ ਮੱਲੀ ਰੱਖਦੇ ਹਨ। ਰੋਜ਼ਾਨਾ ਗੱਲਬਾਤ ਤੇ ਮੀਡੀਆ ਦੇ ਵਿਭਿੰਨ ਮਾਧਿਅਮ, ਸੋਚ ਵਿਚ ਇੰਤਸ਼ਾਰ ਪੈਦਾ ਕਰਦੇ ਹਨ। ਹੋਂਦ ਤੇ ਦਰਸ਼ਨ ਨਾਲ ਜੁੜਿਆ ਤਰਕ, ਚਿੰਤਨ ਵਿਚ ਸ਼ਿੱਦਤ ਪੈਦਾ ਕਰਦਾ ਹੈ। ਅਜਿਹੇ ਸਮੇਂ ਜਦੋਂ ਨੰਗਾ ਜ਼ਿਹਨ ਕੱਚ-ਕੰਕਰਾਂ ਤੇ ਸੂਲਾਂ ਉੱਤੇ ਤੁਰਨ ਲਈ ਮਜਬੂਰ ਹੋਵੇ, ਤਾਂ ਸੰਕਲਪ-ਕਾਵਿ (Conceptual Poetry) ਇਕ ਸਹਿਜ ਅਮਲ ਬਣ ਜਾਂਦਾ ਹੈ। ਵਿਕੇਂਦ੍ਰਿਤ ਤੇ ਵਿਗਠਤ ਵਿਸਥਾਰਾਂ ਦੀ ਅਲਗਤਾ ਵਿਚ ਵਿਚਰਦੇ ਅਨੁਭਵਾਂ ਦੀ ਪ੍ਰਕਿਰਤੀ, ਖਿੰਡਾਓ ਤੇ ਅਪ੍ਰਸੰਗਤਾ ਦੇ ਪ੍ਰਭਾਵ ਸਿਰਜਦੀ ਹੋਈ ਵੀ, ਮਾਨਵੀ ਸਰੋਕਾਰਾਂ ਨਾਲ ਜੁੜੀ ਰਹਿੰਦੀ ਹੈ :

1. ਵਾਤਾਵਰਨ ਨੂੰ ਮਨੁੱਖ ਦਾ ਖੋਰਾ ਲੱਗ ਚੁੱਕਾ ਹੈ,
ਜ਼ਿੰਦਗੀ ਨੂੰ ਮੌਤ ਦਾ ਢੋਰਾ ਲੱਗ ਚੁੱਕਾ ਹੈ।
ਗਲੋਬਲ ਵਾਰਮਿੰਗ, ਇਕ ਸਵਾਲ ? ("ਗਲੋਬਲ ਵਾਰਮਿੰਗ")

2. ਪ੍ਰਸ਼ਨ ਬਣ ਚਿੰਤਨ ਮੇਰਾ,
ਸੋਚ ਮੇਰੀ ਨੂੰ ਜਿਵੇਂ ਵੰਗਾਰਦਾ :

"ਆਪਣੇ ਅੰਦਰ ਨੂੰ ਜੋੜ !!!"

"ਹਿੰਮ-ਸੀਤ ਠਾਰ ਤੋੜ !!"

"ਹੋਂਦ ਨਾਲ, ਨਾਤਾ ਜੋੜ !!!"
("ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ")



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

3. ਥੈਲੀ ਵਿੱਚੋਂ ਕੱਢ ਏਸ ਨੂੰ
ਦੇ ਦਿੱਤੀ ਪੂਰਨ ਆਜ਼ਾਦੀ।
ਦਿਲ ਦੀ ਬਾਤ ਅਜੇ ਵੀ ਦਿਲ ਵਿਚ,
ਦਿਲ ਦੀ ਬਾਤ ਅਲਹਿਦੀ !!! ("ਦਿਲ ਦੀ ਬਾਤ ਅਲਹਿਦੀ")

4. ਬੱਚੇ ਬ੍ਰਹਮੰਡ ਬਣ ਰਹੇ, ਪਰ ਮਾਂ ਬਾਪ
ਪਿੰਡ ਨਾਲੋਂ ਵੀ ਟੁੱਟ ਗਏ !

ਸੂਨਯ ਵਿਚ ਵਿਚਰਦੀ ਹੈ, ਬੇਲਚਕ
ਪਿਛਲੀ ਪੀੜ੍ਹੀ ਖਲਾਅ ਵਿਚ ...
... ...
ਜਿਸ ਤਰ੍ਹਾਂ ਰੇਸ਼ਮ ਦਾ ਕੀੜਾ,
ਖਤਮ ਹੁੰਦਾ,
ਰੇਸ਼ਮ ਪੈਦਾ ਕਰਨ ਦੀ ਸਜ਼ਾ ਵਿਚ !!!
("ਪਿੰਡ ਤੇ ਬ੍ਰਹਮੰਡ ਵਿਚਕਾਰ ਲਟਕਦੇ ਪਰਵਾਸੀ")

ਇਸ ਸੰਗ੍ਰਹਿ ਦੀ ਕਵਿਤਾ ਇਹੋ ਜਿਹੇ ਹਾਲਾਤ ਵਿਚ ਹੀ ਰਚੀ ਗਈ ਹੈ। ਨਿੱਜੀ ਤੌਰ 'ਤੇ ਵੀ ਮੈਨੂੰ ਇਸ ਦੌਰਾਨ ਕਾਫ਼ੀ ਟੁੱਟ, ਭੱਜ 'ਚੋਂ ਗੁਜਰਨਾ ਪਿਆ ਹੈ।

ਪਹਿਲੀ ਜੁਲਾਈ, 2003 ਨੂੰ ਮੈਂ ਅਧਿਆਪਕੀ ਕਿੱਤੇ ਤੋਂ ਸੇਵਾ-ਮੁਕਤ ਹੋ ਗਿਆ ਸਾਂ। ਐਨੀ ਵਿਹਲ ਨਾਲ, 47 ਸਾਲ ਦੇ ਲਗਾਤਾਰ ਕਿੱਤਾਕਾਰੀ ਸੰਘਰਸ਼ ਤੋਂ ਬਾਅਦ ਪਹਿਲੀ ਵੇਰ ਮੱਥਾ ਲੱਗਾ ਸੀ। ਪਰ ਇਸ ਵਿਹਲ ਦੀ ਖਲਾਅ ਵਿਚ ਮੈਨੂੰ ਬਹੁਤੀ ਦੇਰ ਵਿਚਰਨਾ ਨਾ ਪਿਆ, ਕਿਉਂਕਿ 24 ਸਤੰਬਰ, 2003 ਨੂੰ ਮੇਰੇ ਦਿਲ ਦਾ ਪਹਿਲਾ ਓਪਰੇਸ਼ਨ (ਸਰਜਰੀ) ਹੋ ਗਿਆ। ਇਸ ਓਪਰੇਸ਼ਨ ਨੇ ਕਈ ਪੇਚੀਦਗੀਆਂ ਪੈਦਾ ਕਰ ਦਿੱਤੀਆਂ, ਜਿਨ੍ਹਾਂ ਦੇ ਸਮਾਧਾਨ ਲਈ 12 ਨਵੰਬਰ, 2004 ਨੂੰ ਮੇਰੇ ਦਿਲ ਦਾ ਦੂਸਰਾ ਓਪਰੇਸ਼ਨ ਹੋਇਆ। ਇਨ੍ਹਾਂ ਸੰਬੰਧੀ, ਵਿਸਥਾਰ-ਪੂਰਵਕ, ਮੈਂ 2006 ਵਿਚ ਛਪੇ ਆਪਣੇ ਦਸਵੇਂ ਕਾਵਿ-ਨਾਟਕ "ਮਨ ਦੇ ਹਾਣੀ" ਦੀ ਭੂਮਿਕਾ ਵਿਚ ਪਹਿਲਾਂ ਹੀ ਲਿਖ ਚੁੱਕਾ ਹਾਂ।

ਦੂਜਾ ਓਪਰੇਸ਼ਨ ਵੀ ਪੂਰੀ ਭਾਂਤ ਸਫਲ ਨਹੀਂ ਸੀ। ਇਨ੍ਹਾਂ ਦੋਹਾਂ ਓਪਰੇਸ਼ਨਾਂ ਦੀਆਂ ਪੇਚੀਦਗੀਆਂ ਦੇ ਮਾਰੂ ਪ੍ਰਭਾਵ ਹੇਠ ਹੀ ਮੈਂ, 17 ਜਨਵਰੀ, 2006 ਤੋਂ ਲੈ ਕੇ 5 ਮਾਰਚ, 2006 ਤਕ ਭਾਰਤ ਅਤੇ ਪਾਕਿਸਤਾਨ ਦੀ ਯਾਤਰਾ ਮੁਕੰਮਲ ਕੀਤੀ। ਪਾਕਿਸਤਾਨ ਮੈਂ 21 ਜਨਵਰੀ ਤੋਂ 28 ਜਨਵਰੀ ਤਕ ਖ਼ੂਬ ਘੁੰਮਿਆਂ ਤੇ ਫਿਰ ਵਾਹਘੇ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਦੀ ਸਰਹੱਦ ਪਾਰ ਕਰਕੇ ਭਾਰਤ ਪਰਤ ਆਇਆ। ਭਾਰਤ ਅਤੇ ਪਾਕਿਸਤਾਨ ਦੇ ਸਾਹਿਤਿਕ ਹਲਕਿਆਂ ਨੇ ਬੜਾ ਨਿੱਘਾ ਹੁੰਗਾਰਾ ਦਿੱਤਾ। ਮਿੱਤਰਾਂ, ਰਿਸ਼ਤੇਦਾਰਾਂ, ਵਾਕਫ਼ਾਂ ਤੇ ਨਵੇਂ ਚਿਹਰਿਆਂ ਨੂੰ ਮਿਲਣ ਵਿਚ ਆਪਣਾ ਹੀ ਆਨੰਦ ਹੈ।

ਫਰੈਂਕ ਫਰਟ (ਜਰਮਨੀ) ਤੋਂ ਹੁੰਦਿਆਂ, ਜਦੋਂ ਮੈਂ 5 ਮਾਰਚ 2006 ਨੂੰ ਵਾਪਸ ਵੈਨਕੂਵਰ ਪਹੁੰਚਿਆ ਤਾਂ ਮੈਨੂੰ ਪਤਾ ਸੀ ਕਿ ਮੇਰੇ ਦਿਲ ਦੀਆਂ ਸਮੱਸਿਆਵਾਂ ਅਜੇ ਪੂਰੀ ਤਰ੍ਹਾਂ ਹੱਲ ਨਹੀਂ ਹੋਈਆਂ।

13 ਸਤੰਬਰ, 2006 ਨੂੰ, ਮੈਨੂੰ ਫਿਰ ਵੈਨਕੂਵਰ (ਕੈਨੇਡਾ) ਦੇ ਸੇਂਟ ਪਾਲਜ਼ ਹਸਪਤਾਲ ਵਿਚ ਦਾਖ਼ਿਲ ਹੋਣਾ ਪਿਆ। ਇਸ ਵਾਰ ਕੀਤੀ ਜਾ ਰਹੀ ਸਰਜਰੀ ਦਾ ਨਾਮ Pericardiectomy (ਪੈਰੀਕਾਰਡੀਐਕਟਮੀ) ਹੈ। ਦਿਲ ਦੇ ਦੁਆਲੇ, ਇਸ ਦੇ ਬਚਾ ਲਈ, ਇਕ ਪਰਦਾ ਜਾਂ ਥੈਲਾ (Sack) ਜਿਹਾ ਹੁੰਦਾ ਹੈ, ਜਿਸ ਨੂੰ ਪੈਰੀ-ਕਾਰਡੀਅਮ (Pericardium) ਕਹਿੰਦੇ ਹਨ। ਇਸ ਵਾਰ ਸਰਜਨ ਨੇ ਓਪਰੇਸ਼ਨ ਕਰ ਕੇ ਦਿਲ ਦੇ ਦੁਆਲਿਓਂ ਇਹ ਝਿੱਲੀ (Pericardium) ਲਾਹ ਕੇ ਦਿਲ ਨੂੰ ਪੂਰੀ ਤਰ੍ਹਾਂ ਆਜ਼ਾਦ ਕਰਨਾ ਸੀ, ਤਾਂਕਿ ਉਸ ਉੱਤੋਂ ਸਭ ਦਬਾ ਹਟ ਜਾਣ।

ਬੇਹੋਸ਼ ਕਰਨ ਤੋਂ ਬਾਅਦ ਮੈਨੂੰ ਹਾਰਟ ਤੇ ਲੰਗ ਮਸ਼ੀਨ (Heart and Lung Machine) ਉੱਤੇ ਲਾ ਦਿੱਤਾ ਗਿਆ। ਦਿਲ ਦੀ ਧੜਕਨ ਬੰਦ ਕਰ ਦਿੱਤੀ ਗਈ ਅਤੇ ਫੇਫੜੇ ਵੀ ਸਾਹ-ਹੀਣ ਹੋ ਕੇ ਸੁੰਗੜ ਗਏ। ਇਨ੍ਹਾਂ ਦੋਹਾਂ ਦਾ ਕੰਮ, 7 ਘੰਟੇ ਤੇ 50 ਮਿੰਟ ਦੇ ਲੰਮੇਂ ਓਪਰੇਸ਼ਨ ਦੌਰਾਨ, ਮਸ਼ੀਨ ਨੇ ਹੀ ਕੀਤਾ। ਸਰਜਰੀ ਤੋਂ ਬਾਦ ਸਰਜਨ ਨੇ ਮੈਨੂੰ ਦੱਸਿਆ ਕਿ ਸੀ.ਟੀ. ਸਕੈਨ (C.T. Scan) ਅਤੇ ਐੱਮ.ਆਰ.ਆਈ. (M.R.I.) ਵਿਚ, ਮੇਰੇ ਦਿਲ ਦੇ ਹੇਠਲੇ, ਰੀੜ੍ਹ ਦੀ ਹੱਡੀ ਵਲ ਦੇ ਪਾਸੇ ਪੈਰੀਕਾਰਡੀਅਮ ਵਿਚ ਸਥਿਤ ਗੋਲਫ ਬਾਲ (Golf Ball) ਸਾਈਜ਼ ਦਾ ਇਕ ਖ਼ੂਨ ਦਾ ਟੇਪਾ (Blood Clot) ਨਹੀਂ ਸੀ ਆਇਆ। ਇਨ੍ਹਾਂ ਵਿਗਿਆਨਕ ਤੇ ਮਸ਼ੀਨੀ ਟੈਸਟਾਂ ਦੀ ਵੀ ਆਪਣੀ ਸੀਮਾਂ ਹੈ। ਇਸ ਖ਼ੂਨ ਦੇ ਟੇਪੇ ਨੂੰ ਵੇਖ ਕੇ ਤਿੰਨ ਸਰਜਨਾਂ ਦੀ ਟੀਮ ਬਹੁਤ ਹੈਰਾਨ ਹੋਈ। ਇਸ ਲਈ ਉਹ ਪਹਿਲਾਂ ਤੋਂ ਤਿਆਰ ਨਹੀਂ ਸਨ। ਇਸ ਖ਼ੂਨ ਦੇ Clot ਦਾ ਸਮਾਧਾਨ ਕਰਨ ਲਈ ਉਨ੍ਹਾਂ ਨੂੰ ਖੜ੍ਹੇ ਪੈਰ Resectomy ਕਰਨੀ ਪਈ।

ਦਿਲ ਤੋਂ ਸਾਰੀ ਝਿੱਲੀ ਲਾਹ ਦਿੱਤੀ ਗਈ। ਖ਼ੂਨ ਦੇ ਟੇਪੇ ਦਾ ਮਸਲਾ ਵੀ ਹੱਲ ਕੀਤਾ ਅਤੇ ਫਿਰ ਮੇਰੇ ਦਿਲ ਅਤੇ ਫੇਫੜਿਆਂ ਨੂੰ ਮੇਰੇ ਸਰੀਰ ਨਾਲ ਜੋੜ (Connect) ਦਿੱਤਾ ਗਿਆ।

21 ਸਤੰਬਰ, 2006 ਨੂੰ ਇਕ ਹੋਰ ਸਮੱਸਿਆ ਆ ਪਈ। ਮੇਰੇ ਚੱਡਿਆਂ ਵਿਚ ਸੱਜੇ ਪਾਸੇ ਦੀ ਖ਼ੂਨ ਦੀ ਇਕ ਨਾੜੀ ਵਿਚ ਦਿਲ ਤਕ ਪਹੁੰਚਣ ਦਾ ਰਸਤਾ ਬਣਾਇਆ ਗਿਆ ਸੀ, ਐਮਰਜੈਂਸੀ ਲਈ। ਸਰਜਰੀ ਸਮੇਂ ਇਹ ਭਾਗ ਚੰਗੀ ਤਰ੍ਹਾਂ ਸੀਤਾ ਨਾ ਗਿਆ। ਖ਼ੂਨ ਰਿਸਣ ਲੱਗ ਪਿਆ। ਪੱਟੀ ਬਦਲ ਰਹੀ ਨਰਸ ਉੱਤੇ ਏਸ ਨਾੜ ਵਿੱਚੋਂ ਖ਼ੂਨ ਦਾ ਫੁਹਾਰਾ ਛੁੱਟ ਪਿਆ। ਉਸ ਦੇ ਵਾਲ, ਐਨਕਾਂ, ਕਪੜੇ ਮੇਰੇ ਖ਼ੂਨ ਨਾਲ ਰੰਗੇ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਗਏ। ਮਸ਼ੀਨੀ ਦਬਾਅ ਪਾ ਕੇ ਬੜੀ ਮੁਸ਼ਕਲ ਨਾਲ ਖ਼ੂਨ ਦੇ ਵਹਾ ਨੂੰ ਰੋਕਿਆ ਗਿਆ। ਫਲਸਰੂਪ ਮੈਨੂੰ ਇਕ ਵਾਰੀ ਫਿਰ ਕਲੋਰੋਫਾਰਮ ਨਾਲ, ਕਾਹਲੀ ਵਿਚ ਬੇਹੋਸ਼ ਕਰਕੇ, ਓਪਰੇਸ਼ਨ ਥੀਏਟਰ ਵਿਚ ਲਿਜਾਇਆ ਗਿਆ। ਏਸ ਨਾੜ ਤੇ ਚਮੜੀ ਨੂੰ ਮੁੜ ਸੀਂਤਾ ਗਿਆ।

26 ਸਤੰਬਰ ਨੂੰ ਹਸਪਤਾਲ ਤੋਂ ਮੈਂ ਆਪਣੇ ਵੱਡੇ ਪੁੱਤਰ ਅੰਮ੍ਰਿਤਪਾਲ ਦੇ ਘਰ ਆ ਗਿਆ। ਸਮਾਂ ਬੀਤਦਾ ਗਿਆ। ਅਕਤੂਬਰ ਦੀ 20 ਕੁ ਤਾਰੀਖ ਦੇ ਲਾਗੇ ਮੇਰੇ ਦਿਲ ਦੀ ਧੜਕਨ ਬਹੁਤ ਤੇਜ਼ ਹੋ ਗਈ। ਇਹ 125-26 ਉੱਤੇ ਪਹੁੰਚ ਗਈ। ਕਾਰਡੀਆਲੋਜਿਸਟ ਅਨੁਸਾਰ ਇਹ Atrial Flutter ਜਾਂ Arrhythmia (Irregular Heart Beat) ਸੀ। ਹੁਣ ਦਿਲ ਨੂੰ ਠੀਕ ਸੁਰ (Rhythm) ਵਿਚ ਕਰਨ ਲਈ ਬਿਜਲੀ ਦਾ ਝਟਕਾ (Electric Shock) ਦੇਣਾ ਜ਼ਰੂਰੀ ਹੋ ਗਿਆ। ਇਸ ਵਿਧੀ ਨੂੰ Cardioversion ਕਹਿੰਦੇ ਹਨ। 28 ਨਵੰਬਰ, 2006 ਨੂੰ ਮੈਨੂੰ ਫੇਰ ਹਸਪਤਾਲ ਵਿਚ ਦਾਖਲ ਕਰਕੇ, ਇਕ ਵਾਰੀ ਫਿਰ ਕਲੋਰੋਫਾਰਮ ਨਾਲ ਬੇਹੋਸ਼ ਕਰਨ ਉਪ੍ਰੰਤ, ਬਿਜਲੀ ਦਾ ਝਟਕਾ ਦਿੱਤਾ ਤੇ ਮੇਰੇ ਦਿਲ ਨੂੰ ਸੁਰ ਵਿਚ ਕੀਤਾ ਗਿਆ। ਇਲਾਜ ਤੇ ਟੈਸਟ ਅਜੇ ਵੀ ਜਾਰੀ ਹਨ।

ਇਸ ਤਰ੍ਹਾਂ ਜਿੱਥੇ ਨਿੱਜੀ ਤੌਰ ਉੱਤੇ ਇਨ੍ਹਾਂ ਚਾਰ ਸਾਲਾਂ ਵਿਚ ਮੈਨੂੰ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪਿਆ, ਉੱਥੇ ਵਿਸ਼ਵ ਪੱਧਰ ਉੱਤੇ ਵੀ ਟੁੱਟ, ਭੱਜ ਤੇ ਤਬਾਹੀ ਜਾਰੀ ਰਹੀ।

ਇਹੋ ਜਿਹੇ ਅਨਿਸ਼ਚਤ ਮਾਹੌਲ ਵਿਚ ਹੀ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਦੀ ਰਚਨਾ ਹੋਈ ਹੈ। ਇਨ੍ਹਾਂ ਕਵਿਤਾਵਾਂ ਵਿਚ ਅਜਿਹੇ ਅਨੁਭਵਾਂ ਦੀ ਝਲਕ ਦਾ ਹੋਣਾ ਇਕ ਕੁਦਰਤੀ ਗੱਲ ਹੈ :

1. ਦਰਾੜਾਂ ਬਣ ਗਏ ਹਾਂ।
ਇਨ੍ਹਾਂ ਦਾ ਕੀ ਨਾਂ ਰੱਖੀਏ ?

ਇਕ ਦਮ, ਇੱਕੋ ਸਮੇਂ
ਇਕ ਥਾਂ ਤੋਂ, ਇਕੱਠੇ
ਪਾਟ ਗਏ ਹਾਂ।

ਰਿਸ਼ਤਿਆਂ ਦੀ ਭੀੜ ਵਿਚ
ਆਪੋ ਆਪਣਾ ਟੁਕੜਾ ਚੁੱਕੀ,
ਪੂਰਨ ਹੋਣਾ ਲੋਚਦੇ ਹਾਂ !!!
ਦਰਾੜਾਂ ਕਿਵੇਂ ਮਿਟਣ ?
ਇਹ ਸੋਚਦੇ ਹਾਂ !!! ("ਦਰਾੜਾਂ")



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

2. ਸਿਰ ਤੋਂ ਪੈਰਾਂ ਤਕ
"ਅਲਵਿਦਾ" ਦਾ ਮੌਸਮ ਹੈ !
ਹਰ ਲੋੜ,
ਹਰ ਰਿਸ਼ਤੇ ਦੀ ਨੁਹਾਰ
ਧੁੰਦਲੀ ਹੋ ਗਈ ਹੈ। ("ਸੁੰਗੜਦੇ ਮੌਸਮ")

3. ਹੁਣ ਤਾਂ ਜੀ ਕਰਦਾ, ਕਿ
ਤੁਰਦਾ, ਤੁਰਦਾ ਮੁਕ ਜਾਵਾਂ
ਅਨੰਤ ਵਲਾਂ ਵੇਖਦਾ, ਵੇਖਦਾ
ਤੋਰ ਦੇ ਵਿਚ ਸਮਾ ਜਾਵਾਂ
ਹਵਾ ਵਿਚ ਮਹਿਕ ਵਾਂਗ
ਨਜ਼ਰ ਨਾ ਆਵਾਂ

ਸਫ਼ਰ ਇੰਜ ਕਾਇਮ ਰਹਿਣ
ਨਵੇਂ ਬੁੱਤ, ਨਵੇਂ ਲਖ਼ਸ਼, ਨਵੀਆਂ ਰਾਹਵਾਂ।
ਦਾਣੇ ਦੇ ਨਾਲ ਹੀ ਜੰਮ ਪੈਂਦਾ ਹੈ
ਦਾਣੇ ਦਾ ਫੁਲਣਾ, ਫਲਣਾ
ਤੇ ਮੁੱਕ ਜਾਣਾ
ਹੁਣ ਤਾਂ ਜੀ ਕਰਦਾ ਕਿ ... ("ਦਾਣੇ ਦਾ ਜਨਮ")

4. ਦੁੱਧ ਦੇ ਮੌਸਮ 'ਚ, ਦੁੱਧ ਦੀ ਗੱਲ
ਅੱਗ ਦੇ ਮੌਸਮ 'ਚ, ਅੱਗ ਦੀ ਗੱਲ
ਕਰਨ ਵਾਲੇ
ਮੁਹੱਬਤੀ ਇਨਸਾਨ ਦੀ
ਕੋਈ ਸਰਹੱਦ ਨਹੀਂ ਹੁੰਦੀ। ("ਸਰਹੱਦਾਂ ਤੋਂ ਪਾਰ")

5. ਛਾਵਾਂ ਤੇ ਪਰਛਾਵੇਂ ਤੁਰ ਕੇ
ਦਰ ਮੇਰੇ 'ਤੇ ਆਏ।
ਰੁੱਖ ਤੇ ਬੁੱਤ ਤੋਂ ਟੁੱਟਣ ਨਾ ਇਹ
ਰੁੱਖ, ਬੁੱਤ ਵਿਚ ਸਮਾਏ। ("ਛਾਵਾਂ ਤੇ ਪਰਛਾਵੇਂ-2")


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

6. ਆਪੇ ਸੂਰਜ, ਛਾਂ ਵੀ ਆਪੇ
ਆਪੇ ਬੁੱਤ, ਪਰਛਾਵੇਂ
ਚਿੰਤਨ ਅਰਥ ਬਣੀ ਬੈਠਾ ਹੈ,
ਅੱਜ ਸ਼ਬਦਾਂ ਦੀ ਛਾਵੇਂ। ("ਸ਼ਬਦਾਂ ਦੀ ਛਾਵੇਂ")

"ਛਾਵਾਂ ਤੇ ਪਰਛਾਵੇਂ" ਤੋਂ ਪਹਿਲਾਂ ਮੈਂ ਆਪਣੇ 16 ਕਾਵਿ-ਸੰਗ੍ਰਹਿਆਂ ਨੂੰ "ਅਕੱਥ ਕਥਾ", "ਵਣ ਵਾਣੀ", "ਪਿਆਸਾ ਬੱਦਲ" ਅਤੇ "ਸ਼ਬਦ ਸਾਗਰ" ਸ਼ੀਰਸ਼ਕਾਂ ਹੇਠ ਸਮੁੱਚੇ ਸੰਗ੍ਰਹਿਆਂ ਦੇ ਰੂਪ ਵਿਚ, ਪ੍ਰਕਾਸ਼ਤ ਕਰਵਾ ਚੁੱਕਾ ਹਾਂ, ਜਿਨ੍ਹਾਂ ਦਾ ਪੂਰਾ ਵੇਰਵਾ ਇਸ ਪੁਸਤਕ ਦੀ ਅੰਤਿਕਾ ਵਿਚ ਸ਼ਾਮਿਲ ਹੈ।

ਜ਼ਿੰਦਗੀ ਛਾਵਾਂ ਤੇ ਪਰਛਾਵਿਆਂ ਦੀ ਖੇਡ ਹੈ ! ਰੁੱਖਾਂ ਤੇ ਮਨੁੱਖਾਂ ਦੀ ਦਾਸਤਾਨ ਹੈ, ਸੂਰਜ ਦੀ ਊਰਜਾ, ਉਸ ਦਾ ਚਾਨਣ, ਇਨ੍ਹਾਂ ਛਾਵਾਂ ਤੇ ਪਰਛਾਵਿਆਂ ਪਿਛਲੀ ਸੰਚਾਲਕ ਸ਼ਕਤੀ ਹੈ। ਰੁੱਖ ਤੇ ਮਨੁੱਖ "ਪੀੜ੍ਹੀ-ਦਰ-ਪੀੜ੍ਹੀ" ਅਤੇ "ਬੀਜ-ਦਰ-ਬੀਜ" ਨਿਰੰਤਰਤਾ ਵਿਚ ਵਿਚਰ ਰਹੇ, ਇਸ ਖੇਡ ਦਾ ਮਾਧਿਅਮ ਹਨ। ਰੁੱਖ ਕੱਟੇ ਜਾਂਦੇ, ਦੀਵਾਰਾਂ, ਘਰ, ਫਰਨੀਚਰ ਤੇ ਪਤਾ ਨਹੀਂ ਹੋਰ ਕੀ ਕੀ ਰੂਪ ਧਾਰ ਲੈਂਦੇ ਹਨ। ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੀਆਂ ਛਾਵਾਂ ਅਲੋਪ ਹੋ ਜਾਂਦੀਆਂ ਹਨ। ਮਨੁੱਖ ਵੀ ਆਪਣਾ ਸਫਰ ਕਰਦੇ, ਕਰਦੇ ਸਿਵੇ ਦੀ ਧੂਣੀ ਜਾਂ ਕਬਰ ਦੀ ਮਿੱਟੀ ਵਿਚ ਸਮਾ ਜਾਂਦੇ ਹਨ। ਨਾਲ ਹੀ ਖਤਮ ਹੋ ਜਾਂਦੇ ਹਨ, ਉਨ੍ਹਾਂ ਦੇ ਪਰਛਾਵੇਂ।

ਪਰ ਛਾਵਾਂ ਤੇ ਪਰਛਾਵਿਆਂ ਦੀ ਇਹ ਖੇਡ ਇਸੇ ਤਰ੍ਹਾਂ ਨਿਰੰਤਰ ਜਾਰੀ ਰਹਿੰਦੀ ਹੈ:

1. ਕੋਸੀਆਂ ਧੁੱਪਾਂ, ਠੰਡੀਆਂ ਛਾਵਾਂ
ਚੁੱਪ ਦੀ ਵਿਥਿਆ ਲੰਮੀਂ
ਚੁੱਪ ਨੇ ਚਿੰਤਨ ਫੋਲਿਆ ਜਦ, ਜਦ,
ਚੁੱਪ, 'ਚੋਂ ਭਾਸ਼ਾ ਜੰਮੀਂ

ਭਾਸ਼ਾ ਹੀ ਕੁਲ ਹਾਸਿਲ ਸਾਡਾ
ਭਾਸ਼ਾ ਸਾਡਾ ਵਿਰਸਾ
ਰੱਬ, ਧਰਮ ਇਸ ਪੈਦਾ ਕੀਤੇ
ਹਰ ਫਲਸਫਾ ਦਿੱਤਾ। ("ਛਾਵਾਂ ਤੇ ਪਰਛਾਵੇਂ-2")

2. ਸਦਾ-ਯੁੱਧ ਦੀ ਅਵਸਥਾ ਵਿਚ ਰਹਿੰਦਾ ਹੈ
ਜਨਮ-ਸਮੇਂ ਤੋਂ ਆਦਮੀਂ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮਾਂ ਦੇ ਪੇਟ 'ਚੋਂ ਨਿਕਲਦਿਆਂ ਹੀ
ਚੀਕ ਨਿਕਲ ਜਾਂਦੀ ਹੈ ਪਹਿਲ-ਚੇਤਨਾ ਦੀ !
... ...
ਹੱਥ ਪੈਰ ਮਾਰਦਾ
ਕੁਝ ਅਚੰਭੇ, ਕੁਝ ਭੁੱਖ ਨਾਲ
ਤੇ ਫਿਰ ਮਾਂ ਦੇ ਦੁੱਧ ਨਾਲ
ਜੁੜ ਜਾਂਦੀ ਹੈ ਚੇਤਨਾ !
...
ਘਰ ਦੇ ਦੁਆਲੇ ਕੰਧਾਂ ਹਨ
ਕੰਧਾਂ ਤੋਂ ਪਾਰ ਪਿੰਡਾਂ, ਸ਼ਹਿਰਾਂ
ਦੇਸ਼ਾਂ ਦੀਆਂ ਸਰਹੱਦਾਂ।

ਮਾਂ ਦੇ ਦੁੱਧ ਨਾਲ ਜੁੜੀ ਚੇਤਨਾ ਵਿਚ
ਬਾਲ-ਸਮੇਂ ਤੋਂ ਹੀ ਤ੍ਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ।
("ਯੁੱਧ")

3. ਸ਼ਬਦਾਂ ਦੇ ਸਾਗਰ ਵਿਚ ਡੁੱਬੇ
ਚਿੰਤਨ ਸਿਮਰੀ ਜਾਈਏ
ਚਿੰਤਨ ਨਾਲ ਮਿਟੇ ਨਾ ਚਿੰਤਾ
ਦੱਸੋ ਕਿੱਧਰ ਜਾਈਏ ? ("ਚਿੰਤਾ ਤੇ ਚਿੰਤਨ")

ਸਾਡੀ ਕਵਿਤਾ ਵਿਚ ਜਵਾਨੀ ਦੇ ਨਾਲ ਨਾਲ, ਵਿਚ-ਉਮਰ ਜਾਂ ਅੱਧਖੜ ਉਮਰ ਅਤੇ ਪਿਛਲੀ ਉਮਰ ਦਾ ਵੀ ਯੋਗ ਸਥਾਨ ਹੋਣਾ ਚਾਹੀਦਾ ਹੈ। ਇਨ੍ਹਾਂ ਉਮਰਾਂ ਦੀ ਪਕੇਰੀ ਤੇ ਵਿਕਸਿਤ ਹੋ ਰਹੀ ਸੂਝ ਜੀਵਨ ਦੀਆਂ ਸਰਬਹਾਰੀਆਂ ਚੁਣੌਤੀਆਂ ਦਾ ਸਾਮ੍ਹਣਾ ਕਿਵੇਂ ਕਰਦੀ ਹੈ ਅਤੇ ਵਿਆਪਕ ਸਮੱਸਿਆਵਾਂ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦੀ ਜਾਂ ਸਮਝਦੀ ਹੈ—ਇਹ ਸਭ ਕੁਝ ਵੀ ਸਾਡੀ ਕਵਿਤਾ ਦਾ ਵਿਸ਼ੇਸ਼ ਅੰਗ ਹੈ। ਏਸ ਪ੍ਰਸੰਗ ਵਿਚ ਕੁਝ ਟੂਕਾਂ ਪੇਸ਼ ਹਨ:

1. ਕੀ ਹੋਇਆ ਜੇ
ਬਿਰਧ ਜਿਸਮ ਵਿਚ ਠੰਡੀ ਅੱਗ ਹੈ,
ਉੱਡਦੇ ਚੁੰਮਣਾਂ 'ਚੋਂ ਬਰਸਾ ਦੇ
ਤੂੰ ਆਪਣਾ ਨਿਸ਼ਕਾਮ ਪਿਆਰ।
("ਇਕ ਬਿਰਧ ਪਾਤਰ ਦੀ ਫੈਂਟਸੀ")


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

2. ਚਿਹਰੇ 'ਤੇ ਝੁਰੜੀਆਂ ਹਨ !
ਚੁੰਮੀਂ ਬੁੱਢੀ ਹੋ ਗਈ,
ਗਲਵਕੜੀ ਢਿਲਕ ਰਹੀ ਹੈ !
ਇਕ ਸਲੋ (ਧੀਮੇਂ) ਪੈਂਚਰ ਵਾਂਗ,
ਉਸਦੀ ਫੂਕ ਨਿਕਲ ਰਹੀ ਹੈ !
... ...
... ...
ਸੁਫਨੇ ਵੀ, ਜਵਾਨੀ 'ਚ ਹੀ,
ਚੰਗੇ ਲੱਗਦੇ ਹਨ।
ਬੁਢਾਪੇ ਵਿਚ—
ਇਹ ਭੁਕਾਨੇ ਵਾਂਗ ਫੁਲਦੇ
ਤੇ ਫੱਟ ਜਾਂਦੇ ਹਨ !!
("ਢਲਦੀ ਉਮਰ : ਸੱਤ ਪ੍ਰਭਾਵ-ਸਕੇਪ")

3. ਬੀ ਵਾਲਾ ਅਸਤਿਤਵ,
ਸਮਾਂ ਪਾ ਕੇ,
ਮੁਕ ਜਾਂਦਾ ਹੈ,
ਰੇਤੇ ਦਾ ਬੀਜ ਨਹੀਂ ਹੁੰਦਾ ("ਬੇ-ਬੀਜ ਰੇਤਾ")

4. ਪੂਰਬ, ਪੱਛਮ ਦੇ ਵਿਚ ਢਲਿਆ।
ਸੂਰਜ, ਪੱਛਮ ਦੇ ਅਸਮਾਨ।
ਵਿਸ਼ਵੀਕਰਨ ਨੇ ਬਦਲੀ ਦ੍ਰਿਸ਼ਟੀ—
ਬਦਲੀ ਵਿਚ ਜਹਾਨ !
("ਜੜ੍ਹ-ਹੀਣਤਾ ਵਲ ਵਧਦੇ ਕਦਮ")

5. ਇੱਕੋ ਇਕ ਮਹਾਂ-ਸ਼ਕਤੀ, ਸਾਮਰਾਜ, ਅਮਰੀਕਾ
ਹਰ ਦੇਸ਼ ਦੇ, ਹਰ ਵਿਹੜੇ ਦਾ
ਇੱਕੋ ਇਕ ਮੁਰਗ਼ਾ ਬਣਨਾ ਲੋਚਦਾ
ਬਾਕੀ ਮੁਰਗ਼ਿਆਂ ਨੂੰ ਖੱਸੀ ਕਰਨਾ ਸੋਚਦਾ।

ਚੀਨ ਨੂੰ ਸਸਤੀ ਕਿਰਤ ਤੇ ਬਿਓਪਾਰ ਦੇ ਕੁਝ ਪੱਠੇ ਪਾ ਦਿੱਤੇ
ਮਾਓ ਦਾ ਪੈਰੋਕਾਰ ਅੱਧੇ ਸਾਮਰਾਜੀ ਬਣਾ ਦਿੱਤੇ। ("ਯੁੱਧ")


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

6. ਈ-ਮੇਲ ਨੂੰ ਸਪੈਮ ਪੈ ਗਿਆ,
ਕੰਪਿਊਟਰ ਨੂੰ ਵਾਇਰਸ !
ਗੁਛ ਮੁਛ ਤਾਲ ਮੇਲ ਉਲਝਿਆ,
ਕਰੈਸ਼ ਹੋਇਆ—ਅਸਲੋਂ ਬੇਬੱਸ ! ("ਕੱਚ ਸੱਚ")

7. ਆਪਣੀ ਪਹਿਲੀ ਰਚਨਾ, ਦੂਜੀ
ਲਈ ਪ੍ਰਦੂਸ਼ਣ ਬਣ ਜਾਂਦੀ
ਆਪਣੇ ਅੰਦਰ ਜੰਗ ਛਿੜਦੀ
ਦੀਵਾਰ ਜਿਹੀ ਇਕ ਤਣ ਜਾਂਦੀ !
... ...
... ...
ਖ਼ੁਦ ਤੋਂ ਖ਼ੁਦ ਦੀ ਗਰਦ ਨੂੰ, ਕੱਲ੍ਹ ਨੂੰ
ਆਪੂੰ ਝਾੜਨ ਲੱਗ ਪਿਆ
ਸ਼ੀਸ਼ੇ ਦੇ ਵਿਚ ਝਲਕ ਦੀਆਂ
ਸੱਤਰੰਗੀਆਂ ਵੇਖਾਂ,
ਸੁਫਨੇ ਝੂਟਣ ਲੱਗ ਪਿਆ !!! ("ਤ੍ਰੈ-ਕਾਲੀ ਯੁੱਧ")

ਇਨ੍ਹਾਂ ਬੋਲਾਂ ਦੇ ਨਾਲ ਮੈਂ ਆਪਣਾ ਇਹ ਕਾਵਿ-ਸੰਗ੍ਰਹਿ ਪਾਠਕਾਂ, ਸਾਹਿਤ-ਪ੍ਰੇਮੀਆਂ ਅਤੇ ਪਾਰਖੂਆਂ ਦੇ ਹਵਾਲੇ ਕਰਦਾ ਹਾਂ।

ਆਮੀਨ !!!

116-3530 ਕੇਲਮ ਸਟਰੀਟ
ਟੈਰਸ, ਬ੍ਰਿਟਿਸ਼ ਕੋਲੰਬੀਆ,
ਕੈਨੇਡਾ, V8G 2P2

**-ਰਵਿੰਦਰ ਰਵੀ**
15, ਫਰਵਰੀ, 2007



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਸਰਹੱਦਾਂ ਤੋਂ ਪਾਰ

ਸਿਮਰਤੀਆਂ ਦਾ ਮੌਸਮ ਹੈ

ਨਜ਼ਮ ਫੇਰ ਅਫ਼ਰੀਕਾ ਬਣੀ
ਮੇਰੇ ਸੌਂਹੇਂ ਖੜ੍ਹੀ ਹੈ !

ਕਾਲੀ ਚਮੜੀ ਹੇਠ, ਤਿੱਖੇ
ਛਾਤੀਆਂ ਦੇ ਉਭਾਰ

ਕਾਲੀ ਚਮੜੀ ਹੇਠ :
ਮਮਤਾ
ਮਾਸ਼ੂਕ
ਤੇ ਅੰਤਾਂ ਦਾ ਪਿਆਰ !

ਦੁੱਧ ਤੇ ਅੱਗ ਦੇ
ਰਿਸ਼ਤੇ 'ਚ ਬੱਝੀ ਹੋਂਦ
ਹੱਦਾਂ ਤੇ ਰੰਗਾਂ ਨੂੰ ਚੁਣੌਤੀ
ਦਿੰਦੀ ਹੈ ਹਵਾ ਵਾਂਗ।

ਦੁੱਧ ਕਾਲਾ ਨਹੀਂ ਹੁੰਦਾ !!!
ਅੱਗ ਕਾਲੀ ਨਹੀਂ ਹੁੰਦੀ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਦੁੱਧ ਦੇ ਮੌਸਮ 'ਚ
ਦੁੱਧ ਦੀ ਗੱਲ

ਅੱਗ ਦੇ ਮੌਸਮ 'ਚ
ਅੱਗ ਦੀ ਗੱਲ
ਕਰਨ ਵਾਲੇ
ਮੁਹੱਬਤੀ ਇਨਸਾਨ ਦੀ
ਕੋਈ ਸਰਹੱਦ ਨਹੀਂ ਹੁੰਦੀ !

ਸਿਮਰਤੀਆਂ ਦਾ ਮੌਸਮ ਹੈ !

ਨਜ਼ਮ ਫੇਰ ਅਫ਼ਰੀਕਾ ਬਣੀ
ਮੇਰੇ ਸੌਂਹੇਂ ਖੜ੍ਹੀ ਹੈ !

## ਸਮੇਂ ਦੀ ਤ੍ਰਿਵੈਣੀ

ਜੋ ਆਲ੍ਹਣਾ ਬਣ ਕੇ ਆਏ ਸਨ,
ਉਹ ਤਿਨਕਾ, ਤਿਨਕਾ, ਬਿਖਰ ਗਏ।
ਤੂਫਾਨ ਵਿਚ ਫੰਡੇ,
          ਸੁੱਕੇ ਰੁੱਖ ਦੀਆਂ,
ਟੁੱਟੀਆਂ ਟਾਹਣਾਂ !
ਬਿਜਲੀ ਨੇ ਵੀ ਜਿਵੇਂ ਹੁਣੇ ਹੀ
ਲਿਸ਼ਕਣਾ, ਕੜਕਣਾ, ਬਰਸਣਾ ਸੀ—
ਅੱਗ ਦੀਆਂ ਲੰਬਾਂ ਵਿਚ
ਸੁਆਹ ਹੁੰਦੇ ਰੁੱਖ ਵਲਾਂ ਵੇਖਦਾਂ,
ਕਦੇ ਹਵਾ ਦੇ ਰੁਖ
ਬਚ ਨਿਕਲੇ ਤਿਨਕਿਆਂ ਨੂੰ,
ਆਪਣੇ ਅੰਦਰ
ਭਿੱਜੇ, ਠਰੇ, ਖੰਭ, ਖੰਭ ਖਿੰਡੇ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਕੁੰਗੜੇ ਪੰਛੀ ਦਾ ਕੀ ਕਰਾਂ ?
ਅੱਜ ਤਾਂ ਅਸਮਾਨ ਵੀ ਜਿਵੇਂ
ਤੂਫਾਨ ਬਣ ਕੇ ਢਹਿ ਪਿਆ ਹੈ !
ਦ੍ਰਿਸ਼ ਅਤੇ ਦ੍ਰਿਸ਼ਟੀ ਵਿਚ
ਪਲਕ ਝਪਕਣ ਜਿਤਨਾ ਫਾਸਲਾ ਹੈ !
ਹੋਂਦ ਦਾ ਇਹ ਕਿਹਾ ਪੜਾ ਹੈ ?
ਬੀਤਿਆ, ਬੀਤ ਰਿਹਾ ਤੇ ਬੀਤਣ ਵਾਲਾ, ਜਿਵੇਂ
ਇਕ ਛਿਣ ਵਿਚ ਸਿਮਟ ਗਿਆ ਹੈ !

ਅੱਖ ਵਿਚ ਹੀ ਨਹੀਂ,
ਸੋਚ ਵਿਚ ਵੀ,
ਇਸ ਤ੍ਰਿਵੈਣੀ 'ਤੇ, ਸਮਾਂ ਖੜ੍ਹ ਗਿਆ ਹੈ !

## ਕਾਵਿਕਤਾ

ਪੂਰਨ ਮੇਲ ਤੋਂ ਬਾਅਦ
ਕਿਸੇ ਯੁਵਤੀ ਦੇ ਨੈਣਾਂ ਵਿਚ
ਛਲਕਦੇ ਲਾਲ ਸੁਰਖ ਡੋਰੇ
ਸਮੁੱਚੇ ਜਿਸਮ ਅੰਦਰ ਵੱਸੀ ਹੋਈ
ਹਲਕੇ ਜਿਹੇ ਮੁੜ੍ਹਕੇ ਦੀ ਗੰਧ !

ਸੁਬਹ ਸਵੇਰੇ
ਸੁੰਦਰ ਫੁੱਲ-ਪੱਤੀਆਂ 'ਤੇ
ਹਲਕੇ ਤ੍ਰੇਲ ਦੇ ਤੁਪਕੇ।

ਲੰਮੀਂ ਉਡੀਕ ਤੇ ਭੁੱਖ-ਮਰੀ ਪਿੱਛੋਂ
ਕਿਸੇ ਭੁੱਖੇ ਨੂੰ ਮਿਲਿਆ ਅੰਨ ਦਾ ਟੁਕੜਾ,
ਕਾਵਿਕਤਾ ਹੀ ਹੈ !!!


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕਾਵਿਕਤਾ ਸ਼ਬਦਾਂ ਵਿਚ ਹੀ ਨਹੀਂ,
ਸ਼ਬਦਾਂ ਤੋਂ ਬਾਹਰ ਵੀ ਹੁੰਦੀ ਹੈ !

ਵਾਦ-ਮੁਕਤ, ਨਿਰਵਿਵਾਦ ਸਥਿਤੀਆਂ ਦੀ
ਸ਼ੁੱਧਤਾ ਵੀ, ਕਾਵਿਕਤਾ ਹੀ ਹੈ
ਤੇ ਕਿਸੇ ਸੂਰਮੇਂ ਦੀ ਵਚਨਬੱਧਤਾ ਵੀ,
ਜੁ ਆਪਣੇ ਇਸ਼ਟ 'ਤੇ ਕੁਰਬਾਨ ਹੋ ਜਾਏ !

ਸਾਧਾਰਨ ਵਿਚ ਕੁਝ ਅਸਾਧਾਰਨ ਹੋ ਜਾਏ,
ਸੁਤੇ-ਸਿੱਧ ਮੂੰਹ 'ਚੋਂ : "ਵਾਹ, ਵਾਹ !!!" ਨਿਕਲ ਜਾਏ !!!
ਇਹ ਵੀ ਕਾਵਿਕਤਾ ਹੀ ਹੈ—
ਅਰਥ ਦੀ, ਸੁਪਰ-ਅਰਥਤਾ
ਭਾਵ ਦੀ ਭਾਵਾਤਮਕ ਉਡਾਣ
ਅੰਬਰਾਂ ਦੇ ਪੰਖ
ਤਾਰਿਆਂ ਦਾ ਚੋਗ
ਭੋਂ ਦਾ ਵਿਯੋਗ—
ਇਕ ਛਿਣ ਵਿਚ,
ਦੋ ਵਿਰੋਧੀ ਤੱਤਾਂ ਦਾ ਸੰਜੋਗ
ਕਾਵਿਕਤਾ ਹੀ ਹੈ ...
ਕਾਵਿਕਤਾ, ਸ਼ਬਦਾਂ ਵਿਚ ਹੀ ਨਹੀਂ
ਸ਼ਬਦਾਂ ਤੋਂ ਬਾਹਰ ਵੀ ਹੁੰਦੀ ਹੈ
ਸ਼ਬਦਾਂ ਤੋਂ ਪਾਰ ਵੀ !!!

## ਬੇ-ਬੀਜ ਰੇਤਾ

ਰੇਤਾ—
ਖਿੰਡ ਸਕਦਾ ਹੈ
ਭਿੱਜ, ਸੁੱਕ ਸਕਦਾ ਹੈ
ਸੀਮਿੰਟ ਵਿਚ ਬੱਝਕੇ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਉੱਚੀਆਂ, ਨੀਵੀਆਂ
ਇਮਾਰਤਾਂ ਬਣ ਸਕਦਾ ਹੈ !

ਰੇਤਾ—
ਦਰਿਆ ਵਿਚ ਹੈ
ਖੂਹ ਵਿਚ ਹੈ
ਨਲਕੇ ਹੇਠਲੇ
ਪਾਣੀ ਵਿਚ ਹੈ
ਸਾਗਰ ਵਿਚ ਹੈ !

ਰੇਤਾ—
ਤੂਫਾਨ ਵਿਚ
ਹਵਾ ਵਿਚ
ਅੱਖ ਵਿਚ ਹੈ !

ਰੇਤਾ—
ਕੰਪਿਊਟਰ ਚਿਪਸ ਵਿਚ ਹੈ
ਰੇਤੇ ਦੀ ਆਪਣੀ ਹੀ ਵਾਦੀ ਹੈ :
"ਸਿਲੀਕੋਨ ਵੈਲੀ !"

ਰੇਤਾ—
ਤੇਲ-ਭੰਡਾਰ ਉੱਪਰ
ਤੇਲ-ਖੂਹ ਵਿਚ ਹੈ
ਕੱਚ ਵਿਚ ਹੈ
ਸੱਚ ਵਿਚ ਹੈ
ਪਿੰਡ ਵਿਚ ਹੈ
ਬ੍ਰਹਮੰਡ ਵਿਚ ਹੈ
ਸੱਸੀ, ਪੁੰਨੂੰ ਵੀ
ਰੇਤੇ ਨੂੰ ਹੀ
ਸਦੀਵੀ ਜ਼ਿੰਦਗੀ ਦੇ ਗਏ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਰੇਤਾ—
ਏਥੇ ਸੀ
ਏਥੇ ਹੈ
ਏਥੇ ਹੀ ਰਹੇਗਾ
ਬਸ ...
ਮੈਂ ਨਹੀਂ ਰਹਾਂਗਾ।
ਬੀਜ ਵਾਲਾ ਅਸਤਿਤਵ,
ਸਮਾਂ ਪਾ ਕੇ,
ਮੁਕ ਜਾਂਦਾ ਹੈ,
ਰੇਤੇ ਦਾ ਬੀਜ ਨਹੀਂ ਹੁੰਦਾ।

## ਛਾਵਾਂ ਤੇ ਪਰਛਾਵੇਂ–1

ਰੁੱਖ ਦੇ ਨਾਲ ਹੀ
ਕੱਟੀ ਜਾਂਦੀ ਹੈ ਉਸ ਦੀ ਛਾਂ

ਬੁੱਤ ਦੇ ਨਾਲ ਹੀ ਦਫ਼ਨ ਹੋ ਜਾਂਦਾ ਹੈ
ਉਸ ਦਾ ਪਰਛਾਵਾਂ

ਛਾਵਾਂ ਤੇ ਪਰਛਾਵਿਆਂ ਵਿਚ
ਜੀ ਰਹੇ ਹੋ ਤੁਸੀਂ
ਨਾ ਬੁੱਤ ਬਣੇ,
ਨਾ ਰੁੱਖ, ਨਾ ਸੂਰਜ

ਤੁਹਾਡੀ ਨਜ਼ਰ ਨੂੰ
ਅਸਲ ਨਾ ਭਾਇਆ ਕਦੀ
ਭਰਮ ਹੀ ਲੁਭਾਉਂਦਾ ਰਿਹਾ ਸਦਾ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਨਾ ਤੁਸੀਂ ਆਪਣੀ ਅੱਗ ਵਿਚ
ਸੜਨਾ ਚਾਹੁੰਦੇ ਹੋ
ਸੂਰਜ ਵਾਂਗ
ਨਾ ਹੀ ਸਿਰ 'ਤੇ ਚੁੱਕਣਾ ਚਾਹੁੰਦੇ ਹੋ
ਬਲਦਾ ਹੋਇਆ ਸੂਰਜ
ਰੁੱਖ ਵਾਂਗ

ਛਾਵਾਂ ਤੇ ਪਰਛਾਵਿਆਂ
ਦੀ ਖੇਡ ਵਿਚ
ਭੁੱਲ ਗਏ ਹੋ ਤੁਸੀਂ
ਆਪਣਾ ਸੱਚ
ਸਭ ਦਾ ਸੱਚ

## ਛਾਵਾਂ ਤੇ ਪਰਛਾਵੇਂ-2

ਛਾਵਾਂ ਤੇ ਪਰਛਾਵੇਂ ਤੁਰ ਕੇ
ਦਰ ਮੇਰੇ 'ਤੇ ਆਏ
ਰੁੱਖ ਤੇ ਬੁੱਤ ਤੋਂ ਟੁੱਟਣ ਨਾ ਇਹ
ਰੁੱਖ, ਬੁੱਤ ਵਿਚ ਸਮਾਏ

ਸੂਰਜ ਦੀ ਗੱਲ ਦੱਸਦੇ, ਦੱਸਦੇ
ਆਪਣੀ ਵਿਸਰ ਗਏ
ਕਹਿੰਦੇ ਸੀ ਜੁ ਨਾਲ ਜੀਆਂਗੇ
ਦੱਸੋ : ਕਿੱਧਰ ਗਏ ?

ਕਿਰਨਾਂ ਟੁੱਟੀਆਂ, ਟੁੱਟ ਕੇ ਓਹਨਾਂ
ਅੰਬਰੀਂ ਪੀਂਘ ਚੜ੍ਹਾਈ
ਰੰਗਾਂ ਦੀ ਰਚਨਾ ਨਜ਼ਰਾਂ ਵਿਚ
ਚਾਨਣ ਦੀ ਵਰੋਸਾਈ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਅੰਬਰ ਉੱਤੇ ਬੱਦਲ ਘੁੰਮਦੇ
ਚਿਤਰ, ਚਿਤਰਦੇ ਜਾਂਦੇ
ਚਿਤਰਕਾਰ 'ਚੋਂ ਬਣਦੇ, ਖੁੱਲ੍ਹਦੇ
ਸਹਿਜ-ਸੁਹਜ ਬਣ ਗਾਂਦੇ

ਕੋਸੀਆਂ ਧੁੱਪਾਂ, ਠੰਡੀਆਂ ਛਾਵਾਂ
ਚੁੱਪ ਦੀ ਵਿਥਿਆ ਲੰਮੀਂ
ਚੁੱਪ ਨੇ ਚਿੰਤਨ ਫੋਲਿਆ, ਜਦ, ਜਦ,
ਚੁੱਪ 'ਚੋਂ ਭਾਸ਼ਾ ਜੰਮੀਂ

ਭਾਸ਼ਾ ਹੀ ਕੁਲ ਹਾਸਿਲ ਸਾਡਾ
ਭਾਸ਼ਾ ਸਾਡਾ ਵਿਰਸਾ
ਰੱਬ, ਧਰਮ ਇਸ ਪੈਦਾ ਕੀਤੇ
ਹਰ ਫਲਸਫਾ ਦਿੱਤਾ

## ਸ਼ਬਦਾਂ ਦੀ ਛਾਵੇਂ

ਰੁੱਖਾਂ ਨਾਲੋਂ ਟੁੱਟ, ਟੁੱਟ ਭੁਰਦੇ
ਪੱਤਰ ਟਾਵੇਂ ਟਾਵੇਂ
ਸੂਰਜ ਨਾਲ ਯਰਾਨੇ ਦੱਸਣ
ਛਾਵਾਂ ਤੇ ਪਰਛਾਵੇਂ
ਪੱਤਰਾਂ ਹੇਠੋਂ ਪੱਤਰ ਨਿਕਲਣ
ਧੁੱਪਾਂ 'ਚੋਂ ਪਰਛਾਵੇਂ
ਰੁੱਖ ਦੇ ਸਿਰ 'ਤੇ ਸੂਰਜ ਬੈਠਾ
ਰੁੱਖ ਪਰ ਆਪਣੀ ਛਾਵੇਂ

ਸੂਰਜ ਵਾਲੇ ਸੂਰਜ ਲੈ ਗਏ
ਛਾਵਾਂ ਵਾਲੇ ਛਾਵਾਂ
ਬੁੱਤਾਂ ਵਿੱਚੋਂ, ਸੌਂ ਸੌਂ ਜਾਗਣ
ਬੁੱਤਾਂ ਦੇ ਪਰਛਾਵੇਂ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਆਪੇ ਸੂਰਜ, ਛਾਂ ਵੀ ਆਪੇ
ਆਪੇ ਬੁੱਤ, ਪਰਛਾਵੇਂ
ਚਿੰਤਨ ਅਰਥ ਬਣੀ ਬੈਠਾ ਹੈ
ਅੱਜ ਸ਼ਬਦਾਂ ਦੀ ਛਾਵੇਂ !

## ਯੁੱਧ

ਸਦਾ-ਯੁੱਧ ਦੀ ਅਵਸਥਾ ਵਿਚ ਰਹਿੰਦਾ ਹੈ
ਜਨਮ-ਸਮੇਂ ਤੋਂ ਆਦਮੀ !
ਮਾਂ ਦੇ ਪੇਟ 'ਚੋਂ ਨਿਕਲਦਿਆਂ ਹੀ,
ਅਜਨਬੀ ਮਾਹੌਲ ਨੂੰ ਵੇਖਦਿਆਂ
ਚੀਕ ਨਿਕਲ ਜਾਂਦੀ ਹੈ, ਪਹਿਲ-ਚੇਤਨਾ ਦੀ !

ਹੱਥ ਪੈਰ ਮਾਰਦਾ
ਕੁਝ ਅਚੰਭੇ, ਕੁਝ ਭੁੱਖ ਨਾਲ
ਤੇ ਫਿਰ ਮਾਂ ਦੇ ਦੁੱਧ ਨਾਲ
ਜੁੜ ਜਾਂਦੀ ਹੈ ਚੇਤਨਾ।

ਸਭ ਕੁਝ, ਹਰ ਤਰਫ਼ ਬਿਖਰ ਕੇ ਵੀ
ਛਿਣ ਦੀ ਛਿਣ,
ਮੁੜ ਆਪਣੀ ਥਾਂ ਪਰਤ ਆਉਂਦਾ ਹੈ,
ਇਕ ਘਰ ਵਿਚ, ਇਕ ਜਨਮ ਦਾ ਉਦੈ ਹੁੰਦਾ ਹੈ !

ਘਰ ਦੇ ਦੁਆਲੇ ਕੰਧਾਂ ਹਨ
ਕੰਧਾਂ ਤੋਂ ਪਾਰ ਪਿੰਡਾਂ, ਸ਼ਹਿਰਾਂ
ਦੇਸ਼ਾਂ ਦੀਆਂ ਸਰਹੱਦਾਂ।
ਮਾਂ ਦੇ ਦੁੱਧ ਨਾਲ ਜੁੜੀ ਚੇਤਨਾ ਵਿਚ
ਬਾਲ-ਸਮੇਂ ਤੋਂ ਹੀ ਤ੍ਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਵੱਡੀ ਮਛਲੀ ਨਿੱਕੀ ਨੂੰ ਨਿਗਲ ਰਹੀ ਹੈ
ਧਰਮਾਂ ਦੀ ਆੜ ਵਿਚ ਸਿਆਸਤ
ਕੀ ਦਾ ਕੀ ਕਰ ਰਹੀ ਹੈ ?

ਇੱਕੋ ਇਕ ਮਹਾਂ-ਸ਼ਕਤੀ, ਸਾਮਰਾਜ, ਅਮਰੀਕਾ
ਹਰ ਦੇਸ਼ ਦੇ ਹਰ ਵਿਹੜੇ ਦਾ
ਇੱਕੋ ਇਕ ਮੁਰਗ਼ਾ ਬਣਨਾ ਲੋਚਦਾ
ਬਾਕੀ ਮੁਰਗ਼ਿਆਂ ਨੂੰ ਖੱਸੀ ਕਰਨਾ ਸੋਚਦਾ।

ਚੀਨ ਨੂੰ ਸਸਤੀ ਕਿਰਤ ਤੇ ਬਿਓਪਾਰ ਦੇ ਕੁਝ ਪੱਠੇ ਪਾ ਦਿੱਤੇ
ਮਾਓ ਦੇ ਪੈਰੋਕਾਰ ਅੱਧੇ ਸਾਮਰਾਜੀ ਬਣਾ ਦਿੱਤੇ।

ਬਾਕੀ ਦੇਸ਼ਾਂ ਦੇ ਸਾਗਰਾਂ, ਦਰਿਆਵਾਂ,
ਭੂ-ਨਿਮਨ ਤੇਲ-ਖੂਹਾਂ, ਤਰਨ-ਤਲਾਵਾਂ
ਤੇ ਵਾਤਾਵਰਨ ਵਿਚ
ਕੁੰਡੀਆਂ ਪਾਈ ਬੈਠਾ ਹੈ ਇਹ
ਤੇ ਇਸਦਾ ਮੂਲਵਾਦੀ ਈਸਾਈ ਨੇਤਾ ਬੁਸ਼ !

ਬਰਲਨ ਦੀ ਕੰਧ ਢਾਹ ਕੇ
ਸੋਵੀਅਤ ਯੂਨੀਅਨ ਸੁਕੇੜ ਦਿੱਤਾ !
ਨਿੱਕੇ ਨਿੱਕੇ ਰਾਸ਼ਟਰਾਂ ਦੇ ਰਾਸ਼ਟਰਵਾਦ ਵਿਚ,
ਹਰ ਨਿੱਕਾ, ਵੱਡਾ ਦੇਸ਼ ਰੇੜ੍ਹ ਦਿੱਤਾ।

ਅਮਰੀਕਾ ਦੀ ਬਾਂਦਰ-ਵੰਡ ਨੇ ਹੀ ਕਦੇ ਸੀ
ਫਲਸਤੀਨੀਆਂ ਤੇ ਯਹੂਦੀਆਂ ਵਿਚ ਪਾੜ ਪਾ ਦਿੱਤਾ
ਇਸਲਾਮ ਨੂੰ
ਬੰਬ ਬਣ ਫੱਟਦੇ, ਮਨੁੱਖਾਂ ਦਾ
ਰਾਹ ਦਿਖਲਾ ਦਿੱਤਾ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕਿਹੜਾ ਧਰਮ ਮਾਸੂਮ ਬੇਗੁਨਾਹਾਂ 'ਤੇ
ਬਾਰੂਦ ਬਣ ਬਰਸਨ ਦੀ ਆਗਿਆ ਦਿੰਦਾ ਹੈ ?

ਦਹਿਸ਼ਤਵਾਦ, ਵੱਖਵਾਦ,
ਚੁਫੇਰ ਹਾਹਾਕਾਰ ਹੈ।
ਇਹ ਕੌਣ ਜੁ ਹਰ ਸਮੇਂ
ਪਾੜਨ ਤੇ ਫਟਣ ਲਈ ਤਿਆਰ ਹੈ ?

ਇਹ ਕੈਸੇ ਯੁੱਧ ਦੀ ਅਵਸਥਾ ਹੈ ?
ਇਨਸਾਨ ਆਪਣੇ ਖ਼ਿਲਾਫ਼,
ਸਭ ਦੇ ਖ਼ਿਲਾਫ਼,
ਐਲਾਨ-ਏ-ਜੰਗ ਕਰੀ ਬੈਠਾ ਹੈ।

ਦਿਮਾਗ਼ ਧੋਤਾ ਗਿਆ ਹੈ ਇਸਦਾ,
ਮਾਰ, ਧਾੜ ਦੀ ਜਿਊਂਦੀ ਮਸ਼ੀਨ
ਬਣ ਕੇ ਰਹਿ ਗਿਆ ਹੈ ਦਹਿਸ਼ਤਗਰਦ ਆਦਮੀ !

ਬਿਓਪਾਰ ਨੂੰ ਬਿਓਪਾਰ ਖਾ ਰਿਹਾ ਹੈ
ਸਿਸਟਮ ਨੂੰ ਸਿਸਟਮ
ਵਿਅਕਤੀ ਨੂੰ ਵਿਅਕਤੀ
ਸਰਬ-ਨਾਸ਼ ਵਿਚ ਹੀ
ਸੁਰੱਖਿਅਤਾ ਨਜ਼ਰ ਆਉਂਦੀ ਹੈ ਇਸਨੂੰ।

ਸਦਾ-ਯੁੱਧ ਦੀ ਅਸਵਥਾ ਵਿਚ ਰਹਿੰਦਾ ਹੈ
ਜਨਮ-ਸਮੇਂ ਤੋਂ ਆਦਮੀ !
ਘਰ ਦੇ ਦੁਆਲੇ ਕੰਧਾਂ ਹਨ
ਕੰਧਾਂ ਤੋਂ ਪਾਰ ਪਿੰਡਾਂ, ਸ਼ਹਿਰਾਂ,
ਦੇਸ਼ਾਂ ਦੀਆਂ ਸਰਹੱਦਾਂ।
ਮਾਂ ਦੇ ਦੁੱਧ ਨਾਲ ਜੁੜੀ ਚੇਤਨਾ ਵਿਚ
ਬਾਲ-ਸਮੇਂ ਤੋਂ ਹੀ ਤ੍ਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਕੱਚ ਸੱਚ

ਕੱਚ-ਕੰਕਰਾਂ, ਸੱਚ ਬਣ ਪੁੜੀਆਂ,
ਮਨ 'ਚੋਂ ਰਿਸਦਾ ਖ਼ੂਨ।
ਸੋਚਾਂ ਜ਼ਖ਼ਮੀਂ ਹੋ ਕੇ ਉੱਡੀਆਂ,
ਪੌਣਾਂ ਵਿਚ ਜਨੂੰਨ !

ਸ਼ਬਦਾਂ ਵਿਚ ਤ੍ਰੇੜਾਂ ਪਈਆਂ
ਅਰਥ ਪਾਟ ਗਏ ਸਾਰੇ।
ਅਨੁਭਵ ਅਤੇ ਚੇਤਨਾ ਉਲਝੇ,
ਗਿਆਨ ਹੋਏ ਅੰਧਿਆਰੇ !

ਚਾਹਿਆ ਸੀ ਰੁੱਤਾਂ ਵਿਚ ਖੁੱਲ੍ਹਾਂ,
ਫੈਲਾਂ ਵਿਚ ਦਰਿਆਵਾਂ !
ਰੁੱਖ ਬਣ ਭੋਗਾਂ ਸੂਰਜ ਤਾਂਈਂ
ਮਹਿਕ ਬਣਾਂ ਵਿਚ 'ਵਾਵਾਂ !

ਈ-ਮੇਲ ਨੂੰ ਸਪੈਮ ਪੈ ਗਿਆ,
ਕੰਪਿਊਟਰ ਨੂੰ ਵਾਇਰਸ !
ਗੁਛ ਮੁਛ ਤਾਲ ਮੇਲ ਉਲਝਿਆ,
ਕਰੈਸ਼ ਹੋਇਆ—ਅਸਲੋਂ ਬੇਬੱਸ !

ਸੱਚ ਤੋਂ ਪਾਰ ਕੱਚ ਦਾ ਵਾਸਾ
ਕੱਚੋਂ ਅੱਗੇ ਸੱਚ ਦਾ ਵਾਸ !
ਨੂਰ, 'ਨ੍ਹੇਰ ਦੀ ਲੁਕਣ-ਮੀਟੀ,
ਖੇਡਣ ਯੁੱਗ, ਦਿਨ ਰਾਤ !

ਦ੍ਵਿਸ, ਰਾਤ ਦੀ ਖੇਡ 'ਚੋਂ ਜਨਮੇਂ
ਦਰਸ਼ਨ ਤੇ ਇਤਿਹਾਸ !
ਉਹੀਓ ਵਸਤ ਜਗੇ ਅਰਥਾਂ ਵਿਚ,
ਜਿਸ ਚਿੰਤਨ ਦਾ ਵਾਸ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਚਿੰਤਨ ਦੀ ਭੱਠੀ ਵਿਚ ਤਪਦੀ
ਹੋਂਦ ਮੇਰੀ, ਮੇਰਾ ਤਨ ਮਨ !
ਸਾਲਾਂ ਦੇ ਨਾਲ ਬੀਤ ਗਿਆ ਹੈ,
ਦੇਹੀ ਦਾ ਹਰ ਮੌਸਮ !

ਕਤਰਾ ਭਾਫ਼ ਬਣੇ, ਤੇ ਫਟਦਾ—
ਜੁੜੇ ਨਾ ਟੁੱਟਿਆ ਤਾਰਾ !
ਕੱਚ ਸੱਚ ਦਾ ਚਾਨਣ ਵੀ ਤੱਕਿਆ
ਕੱਚ ਸੱਚ ਦਾ ਅੰਧਿਆਰਾ।

ਕੱਚ-ਕੰਕਰਾਂ ਸੱਚ ਬਣ ਪੁੜੀਆਂ,
ਮਨ 'ਚੋਂ ਰਿਸਦਾ ਖ਼ੂਨ !
ਸੋਚਾਂ ਜ਼ਖ਼ਮੀਂ ਹੋ ਕੇ ਉੱਡੀਆਂ,
ਪੌਣਾਂ ਵਿਚ ਜਨੂੰਨ !

## ਖਿਡੌਣੇ ਬਿਖਰ ਗਏ

ਦਿਮਾਗ਼ ਵਿਚ ਜਮ੍ਹਾਂ ਹੋਏ, ਪਤਾ ਨਹੀਂ ਕਿਉਂ
ਇਕ ਇਕ ਕਰਕੇ,
ਮੇਰੇ ਖਿਡੌਣੇ ਬਿਖਰ ਗਏ ?
ਸਿਮਰਨ 'ਚ ਵੱਸਦੇ ਬਚਪਨ ਦੇ ਦਿਨ
ਸਮੇਂ ਦੀ ਛਾਨਣੀ 'ਚੋਂ, ਕਿੰਜ ਕਿਰ ਗਏ !!!

ਸਮਾਂ ਸੀ, ਜਦੋਂ ਦੂਰ ਦੀ ਹਰ ਚੀਜ਼
ਬਹੁਤ ਨਜ਼ਦੀਕ ਨਜ਼ਰ ਆਉਂਦੀ ਸੀ
ਹੁਣ ਨੇੜੇ ਦੀਆਂ ਚੀਜ਼ਾਂ ਵੀ ਬਹੁਤ
ਦੂਰ ਜਾ ਵੱਸੀਆਂ ਹਨ
ਕੁਝ ਨਜ਼ਰ ਨਹੀਂ ਆਉਂਦਾ
ਧੁੰਦ ਜਿਹੀ ਵਿਚ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਹੱਥ ਲੱਗਦਿਆਂ ਹੀ, ਚਾਹ ਦੀ ਪਿਆਲੀ ਡੁੱਲ੍ਹ ਜਾਂਦੀ ਹੈ
ਵਰ੍ਹਿਆਂ ਤੋਂ ਅੰਦਰ ਬੱਝੀ ਗੱਠੜੀ, ਆਪੇ ਖੁੱਲ੍ਹ ਜਾਂਦੀ ਹੈ

ਹੱਥਾਂ ਨਾਲ ਟਟੋਲਕੇ ਆਪਣੇ ਟੁਕੜੇ ਪਛਾਣਦਾ ਹਾਂ
ਅਜਨਬੀ ਬਣੇ ਸਭ ਅੱਖਾਂ ਨੂੰ ਘੂਰਦੇ ਹਨ

ਟੁਕੜਿਆਂ ਨੂੰ ਆਜ਼ਾਦ ਕਰ ਦਿੰਦਾ ਹਾਂ ਮੈਂ
ਆਪਣਾ, ਆਪਣਾ ਅਸਤਿਤਵ ਭੋਗਣ ਲਈ

ਬੀਤ ਚੁੱਕੇ ਪਲਾਂ ਨੂੰ ਆਪਣੇ ਨਾਲ ਜੋੜਨ ਦੀ
ਕੋਸ਼ਿਸ਼ ਬੜੀ ਕੀਤੀ
ਪਰ ਮੇਰੇ ਨਾਲ ਜੁੜਨ ਤੋਂ ਪਹਿਲਾਂ ਹੀ
ਵੇਖਦਿਆਂ, ਵੇਖਦਿਆਂ ਉਹ
ਉਂਗਲਾਂ ਦੀਆਂ ਵਿਰਲਾਂ 'ਚੋਂ ਕਿਰ ਗਏ

ਇਕ ਹੀ ਦਾਇਰੇ ਦੀ
ਗੋਲਾਕਾਰ ਚਾਰ ਦੀਵਾਰੀ 'ਚੋਂ
ਹੁਣ ਉਨ੍ਹਾਂ ਨੂੰ ਕੋਈ ਸਕੂਨ ਨਹੀਂ ਮਿਲਦਾ

ਗਰਦ ਦੇ ਵਾਵਰੋਲੇ ਵਾਂਗ
ਚਾਰ ਦਿਸ਼ਾਵਾਂ ਵਲ ਨਿਕਲ ਜਾਂਦੇ ਹਨ
ਆਪੋ ਆਪਣੇ ਸਕੂਨ ਦੀ ਤਲਾਸ਼ ਵਿਚ

ਸ਼ੂਨਯ ਵਿਚ ਲਟਕ ਜਾਂਦਾ ਹੈ
ਦਾਇਰਾ, ਸਮਾਂ
ਤੇ ਉਸ ਵਿਚ ਭਟਕਦਾ
ਕੇਂਦਰ-ਬਿੰਦੂ : ਮੈਂ

ਦਾਇਰੇ ਦਾ ਚੱਕਰ ਟੁੱਟ ਚੁੱਕਾ ਹੈ
ਤੇ ਬਿੰਦੂ ਕੇਂਦਰ ਨਹੀਂ ਰਿਹਾ—
ਗਰਦ ਵਿਚ ਵਿਕੇਂਦ੍ਰਿਤ ਹੋ ਚੁੱਕਾ ਹੈ

ਮੇਰੇ ਸਮੇਂ ਦੇ ਸਭ ਪਲ ਕਿੱਧਰ ਗਏ ???


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਭੂਤ, ਭਵਿੱਖ ਤੇ ਵਰਤਮਾਨ ਵਿਚ
ਅੱਖਰ, ਅੱਖਰ ਕਰ ਕੇ
ਇਸ ਪੁਸਤਕ ਦੇ ਸਭ
ਪੰਨੇਂ ਛਣ ਗਏ !

ਇਕ, ਇਕ ਕਰਕੇ
ਮੇਰੇ ਖਿਡੌਣੇ
ਬਿਖਰ ਗਏ !!!

## ਇਕ ਬਿਰਧ ਪਾਤਰ ਦੀ ਫੈਂਟਸੀ

ਬੇਪਰਦਾ ਹੁਸਨਾਂ ਦਾ ਨਜ਼ਾਰਾ !
ਸਮਿਆਂ ਦੀ ਬਦਲੀ ਦਾ ਇਸ਼ਾਰਾ !

ਨਾ ਕੋਈ ਘੁੰਡ ਤੇ ਨਾ ਕੋਈ ਘੱਗਰਾ
ਸੁੱਥਣ, ਜੰਪਰ ਲਾਹ ਕੇ ਸੁੱਟੇ

ਤਰਨ-ਸੂਟ ਵਿਚ ਅੱਗ ਦੀਆਂ ਲੰਬਾਂ
ਸੀ-ਥਰੂ ਅੰਗੀ, ਨਗਨ ਉਭਾਰ
ਬੁੱਲੇ ਵੱਢ ਤੇ ਦਰਸ਼ਨ ਸਾਰੇ
ਲੁੱਟ ਲੈ ਯਾਰ

ਸਾਗਰ ਬਣ ਛੱਲਾਂ ਦੀ ਵਲਗਣ
ਗਲਵਕੜੀ ਹੁਸਨਾਂ ਨੂੰ ਮਾਰ

ਕੀ ਹੋਇਆ ਜੇ
ਬਿਰਧ ਜਿਸਮ ਵਿਚ ਠੰਡੀ ਅੱਗ ਹੈ,
ਉੱਡਦੇ ਚੁੰਮਣਾਂ 'ਚੋਂ ਬਰਸਾ ਦੇ
ਤੂੰ ਆਪਣਾ ਨਿਸ਼ਕਾਮ ਪਿਆਰ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸੁੰਦਰਤਾ ਤਾਂ ਸਭ ਦੀ ਸਾਂਝੀ
ਪ੍ਰਸੰਸਾ ਦੀ ਜ਼ਿੰਦਗੀ ਵਰਗੀ
ਮਘਦੀ ਹੋਈ ਫੈਂਟਸੀ ਉਸਾਰ

ਸੁਪਨ-ਲੋਕ ਵਿਚ ਸੱਚ, ਕਲਪਨਾ
ਮਹਿਕ ਹਵਾ ਦਾ ਮੇਲ ਹੈ ਏਥੇ
ਸਾਹ ਸੁਗੰਧਤ ...
ਢੱਠ ਚੁੱਕੀ ਹਰ ਇਕ ਦੀਵਾਰ !

ਬੁੱਢੀ ਅੱਖ, ਜਵਾਨ ਰੌਸ਼ਨੀ
ਸਮਿਆਂ ਨੂੰ ਕੇਹੀ ਵੰਗਾਰ !!!

## ਤ੍ਰੈਕਾਲੀ ਯੁੱਧ

ਖੁਦ ਨੂੰ ਖੁਦ ਦੀ ਗਰਦ ਨੂੰ
ਕੱਲ੍ਹ ਨੂੰ
ਆਪੂੰ ਝਾੜਨ ਲੱਗ ਪਿਆ
ਸ਼ੀਸ਼ੇ ਦੇ ਵਿਚ ਝਲਕ ਦੀਆਂ
ਸੱਤ-ਰੰਗੀਆਂ ਵੇਖਾਂ
ਸੁਫ਼ਨੇ ਝੂਟਣ ਲੱਗ ਪਿਆ
ਇਹ ਤ੍ਰੈ-ਕਾਲੀ ਯੁੱਧ ਮੇਰੇ ਸੰਗ
ਮੁੱਢ ਤੋਂ ਹੀ ਏਕਣ ਰਹਿਆ
ਨਵੀਆਂ ਪੌਣਾਂ ਵਿਚ ਵੀ, ਬਾਸੀ,
ਹਰ ਪਲ, ਕੁਝ ਰਲਿਆ ਤਕਿਆ !

ਆਪਣੀ ਪਹਿਲੀ ਰਚਨਾ, ਦੂਜੀ
ਲਈ ਪ੍ਰਦੂਸ਼ਣ ਬਣ ਜਾਂਦੀ
ਆਪਣੇ ਅੰਦਰ ਜੰਗ ਛਿੜਦੀ
ਦੀਵਾਰ ਜਿਹੀ ਇਕ ਤਣ ਜਾਂਦੀ !


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਆਪਣੇ ਅੰਬਰ ਇਕ ਤਰ੍ਹਾਂ ਮੈਂ
ਆਪ ਹੀ ਵੰਡਿਆ ਜਾਂਦਾ ਹਾਂ
ਤ੍ਰੇੜਾਂ ਤੇ ਸਰਹੱਦਾਂ ਅੰਦਰ
ਛੱਟਿਆ, ਛੰਡਿਆ ਜਾਂਦਾ ਹਾਂ।

ਕਲਮ ਦੀ ਇਹ ਤਲਵਾਰ, ਪੁਰਾਣਾ,
ਕਤਲ ਕਰਨ ਲਈ ਲੋਚ ਰਹੀ—

ਇਤਿਹਾਸ ਮਿਟਾਵੇਗੀ ਕੀਕੂੰ ?
ਵਿਕਾਸ ਮਿਟਾਵੇਗੀ ਕੀਕੂੰ ?
ਕੱਲ੍ਹ ਤੋਂ ਤੋੜ ਕੇ ਅੱਜ ਤਾਂਈਂ, ਇਹ
ਭਲਕ ਬਣਾਵੇਗੀ ਕੀਕੂੰ—

ਕਤਲ ਤੋਂ ਪਹਿਲਾਂ ਸੋਚ ਰਹੀ !

ਹੱਦਾਂ ਤੇ ਸਰਹੱਦਾਂ ਦੇ
ਧਰਮਾਂ, ਕੌਮਾਂ, ਵਾਦਾਂ ਦੇ
ਯੁੱਧ ਬੜੇ ਹੀ ਵਕਤੀ ਨੇ
ਮੌਸਮ ਵਾਂਗੂੰ ਆਉਂਦੇ
ਆ ਕੇ ਲੰਘ ਜਾਂਦੇ।

ਹੱਦਾਂ ਤੇ ਸਰਹੱਦਾਂ ਅੰਦਰ, ਲੋਕੀਂ
ਜਨਮ-ਸਮੇਂ ਤੋਂ
ਮੇਰੇ ਵਾਂਗੂੰ
ਆਪੋ ਆਪਣਾ ਯੁੱਧ ਲੜ ਰਹੇ
ਆਪਣੇ ਨਾਲ, ਸਭ ਦੇ ਨਾਲ—
ਤਵਾਰੀਖ ਵਿਚ ਲੱਭਦੀ ਨਾ
ਪਰਿਭਾਸ਼ਾ ਇਸ ਦੀ !

ਮਾਰੇ ਜਦ ਤੂਫਾਨ ਫੂੰਕਾਰਾ,
ਮੇਰੀ, ਸਭ ਦੀ ਧੂੜ ਉੱਡਦੀ,



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸਭ ਤਸਵੀਰਾਂ ਢੱਠ ਜਾਂਦੀਆਂ
ਰੇਤੇ ਦੀ ਕੈਨਵਸ ਦੇ ਉੱਤੋਂ !

ਵਿਸ਼ਵੀਕਰਨ ਦੀ ਮੰਡੀ ਅੰਦਰ
ਵਿਅਕਤੀ ਕੇਵਲ
ਵਰਣਮਾਲਾ ਦਾ
ਕੱਲਾ ਕਾਰਾ ਅੱਖਰ,
ਬੋਲੇ ਵੀ, ਤਾਂ
ਅਰਥ ਨਹੀਂ ਬਣਦਾ,
ਭੀੜ ਜਿਹੀ ਵਿਚ
ਉਸਦੇ ਅਰਥ ਗੁਆਚ ਗਏ ਹਨ।
ਹੋਰਾਂ ਨਾਲ ਜੁੜਨਾਂ ? ਨਹੀਂ ਜੁੜਨਾ ?
ਆਪਣੇ ਸਿਰਜੇ ਪ੍ਰਸ਼ਨਾਂ ਸੌਂਹੇਂ
ਟੁੱਟ, ਭੱਜ ਅੰਦਰ ਬੀਤ ਰਹੀ ਹੈ,
ਹਰ ਪਲ, ਹਰ ਛਣ, ਜੰਗ ਲੱਗੀ ਹੈ !

ਖੁਦ ਤੋਂ ਖੁਦ ਦੀ ਗਰਦ ਨੂੰ
ਕੱਲ੍ਹ ਨੂੰ
ਆਪੂੰ ਝਾੜਨ ਲੱਗ ਪਿਆ
ਸ਼ੀਸ਼ੇ ਦੇ ਵਿਚ ਭਲਕ ਦੀਆਂ
ਸੱਤਰੰਗੀਆਂ ਵੇਖਾਂ,
ਸੁਫਨੇ ਝੂਟਣ ਲੱਗ ਪਿਆ !!!

## ਅੱਠ ਪ੍ਰਭਾਵ-ਸਕੇਪ

**1.**
ਅੱਥਰੂ ਵਗਦਾ, ਵਗਦਾ
ਅੱਖ ਵਿਚ ਸੁਕੜ ਗਿਆ ਹੈ
ਸ਼ਬਦ, ਬਣਦਾ, ਬਣਦਾ,
ਅਰਥ ਤੋਂ ਉਰਾਂਹ ਡਿਗ ਪਿਆ ਹੈ।


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

2.
ਝੁਰੜੀਆਂ ਵਾਲੇ ਚਿਹਰੇ 'ਚੋਂ
ਫਟੀ ਹੋਈ ਵਿਰਾਸਤ ਝਾਕਦੀ ਹੈ
ਅੱਖਾਂ ਵਿਚ ਫਿਰ ਵੀ ਇਕ
ਚਮਕ ਜਿਹੀ ਵੱਸਦੀ ਹੈ
ਬਾਬੇ ਦੇ ਇਕ ਹੱਥ ਪੋਤੀ
ਦੂਜੇ ਪੋਤਾ ਖੇਡ ਰਿਹਾ ਹੈ !

3.
ਸੋਚ ਤੇ ਅਹਿਸਾਸ ਦਾ
ਵਿਸ਼ਵੀਕਰਨ ਹੋ ਰਿਹਾ ਹੈ
ਰਾਜਨੀਤੀ ਤੇ ਅਰਥਚਾਰੇ ਵਿਚਕਾਰ
ਇਕ ਬੋਲੀ, ਹਰ ਬੋਲੀ ਬੋਲਦੀ ...
ਪਰ ...
ਜੜ੍ਹਾਂ ਭਾਲਦਾ, ਭਾਲਦਾ, ਹਰ
ਸੱਭਿਆਚਾਰ ਖੜੋ ਗਿਆ ਹੈ !

4.
ਕੱਲ੍ਹ ਠੰਡੀ ਸੀ, ਅੱਜ ਗਰਮ ਹੈ
ਮਹਿਕ ਵੀ ਹੁੰਦੀ ਹੈ, ਇਸ ਵਿਚ
ਕਦੇ ਦੁਰਗੰਧ ਵੀ
ਹਵਾ ਦਾ ਇਕ ਸ਼ਬਦ
ਰਸਤੇ ਵਿੱਚੋਂ, ਲੰਘਦਾ, ਲੰਘਦਾ,
ਕਈ ਸ਼ਬਦਾਂ ਦੇ
ਅਰਥ ਚੁੱਕ ਲਿਆਉਂਦਾ ਹੈ !

5.
ਕੱਲ੍ਹ ਦੀ ਚੜ੍ਹਾਈ ਤੋਂ
ਅੱਜ ਦਾ ਦਿਨ ਉੱਤਰ ਰਿਹਾ ਹੈ
ਵਾਦੀ ਦੇ ਪੈਰਾਂ ਵਿਚ
ਇਹ ਕਿਸ ਦਾ ਅਸਤਿਤਵ
ਟੁੱਟ, ਤਿੜਕ ...
ਬਿਖਰ ਗਿਆ ਹੈ !!!


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

**6.**

ਚੜ੍ਹਨ ਤੋਂ ਪਹਿਲਾਂ ਹੀ
ਅਸਤ ਹੋ ਗਿਆ ਹੈ
ਇਹ ਕੈਸਾ ਸ਼ਬਦ ਹੈ, ਜੁ
ਅਰਥ ਬਨਣ ਤੋਂ ਪਹਿਲਾਂ ਹੀ
ਅੱਖਰ
ਅੱਖਰ
ਟੁੱਟ ਗਿਆ ਹੈ !!!

**7.**

ਬਹੁਤ ਦਿਨਾਂ ਤੋਂ ਇਕ ਪੱਤਾ
ਇਸ ਰੁੱਖ 'ਤੇ ਲਟਕਦਾ
ਸੁੱਕ ਰਿਹਾ ਹੈ—
ਮੇਰੇ ਅੰਦਰ, ਪੱਤੇ ਦੇ ਹੇਠੋਂ
ਕਰੂਮਲ ਜਿਹਾ ਕੁਝ ਫੁੱਟ ਰਿਹਾ ਹੈ

**8.**

ਬੋਲੀ, ਬੋਲਦੀ ਹੈ ਕਦੇ
ਗੁੰਗੀ ਹੋ ਜਾਂਦੀ ਹੈ
ਸ਼ੋਰ ਬਣੇ, ਚੁੱਪ ਕਦੇ
ਗੀਤ ਬਣ ਗਾਂਦੀ ਹੈ—
ਬੋਲੀ ਦੀ, ਬੋਲੀਆਂ ਤੋਂ
ਵਿੱਥ ਵਧੀ ਜਾਂਦੀ ਹੈ—
ਨਦੀ, ਪਰਬਤ ਨਹੀਂ,
ਸਾਗਰ ਵਿਚ ਸਮਾਂਦੀ ਹੈ !!!

## ਕੰਧਾਂ

ਬਿਸਤਰ 'ਤੇ
ਕੰਧ ਬਣਿਆਂ ਪਿਆ ਹੈ ਪਤੀ।



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਨਾਲ ਪਈ,
ਪਤਨੀ ਵੀ ਇਕ ਕੰਧ ਹੈ !

ਬਾਰੀਆਂ ਤੇ ਝਰੋਖੇ
ਸ੍ਵੈਕਾਰ ਮਸ਼ੀਨ ਵਾਂਗ
ਖੁੱਲ੍ਹਦੇ ਤੇ ਫੇਰ ਬੰਦ ਹੋ ਜਾਂਦੇ ਹਨ।

ਏਸੇ ਹੀ ਕਮਰੇ ਦੇ ਕਿਸੇ
ਦੂਸਰੇ ਜਾਂ ਤੀਸਰੇ ਮੰਜੇ ਉੱਤੇ,
ਕੋਈ ਹਿਲਜੁਲ ਜਿਹੀ ਹੋਈ ਸੀ।

ਇਕ ਹੀ ਕਮਰੇ 'ਚ ਲਗਾਤਾਰ :
ਕੰਧਾਂ 'ਚੋਂ ਕੰਧਾਂ ਨਿਕਲ ਰਹੀਆਂ ਹਨ,
ਕੰਧਾਂ 'ਚ ਕੰਧਾਂ ਤੁਰ ਰਹੀਆਂ ਹਨ !

ਕੰਧਾਂ ਵਾਲਿਓ !
ਮੁਹੱਬਤ ਤੇ ਕਾਮ
ਬੇ-ਕੰਧ ਹੋਣਾ ਲੋਚਦੇ ਹਨ !
ਹਵਾ, ਫੁਲ ਤੇ ਮਹਿਕ ਫਿਰ
ਇਕ ਨਵਾਂ
ਪ੍ਰਬੰਧ ਹੋਣਾ ਸੋਚਦੇ ਹਨ !!!

## ਢਲਦੀ ਉਮਰ : ਸੱਤ ਪ੍ਰਭਾਵ-ਸਕੇਪ

**1.**

ਪਰਬਤ ਬਦਲ ਗਏ ਹਨ
ਬੱਦਲ, ਸੌਣ, ਸੱਤ-ਰੰਗੀਆਂ,
ਪੀਂਘਾਂ ਦੇ ਅਰਥ ਉਹ ਨਹੀਂ ਰਹੇ।
ਕਦੇ ਸੂਰਜ ਢਲਦਾ ਸੀ,
ਹੁਣ ਅਸਮਾਨ ਢਲ ਰਿਹਾ ਹੈ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

2.
ਚਿਹਰੇ 'ਤੇ ਝੁਰੜੀਆਂ ਹਨ !
ਚੁੰਮੀਂ ਬੁੱਢੀ ਹੋ ਗਈ,
ਗਲਵਕੜੀ ਢਿਲਕ ਰਹੀ ਹੈ !
ਇਕ ਸਲੋ (ਧੀਮੇਂ) ਪੈਂਚਰ ਵਾਂਗ,
ਉਸਦੀ ਫੂਕ ਨਿਕਲ ਰਹੀ ਹੈ !

3.
ਛੋਲਿਆਂ ਦੀ ਮੁੱਠ ਦੇ ਕੇ
ਸਾਹਨ ਨੂੰ
ਗਾਂ ਦੁਆਲੇ ਘੁੰਮਾ ਰਹੇ ਹਨ।
ਜੋ ਖੁਦ ਤੋਂ ਨਾ ਹੋਇਆ
ਉਸ ਤੋਂ ਕਰਵਾ ਰਹੇ ਹਨ।

4.
ਤੁਪਕਾ, ਤੁਪਕਾ ਪਾਣੀ
ਹਵਾ ਹੋ ਰਿਹਾ ਹੈ।
ਉਹ ਖੁਦ ਤੋਂ, ਸਭ ਤੋਂ,
ਜੁਦਾ ਹੋ ਰਿਹਾ ਹੈ !

5.
ਸੁਫਨੇ ਵੀ, ਜਵਾਨੀ 'ਚ ਹੀ,
ਚੰਗੇ ਲੱਗਦੇ ਹਨ।
ਬੁਢਾਪੇ ਵਿਚ—
ਇਹ ਭੁਕਾਨੇ ਵਾਂਗ ਫੁਲਦੇ
ਤੇ ਫੱਟ ਜਾਂਦੇ ਹਨ।

6.
ਘੋੜੀ ਨੂੰ ਕਦੇ ਏਵੀਏ
ਕਦੇ ਸਰਪਟ ਦੌੜਾਉਣ ਵਾਲਾ,
ਖੁਦ ਰੁਕ ਗਿਆ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਜਿਸਦੀ ਨਜ਼ਰ 'ਚ ਇੱਕੋ ਸਮੇਂ
ਅਨਿਕ ਪੰਛੀਆਂ ਦੀ ਉਡਾਣ ਸੀ
ਉਸਦਾ ਅਸਮਾਨ ਝੁਕ ਗਿਆ ਹੈ !

**7.**
ਇਸ ਨਾਵਲ ਦਾ
ਇਹ ਆਖਰੀ ਕਾਂਡ ਹੈ—
ਕੱਲ੍ਹ ਕੋਈ ਹੋਰ ਲਿਖੇਗਾ !
ਪਾਤਰ ...
ਦਰਸ਼ਕ ...
ਬਦਲ ਜਾਣਗੇ,
ਨਾਟਕ ਚੱਲਦਾ ਰਹੇਗਾ !

## ਉੱਤਰ-ਆਧੁਨਿਕ

ਜੇ ਇੰਜ ਨਹੀਂ,
ਤਾਂ ਕੁਝ ਵੀ ਠੀਕ ਨਹੀਂ !

ਆਦਿ-ਕਾਲ ਤੋਂ
ਲੜਦਾ ਰਿਹਾ ਮਨੁੱਖ
ਆਪਣੇ ਖਿਲਾਫ਼ !
ਲੜਦਾ ਰਹੇਗਾ !

ਜੀ ਕਰਦਾ ਹੈ
ਤੁਰ ਕੇ
ਜਾਂ ਕਾਰ ਚਲਾ ਕੇ
ਵਿਮਾਨ ਵਿਚ ਬੈਠਕੇ
ਜਿੱਥੇ ਮਰਜ਼ੀ ਹੈ,
ਚਲੇ ਜਾਂ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਇਸ ਦੇਸ਼
ਉਸ ਦੇਸ਼
ਉਸ ਨਗਰ
ਪਾਸਪੋਰਟ ਤੋਂ
ਵੀਜ਼ੇ ਤੋਂ ਬਿਨਾ ...

ਕਿਉਂ ਨਾ
ਹਵਾ ਵਾਂਗ ਸਾਰੇ
ਬੇ-ਹੱਦ ਹੋ ਜਾਈਏ !
ਗਲੋਬੇਲਾਈਜ਼ਡ,
ਉੱਤਰ-ਆਧੁਨਿਕ
ਬਣ ਜਾਈਏ !!!

## ਅੱਥਰੂਆਂ ਦਾ ਵਿਸ਼ਵੀਕਰਨ

ਪਹਿਲਾਂ ਅੱਥਰੂ ਹੀ ਸਨ,
ਸ਼ਬਦ : "ਅੱਥਰੂ" ਨਹੀਂ ਸੀ !
"ਦਰਦ" ਸੀ, ਦਰਦ ਦਾ ਅਹਿਸਾਸ ਸੀ !
ਤੇ
ਫਿਰ
ਸ਼ਬਦ "ਅੱਥਰੂ" ਦੀ ਚੇਤਨਾ,
ਸਉਣ ਦੀ ਝੜੀ ਦੀ ਕਲਪਨਾ ਲੈ ਉੜੀ !

ਬੋਲੀਆਂ ਦੀ ਅੱਖਰਕਾਰੀ ਵਿਚ
ਸਾਡੇ ਸੁਚੇਤ ਤੇ ਨਿਮਨ-ਚੇਤ ਦੇ
ਨਕਸ਼ੇ ਉਲੀਕੇ ਗਏ :
ਸਾਹਿਤ, ਕਲਾ, ਨਾਟਕ ਹੋਂਦ ਵਿਚ ਆਏ !
ਹੁਣ ਅਰਥ[1] ਤੇ ਨੀਤੀ[2] ਦਾ ਜ਼ਮਾਨਾ ਹੈ !

---

1. ਅਰਥਾਚਾਰਾ, 2. ਰਾਜਨੀਤੀ



Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਹੋਰ ਸਭ ਕੁਝ ਦੇ ਨਾਲ,
ਅੱਥਰੂਆਂ ਦਾ ਵੀ ਵਿਸ਼ਵੀਕਰਨ ਹੋਇਆ ਹੈ !

ਢੇਰ ਲੱਗੇ ਪਏ ਹਨ ਅੱਥਰੂਆਂ ਦੇ
ਚਾਰ ਚੁਫੇਰੇ—
ਉਤਪਾਦਨ ਤਾਂ ਹੈ, ਪਰ ਖਪਤ ਨਹੀਂ !
ਵਿਸ਼ਵ-ਮੰਡੀ ਦੀ ਨਜ਼ਰ ਹੁਣ
ਅੱਥਰੂਆਂ 'ਤੇ ਨਹੀਂ,
ਅੱਥਰੂ ਪੈਦਾ ਕਰਨ ਵਾਲੀਆਂ
ਮਸ਼ੀਨਾਂ 'ਤੇ ਲੱਗੀ ਹੋਈ ਹੈ,
ਜੁ ਹਰ ਪਲ, ਹਰ ਦਿਨ
ਨਿਰ-ਅਹਿਸਾਸ, ਬੇ-ਚੇਤਨਾ
ਹੋ ਰਹੀਆਂ
ਬੇਅਰਥਤਾ ਵਿਚ !!!

## ਬੋਲੀ ਦੀ ਭੀੜ ਵਿਚ ਗੁਆਚੇ ਸ਼ਬਦ

ਬੋਲੀ ਦੀ ਭੀੜ ਵਿਚ
ਸ਼ਬਦ ਗੁਆਚ ਗਏ ਹਨ।

ਅਨੁਭਵ 'ਚੋਂ ਨਿੱਤਰੇ
ਚੇਤਨਾ 'ਚ ਨਿੱਖਰੇ
ਅਰਥ ਨੂੰ ਕਦੇ
ਸ਼ਬਦ ਨਹੀਂ ਸੀ ਜੁੜਦਾ।

"ਊਂ", "ਆਂ" ਸੀ ਕੇਵਲ
ਇਸ਼ਾਰੇ, ਸੰਕੇਤ ਸਨ
ਜਿਸਮ ਬੋਲਦਾ ਸੀ
ਅਰਥ ਦੀ ਭਾਗਸਮ ਵਾਣੀ,
ਅੱਖਾਂ ਸੰਕੇਤ ਸਨ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਤੇ ਫਿਰ ਜਦ
ਅੱਖਰਾਂ, ਲਗਾਂ, ਮਾਤਰਾਂ ਦੇ ਜੋੜ 'ਚੋਂ,
ਅਰਥ ਨੂੰ ਯੋਗ ਸ਼ਬਦ ਮਿਲਿਆ,
ਇਤਿਹਾਸ ਸਿਰਜਿਆ ਗਿਆ।

ਇਤਿਹਾਸ ਪਹਿਨਦੇ ਸਨ ਸ਼ਬਦ ਉਦੋਂ,
ਇਤਿਹਾਸ ਦਾ ਜ਼ਮਾਨਾ ਨਹੀਂ ਰਿਹਾ !

ਬੋਲੀ ਦੀ ਭੀੜ ਵਿਚ
ਸ਼ਬਦ ਗੁਆਚ ਗਏ ਹਨ,
ਮਾਨਵਤਾ ਦੀ ਭੀੜ ਵਿਚ ਮਾਨਵ !!!

## ਬਾਪ : ਇਕ ਆਦਿ-ਕਥਾ

ਹਲ, ਬੀਜ ਤੇ ਬੈਲ ਬਣਿਆਂ ਬਾਪ
ਪੀੜ੍ਹੀ-ਦਰ-ਪੀੜ੍ਹੀ
ਜ਼ਿੰਦਗੀ ਦੀ ਕਿਰਸਾਣੀ ਕਰਦਾ ਰਿਹਾ !

ਅਨ੍ਹੇਰਿਆਂ 'ਚੋਂ ਉਜਾਲੇ ਟੋਲਦਾ
ਉਜਾਲਿਆਂ ਤੋਂ ਪਾਰ ਸੁਫ਼ਨੇ ਉਣਦਾ
ਮੀਂਹ, ਅਨ੍ਹੇਰੀ ਵਿਚ
ਕੱਕਰ
ਗਰਮੀਂ, ਸਰਦੀ
ਗੜੇਮਾਰ ਹੇਠ
ਉਹ ਮੌਸਮਾਂ ਦੇ ਰੰਗ ਰੂਪ ਲਈ, ਨਜ਼ਰ,
ਉਨ੍ਹਾਂ ਦੇ ਕਹਿਰ ਲਈ,
ਪਿੱਠ ਬਣ ਗਿਆ !


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਮੌਸਮਾਂ ਦੇ ਨਾਲ ਬੀਤਦਾ ਵੀ ਉਹ
ਅੰਤਿਮ ਸਾਹ ਤਕ
ਨਾਂ ਬੀਤਣ ਵਾਲਾ
ਇਕਸਾਰ ਮੌਸਮ ਬਣ ਗਿਆ।

ਫਸਲ ਜ਼ੰਮੀਂ
ਪਰਵਾਨ ਚੜ੍ਹੀ
ਪੱਕੀ
ਕੱਟੀ
ਵੱਟੀ ਗਈ
ਤੇ ਹਰ ਫ਼ਸਲ ਦਾ ਝਾੜ
ਪ੍ਰਤੀ ਏਕੜ ਦੇ ਹਿਸਾਬ
ਧਰਤੀ ਦੇ ਨਾਮ ਲੱਗਦਾ ਰਿਹਾ।

ਇਸ ਸਭ ਕੁਝ ਤੋਂ ਬੇਨਿਆਜ਼
ਇਕ ਨਿਸ਼ਕਾਮ, ਨਿਰੰਤਰ ਨਸ਼ੇ ਵਿਚ
ਹਲ, ਬੀਜ ਤੇ ਬੈਲ ਬਣਿਆਂ ਬਾਪ
ਪੀੜ੍ਹੀ-ਦਰ-ਪੀੜ੍ਹੀ
ਜ਼ਿੰਦਗੀ ਦੀ ਕਿਰਸਾਣੀ ਕਰਦਾ ਰਿਹਾ।
ਜੋ ਕੁਝ ਵੀ ਬੀਜਿਆ, ਵੱਟਿਆ,
ਧਰਤੀ ਮਾਂ ਦੇ ਨਾਮ ਕਰਦਾ ਰਿਹਾ !

ਕਿਰਸਾਣ ਦੀ ਪਤਨੀ
ਰੱਸੀ 'ਤੇ
ਸੁੱਕਣੇ ਪਾਏ ਪੋਤੜਿਆਂ 'ਚੋਂ
ਇਸ ਵਿਹੜੇ ਵਿਚ
ਚੜ੍ਹਨ ਵਾਲੀ ਜਵਾਨੀ ਦੇ ਸੁਫਨੇ
ਵੇਖਦੀ, ਵੇਖਦੀ,
ਲੋਕ-ਗੀਤਾਂ ਦੀ ਮਾਂ ਬਣ ਗਈ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਪੰਛੀ, ਮੱਛੀਆਂ ਤੇ ਮੈਂ : 2006 ਦੀ ਹਿੰਦ-ਪਾਕ ਫੇਰੀ ਤੋਂ ਬਾਅਦ

**1.**
ਦੇਸ਼, ਕਾਲ ਦੀ ਕੈਦ ਤੋਂ
ਆਜ਼ਾਦ ਹੋਇਆ—
ਪੰਛੀਆਂ ਦਾ ਇਕ ਝੁੰਡ—
ਝੁੰਡ ਵਿਚ ਇਕ ਪੰਛੀ,
ਹਜ਼ਾਰਾਂ ਕੋਹਾਂ ਦਾ ਪੈਂਡਾ ਮਾਰ ਕੇ
ਤੇ ਗਾਹ ਕੇ ਹੱਦਾਂ, ਸਰਹੱਦਾਂ
ਮੁੜ ਪਰਤ ਆਉਣ ਲਈ,
ਉਸੇ ਕਾਲ-ਚੱਕਰ ਵਿਚ !!!

ਸੈਮਨ ਮੱਛੀਆਂ ਵੀ—
ਅਸਗਾਹ ਸਮੁੰਦਰਾਂ ਨੂੰ ਗਾਹਕੇ
ਛੱਲਾਂ ਦੇ ਛਲਾਵਿਆਂ ਨਾਲ ਦਿਲ ਬਹਿਲਾ ਕੇ—
ਪਰਤ ਆਉਂਦੀਆਂ ਹਨ
ਉਸੇ ਨਦੀ ਵਿਚ,
ਜਿੱਥੇ ਕਦੇ ਉਨ੍ਹਾਂ ਦਾ ਜਨਮ ਹੋਇਆ ਸੀ।

ਉੱਥੇ ਹੀ ਮਰਨ ਆਉਂਦੀਆਂ ਹਨ—
ਅੰਡੇ ਦੇਣ ਤੋਂ ਬਾਅਦ,
ਨਦੀ ਦੇ ਨਿਰੰਤਰ ਵਹਿਣ ਵਿਚ
ਜ਼ਿੰਦਗੀ ਦਾ ਗੀਤ ਅੱਗੇ ਤੋਰ ਕੇ !!!

**2.**
ਪਾਕਿਸਤਾਨ ਦਾ ਇਕ ਮਕਾਨ
ਉਸ ਦਾ ਘਰ ਨਾ ਬਣ ਸਕਿਆ।
ਦੀਵਾਰਾਂ 'ਤੇ ਜੰਮੀਂ ਹੋਈ ਥਿਰ ਛੱਤ ਨੂੰ
ਕੋਈ ਘਰ ਨਹੀਂ ਕਹਿੰਦਾ।


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਸਮੇਂ ਦੀਆਂ ਸੀਤ ਹਵਾਵਾਂ ਵਿਚ
ਸੁੰਨ ਹੋ ਚੁੱਕੇ ਹਨ ਉਸ ਦੇ ਬਚਪਨ ਦੇ ਦਿਨ
ਹਿੰਦੋਸਤਾਨ ਵਿਚ ਵੀ ਇੰਜ ਹੀ ਹੋਇਆ—
ਪਿੰਡ ਤਾਂ ਸੀ, ਪਰ ਹਾਣੀ ਗ਼ਾਇਬ ਸਨ।

ਖ਼ੂਹ 'ਤੇ ਚਰਸ ਤੇ ਹਲਟ ਦੀ ਥਾਂ
ਬੰਬੀ ਬੋਲਦੀ ਸੀ।

ਸਕੂਲ, ਜਿੱਥੇ ਉਸ ਨੇ ਅੱਠ ਸਾਲ ਪੜ੍ਹਾਇਆ ਸੀ,
ਇਕ ਨਵੀਂ ਪੀੜ੍ਹੀ ਦਾ ਨਵਾਂ ਮੈਨੀਫੈਸੈਟੋ ਬਣੀ,
ਉਸ ਨੂੰ ਚੁਣੌਤੀ ਦੇ ਰਿਹਾ ਸੀ।

ਘੜੀ ਦੀਆਂ ਸੂਈਆਂ ਨੂੰ ਪਿੱਛੇ ਮੋੜਨ ਨਾਲ
ਬੀਤਿਆ ਸਮਾਂ, ਪਰਤ ਨਹੀਂ ਸਕਦਾ—
ਉਸ ਨੂੰ ਪਤਾ ਹੈ !

ਘਰ ਵੇਖਣ ਵਾਲੇ ਦੀ ਅੱਖ ਵਿਚ ਹੁੰਦਾ ਹੈ—
ਉਸ ਨੂੰ ਪਤਾ ਹੈ !

ਕੈਨੇਡਾ ਵਿਚ ਉਸ ਦੇ ਪੁੱਤਰ, ਪੋਤਰੀਆਂ ਤੇ ਪੋਤਰੇ
ਵੱਖ, ਵੱਖ ਸ਼ਹਿਰਾਂ ਦੀ ਦੂਰੀ ਤੋਂ ਵੀ,
ਘਰ ਵਾਂਗ,
ਉਸ ਦੇ ਨਾਲ, ਨਾਲ ਵੱਸਦੇ ਹਨ !!!

ਉਹ ਸੂਰਜ ਵਲ ਵੇਖਦਾ ਹੈ :
ਹੱਦਾਂ ਤੇ ਸਰਹੱਦਾਂ ਵਲ—
ਮੱਛੀਆਂ ਤੇ ਪੰਛੀਆਂ ਵਲ—

ਉਸ ਅੰਦਰੋਂ ਹਵਾ ਜਿਹਾ ਕੁਝ ਜਨਮ ਲੈਂਦਾ ਹੈ
ਤੇ ਉਹ
        ਛਿਣ ਦੀ ਛਿਣ
ਸਾਰੇ ਬ੍ਰਹਮੰਡ ਉੱਤੇ ਫੈਲ ਜਾਂਦਾ ਹੈ !!!


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਦਰਾੜਾਂ

ਦਰਾੜਾਂ ਬਣ ਗਏ ਹਾਂ !
ਇਨ੍ਹਾਂ ਦਾ ਕੀ ਨਾਂ ਰੱਖੀਏ ?

ਇਕ ਦਮ, ਇੱਕੋ ਸਮੇਂ
ਇਕ ਥਾਂ ਤੋਂ, ਇਕੱਠੇ
ਪਾਟ ਗਏ ਹਾਂ !

ਪਾਟਣ ਵਿਚ ਏਕਤਾ ਹੈ,
ਅਨੇਕਤਾ ਵੀ ਫਟਣ ਵਿਚ !

ਰਿਸ਼ਤਿਆਂ ਦੀ ਭੀੜ ਵਿਚ
ਆਪੋ ਆਪਣਾ ਟੁਕੜਾ ਚੁੱਕੀ,
ਪੂਰਨ ਹੋਣਾ ਲੋਚਦੇ ਹਾਂ !!!

ਦਰਾੜਾਂ ਕਿਵੇਂ ਮਿਟਣ ?
ਇਹ ਸੋਚਦੇ ਹਾਂ !!!

## ਸੁੰਗੜਦੇ ਮੌਸਮ

ਉਮਰ ਦੇ ਨਾਲ
ਮੁਹੱਬਤ ਵੀ ਬੁੱਢੀ ਹੋ ਗਈ ਹੈ
ਧਰਤੀ ਬਹੁਤ ਹੈ
ਅਣਗਾਹੀ ਅਜੇ—
          ਪਰ ਨਜ਼ਰ
                    ਸੁੰਗੜਕੇ—


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਆਪਣੇ ਆਪ ਤਕ ਹੀ
ਸੀਮਤ ਹੋ ਗਈ ਹੈ !

ਸਿਰ ਤੋਂ ਪੈਰਾਂ ਤਕ
"ਅਲਵਿਦਾ" ਦਾ ਮੌਸਮ ਹੈ !

ਹਰ ਲੋੜ,
ਹਰ ਰਿਸ਼ਤੇ ਦੀ ਨੁਹਾਰ,
ਧੁੰਦਲੀ ਹੋ ਗਈ ਹੈ !!!

## ਦਾਣੇ ਦਾ ਜਨਮ

ਹੁਣ ਤਾਂ ਜੀ ਕਰਦਾ, ਕਿ
ਤੁਰਦਾ ਤੁਰਦਾ ਮੁਕ ਜਾਵਾਂ
ਅਨੰਤ ਵਲਾਂ ਵੇਖਦਾ, ਵੇਖਦਾ
ਤੋਰ ਦੇ ਵਿਚ ਸਮਾ ਜਾਵਾਂ
ਹਵਾ ਵਿਚ ਮਹਿਕ ਵਾਂਗ
ਨਜ਼ਰ ਨਾ ਆਵਾਂ

ਸਫ਼ਰ ਇੰਜ ਕਾਇਮ ਰਹਿਣ
ਨਵੇਂ ਬੁੱਤ, ਨਵੇਂ ਲਖ਼ਸ਼, ਨਵੀਆਂ ਰਾਹਵਾਂ

ਦਾਣੇ ਦੇ ਨਾਲ ਹੀ ਜੰਮ ਪੈਂਦਾ ਹੈ
ਦਾਣੇ ਦਾ ਫੁਲਣਾ, ਫਲਣਾ
ਤੇ ਮੁਕ ਜਾਣਾ

ਹੁਣ ਤਾਂ ਜੀ ਕਰਦਾ, ਕਿ ...
...
...


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

## ਮੌਸਮਾਂ ਦੇ ਹਾਣੀ

ਫੁੱਲ ਤੋਂ ਫੁੱਲ
ਰੰਗ ਤੋਂ ਰੰਗ
ਰੂਪ ਤੋਂ ਰੂਪ
ਤਕ ਭਟਕਦੀ ਨਜ਼ਰ
ਰੰਗਾ ਰੰਗ ਮਹਿਕ ਨੂੰ
ਦੁਮੇਲ ਤਕ ਲੈ ਗਈ !

ਜਵਾਨੀ ਦੇ ਮੌਸਮ ਵਿਚ
ਸੂਰਜ ਵੀ ਆਪਣੇ ਅੰਦਰੋਂ ਹੀ
ਚੜ੍ਹਦਾ ਹੈ,
ਧਰਤੀ ਵੀ ਆਪਣੇ ਅੰਦਰ
ਹੀ ਹੁੰਦੀ ਹੈ,
ਬਾਗ਼ ਫੁਲਕਾਰੀ ਬਣੀ !

ਬਾਹਰ ਮੌਸਮ ਰਾਸ ਨਾ ਹੋਵੇ
ਤਾਂ ਅੰਦਰ ਰੰਗ ਮਾਣੀਂਦੇ ਹਨ।
ਹੁਣ ਜਦ,
          ਅੰਦਰ ਵੀ,
ਸੱਖਣਾ ਹੋ ਗਿਆ ਹੈ
ਤੇ ਨਜ਼ਰ—
ਝੁਰੜਾਏ ਚਿਹਰੇ ਵਿਚ
ਬਿੰਦ ਬਿੰਦ ਬੁਝ ਰਹੀਆਂ ਅੱਖਾਂ 'ਚੋਂ—
ਮਸਾਂ ਗੋਡਿਆਂ ਤਕ ਪਹੁੰਚਦੀ ਹੈ,
ਤਾਂ ਬਾਹਰ ਦੇ ਮੌਸਮ
ਹੱਸਦੇ ਤੇ ਪੁੱਛਦੇ ਹਨ :
"ਮੌਸਮਾਂ ਨਾਲ ਦੌੜ ਲਾਈ ਸੀ ਤੂੰ,
ਬਹੁਤ ਪਿੱਛੇ ਰਹਿ ਗਿਆ ਹੈਂ,
ਕਿਉਂ ?"


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮੈਂ ਆਖਦਾ ਹਾਂ :
"ਦੁਮੇਲ ਤੰਗ ਹੋ ਕੇ,
ਮੇਰੀ ਬੁੱਕਲ ਬਣ ਗਏ ਹਨ।

ਰੰਗ ਤੇ ਸੁਗੰਧ ਵਿਚ ਹੀ
ਝੜ ਰਿਹਾ ਹਾਂ ਮੈਂ !
ਤੁਸੀਂ ਅੱਗੇ ਵਧੋ,
ਤੁਹਾਡੇ ਹਾਣੀ,
ਤੁਹਾਡੀ ਉਡੀਕ ਕਰ ਰਹੇ ਹਨ !!!"

## ਜੜ੍ਹ-ਹੀਣਤਾ ਵਲ ਵਧਦੇ ਕਦਮ

ਕੂੰਜ ਉਤਾਰੀ ਬਚਪਨ ਦੀ ਤੇ
ਪੁੱਤਰ ਹੋਏ ਜਵਾਨ
ਧੀਆਂ ਪੀਂਘਾਂ ਵਾਂਗੂੰ ਚੜ੍ਹੀਆਂ
ਮੱਲ ਲਿਆ ਅਸਮਾਨ

ਮਾਪੇ ਪਿੰਜਰੇ ਦੇ ਵਿਚ ਬੈਠੇ
ਪੱਛਮ ਦੇ ਗੁਣ ਗਾਨ
ਸੱਭਿਅਤਾ, ਰਸਮ, ਰਿਵਾਜ ਅਜਨਬੀ
ਬਦਲੀ ਅੱਜ ਜ਼ਬਾਨ

ਬਦਲ ਗਿਆ ਹੈ ਮੌਸਮ ਏਥੇ
ਰਿਸ਼ਤੇ, ਸਗਲ ਜਹਾਨ
ਸੋਚੇ, ਜੀਵੇ, ਵੇਖੇ ਟੀ.ਵੀ.-
ਟੀ.ਵੀ. ਦੀ ਸੰਤਾਨ

ਨੱਕ ਵਿਚ ਕੋਕੇ, ਕੰਨੀਂ ਮੁੰਦਰਾਂ,
ਧੁੰਨੀਂ, ਮੁੰਦਰੀ ਪਾਣ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਫਟੀ ਫਤੂਹੀ, ਪਾਟੀਆਂ ਜੀਨਾਂ
*ਗੋਦਨੇ ਵੀ ਖੁਦਵਾਣ

ਖਿੱਲਰੀਆਂ ਜ਼ੁਲਫ਼ਾਂ, ਘੋਨੇ ਸਿਰ ਤੇ
**ਪੱਬ, ਕਲੱਬ ਵਿਚ ਜਾਨ
ਘਰ ਤੋਂ ਟੁੱਟੇ, ਜੜ੍ਹ ਤੋਂ ਟੁੱਟੇ,
ਆਪਣਾ ਆਪ ਜਹਾਨ

ਨਸ਼ੇ, ਮੌਜ ਤੇ ਮੇਲੇ, ਮਸਤੀ,
ਹੁਣ ਦੀ ਹੁਣ ਜਹਾਨ
ਵਾਵਰੋਲੇ ਵਿਚ ਦਿਸ਼ਾ ਹਰ,
ਧੂੜ, ਧੂੜ ਅਸਮਾਨ

ਪੂਰਬ, ਪੱਛਮ ਦੇ ਵਿਚ ਢਲਿਆ।
ਸੂਰਜ, ਪੱਛਮ ਦੇ ਅਸਮਾਨ।
ਵਿਸ਼ਵੀਕਰਨ ਨੇ ਬਦਲੀ ਦ੍ਰਿਸ਼ਟੀ—
ਬਦਲੀ ਵਿਚ ਜਹਾਨ !

ਵਰਜਤ, ਹੁਣ ਪਰਵਾਨਤ, ਬਦਲੀ
ਸ਼ਬਦਾਂ ਦੀ ਪਹਿਚਾਣ
ਹੁਣ ਦੇ ਛਿਣ ਵਿਚ ਸਿਮਟੇ ਜੀਕੂੰ
ਭੂਤ, ਭਵਿਖਤ, ਭਵਾਨ

ਬਿਖਰੇ ਮੋਤੀ, ਤਿੜਕਿਆ ਸ਼ੀਸ਼ਾ,
ਟੁਕੜੀ, ਟੁਕੜੀ ਜਾਨ
ਸੋਚ ਦੇ ਦੋ ਸਿਰਿਆਂ ਨੂੰ ਅਗਨੀ
ਚਿੰਤਨ ਬੇਪਛਾਣ

---

* Tattoo - ਗੋਦਨੇ, ** ਪੱਬ Pub - ਸ਼ਰਾਬਖਾਨੇ



Ist on 25.3.2015
D:/National/Ravi-15/Pind Brahmand/1-Proof/**Pind Brahmand-C1**

Academy of the Punjab in North America - APNA: http://www.apnaorg.com

## ਚਿੰਤਾ ਤੇ ਚਿੰਤਨ

ਸ਼ਬਦਾਂ ਦੇ ਸਾਗਰ ਵਿਚ ਡੁੱਬੇ
ਚਿੰਤਨ ਸਿਮਰੀ ਜਾਈਏ
ਚਿੰਤਨ ਨਾਲ ਮਿਟੇ ਨਾ ਚਿੰਤਾ
ਦੱਸੋ ਕਿੱਧਰ ਜਾਈਏ ?

ਚਿੰਤਾ ਕਰਦੇ, ਕਰਦੇ ਪਹਿਲਾਂ
ਚਿੰਤਨ ਤਕ ਅਸੀਂ ਪੁੱਜੇ
ਚਾਨਣ ਵਿਚ ਚੁੰਧਿਆਈਆਂ ਅੱਖੀਆਂ
ਰਸਤਾ ਕੋਈ ਨਾ ਸੁੱਝੇ

ਚਿੰਤਨ ਦਰ ਚੱਕ੍ਰਵਯੂਹ ਸੜਕਾਂ
ਖੁੱਲ੍ਹੀਆਂ ਸਭ ਦਿਸ਼ਾਵਾਂ
ਹੱਦ ਬੰਨੇ ਲੰਘ ਜਾਵੇ ਚਿੰਤਨ
ਵੰਡ ਨਾ ਹੋਣ ਹਵਾਵਾਂ

ਪਿੱਛੇ ਕੀ ਸੀ ? ਅੱਗੇ ਕੀ ਹੈ ?
ਚਿੰਤਾ ਪਰ ਨਾ ਮੁੱਕੇ
ਇਸ ਜ਼ਿੰਦਗੀ ਦੇ ਦੋ ਸਿਰਿਆਂ ’ਤੇ
ਨੂਰ, ਨੇਰ੍ਹ ਹੋ ਢੁੱਕੇ

## ਸ਼ਬਦ–ਸਮਾਧੀ

ਸ਼ਬਦ ਫੇਰ
ਸਮਾਧੀ–ਯੁਕਤ ਹੋ ਗਿਆ ਹੈ !
ਆਪਣੇ ਅੰਦਰ ਫੈਲ, ਸੁਕੜ,
ਆਪਣੇ ਅੰਦਰ ਖੜੋ ਗਿਆ ਹੈ !
ਬਾਹਰ ’ਨ੍ਹੇਰੀ ਚੱਲਦੀ ਹੈ,


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਬਰਫ਼ ਬਰਸਦੀ ਹੈ।
ਠਰ ਠੁਰਕ ਗਏ ਹਨ
ਰੁੱਖ, ਰੁੱਖਾਂ ਦੇ ਪੱਤੇ !
ਪਾਣ ਚੜ੍ਹ ਗਈ ਹੈ ਉਨ੍ਹਾਂ ਉੱਤੇ
*1ਸ਼ੀਸ਼ਾ ਬਣੀ ਬਰਫ਼ ਦੀ।
ਹੌਲੀ, ਹੌਲੀ ਝੜ ਰਹੇ ਹਨ ਪੱਤਰ,
ਸ਼ੀਸ਼ੇ ਉੱਤੇ ਰੂੰ*2 ਬਣੀ ਬਰਫ਼ 'ਤੇ !

ਰੁੱਖਾਂ ਵਿਚ ਪਰ ਲਗਾਤਾਰ
ਜ਼ਿੰਦਗੀ ਦੀ ਰੌ ਚੱਲਦੀ ਹੈ !

ਰੁੱਖਾਂ ਦੀਆਂ ਛਾਵਾਂ
ਤੇ ਬੁੱਤਾਂ ਦੇ ਪਰਛਾਵੇਂ
ਮਾਣਦਾ ਸ਼ਬਦ,
ਸਮਾਧੀ-ਯੁਕਤ ਹੋ ਗਿਆ ਹੈ
ਸੂਰਜ ਵੀ ਏਥੇ ਕਿਤੇ
ਸ਼ਬਦ ਬਣਿਆ ਬੈਠਾ ਹੈ—
ਨਦੀ ਵੀ, ਸਮੁੰਦਰ ਵੀ !

ਸ਼ਬਦ ਨੂੰ, ਸ਼ਬਦਾਂ ਦਾ ਸੰਗ, ਸਾਥ ਹੈ !
ਸ਼ਬਦ ਨੂੰ, ਸ਼ਬਦਾਂ ਤੋਂ ਸਨਿਆਸ ਹੈ !

ਸ਼ਬਦ ਤੋਂ, ਸ਼ਬਦ ਨੇ
ਵਿੱਥ ਥਾਪ ਲਈ ਤੇ
ਅੰਤਰ-ਧਿਆਨ ਹੋ ਗਿਆ ਹੈ !
ਸ਼ਬਦ ਵਿਅਕਤੀ,
ਸ਼ਬਦ ਜਹਾਨ ਹੋ ਗਿਆ ਹੈ !

---

*1 ਸ਼ੀਸ਼ਾ ਬਣੀ ਬਰਫ਼ - Ice, *2 ਰੂੰ ਬਣੀ ਬਰਫ਼ - Snow


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# * ਗਲੋਬਲ ਵਾਰਮਿੰਗ

**1.**

ਮਨੁੱਖ, ਧੂੰਆਂ ਬਣ, ਗੈਸਾਂ ਬਣ,
ਛੂਹ ਰਿਹਾ ਅਸਮਾਨ ਨੂੰ !
ਹਰ ਵਾਹਣ,
ਸਦਾ-ਖੜੋਤ ਵਲ ਨੂੰ ਭੱਜ ਰਿਹਾ !
ਮਨੁੱਖ ਦਾ,
ਕੂੜਾ ਹੀ ਕੂੜਾ ਹਰ ਤਰਫ਼-
ਹਵਾਵਾਂ, ਪਾਣੀਆਂ ਤੇ ਰਾਹਾਂ ਵਿਚ
ਪ੍ਰਦੂਸ਼ਣ ਦਾ ਢੋਲ ਵੱਜ ਰਿਹਾ !

**2.**

ਵਾਤਾਵਰਨ ਨੂੰ ਮਨੁੱਖ ਦਾ ਖੋਰਾ ਲੱਗ ਚੁੱਕਾ ਹੈ,
ਜ਼ਿੰਦਗੀ ਨੂੰ ਮੌਤ ਦਾ ਢੋਰਾ ਲੱਗ ਚੁੱਕਾ ਹੈ !

ਵਣ ਵਿਚ ਅੱਗ ਪਨਪ ਰਹੀ ਤੇ
ਹਰ ਲੱਕੜ, ਕਾਗ਼ਜ਼ ਦੀ **ਮਿੱਲ,
ਹਵਾ ਵਿਚ ਜ਼ਹਿਰ ਬਣ ਵਗਦੀ,
ਕੂੜਾ ਹੀ ਕੂੜਾ ਜੰਮਦੀ,
ਕੂੜਾ ਹੀ ਕੂੜਾ ਹੱਗਦੀ !

**3.**

ਬੱਦਲ, ਬਰਖਾ, ਹਨ੍ਹੇਰੀ-
ਘਟਾਵਾਂ ਜਿਵੇਂ ਲਿਸ਼ਕਦੀਆਂ, ਕੜਕਦੀਆਂ-
ਘਰਾਂ ਵਿਚ ਆ ਵੜੀਆਂ ਹੋਣ !

---

* ਗਲੋਬਲ ਵਾਰਮਿੰਗ - Global Warming, ** ਮਿੱਲ - Mill - ਕਾਰਖਾਨਾ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਘਰ, ਜਿਵੇਂ ਇਕ ਦੂਜੇ ਤੋਂ ਟੁੱਟੇ,
ਪ੍ਰਦੂਸ਼ਣਾਂ ਦੇ ਮਹਾਂ-ਸਾਗਰ ਦੇ ਵਿਚ-
ਅੰਨ੍ਹੀਂ ਦਿਸ਼ਾ ਬਣੇ,
ਅੰਨ੍ਹੇਂ ਸਫ਼ਰ ਦੇ ਵਲ ਹੜ੍ਹ ਰਹੇ !

ਤਾਪਮਾਨ ਚੜ੍ਹ ਰਹੇ,
ਧਰਤੀਆਂ : ਜੰਗਲ ਦੀ ਅੱਗ-
ਮੌਸਮ ਵੀ ਹਨ ਬਦਲ ਰਹੇ !!!

**4.**
ਉੱਤਰੀ ਤੇ ਦੱਖਣੀ ਧਰੁੱਵ,
ਪਲ, ਪਲ ਖੁਰ ਰਹੇ।
ਗਲੇਸ਼ੀਅਰ ਟੁੱਟ ਰਹੇ,
ਬਰਫ ਦੇ ਤੋਦੇ ਅਨੇਕ,
ਸਾਗਰਾਂ ਲਈ,
ਚੱਕ੍ਰਵਯੂਹ ਬਣ ਰਹੇ,
ਮੱਛੀਆਂ, ਮੱਲਾਹਾਂ ਲਈ,
ਤਵਾਰੀਖਦਾਨਾਂ
ਤੇ
ਸੱਯਾਹਾਂ ਲਈ !!!

**5.**
ਗਲੋਬਲ ਵਾਰਮਿੰਗ,
ਇਕ ਸਵਾਲ ?

ਇਹ ਕੈਸਾ ਮਨੁੱਖ ?

ਆਪੇ ਹੀ, ਆਪਣੀ ਚੜ੍ਹਾਈ,
ਆਪੇ ਹੀ, ਆਪਣਾ ਜ਼ਵਾਲ ???


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ

ਬਾਹਰ,
ਬਰਫ਼-ਬਾਰੀ ਹੋ ਰਹੀ ਹੈ !
ਬਰਫ਼ ਦੇ ਅਸਹਿ ਭਾਰ ਹੇਠ
ਹਵਾ ਦੇ ਕਹਿਰੀ ਰੂਪ ਸੌਂਹੇਂ,
ਜੰਗਲਾਂ ਦੇ ਜੰਗਲ
ਕੜਕਵੀਂ ਟੁੱਟ, ਭੱਜ ਦੇ ਵਿਚ,
ਉਲਝ ਗਏ !

ਸ਼ਹਿਰੀ ਰੁੱਖਾਂ ਦੇ ਭਾਰ ਥੱਲੇ,
ਬਿਜਲੀ ਦੀਆਂ ਤਾਰਾਂ
ਟੁੱਟ ਗਈਆਂ ਹਨ,
ਬੱਤੀਆਂ ਗੁਲ,
ਚੁੱਲ੍ਹੇ ਠੰਡੇ ਹਨ-

ਕੰਪਿਊਟਰ, ਟੀ.ਵੀ., ਸਟੀਰੀਓ-
ਸਭ ਖੜ੍ਹ ਗਏ ਹਨ,
ਦੀਵਾਰ ਨਾਲ ਲੱਗੇ ਲੋਕ,
ਆਪਣੇ ਅੰਦਰ ਵੜ ਗਏ ਹਨ !

ਸੜਕ ਉੱਤੇ,
ਸ਼ੀਸ਼ੇ ਵਰਗੀ ਬਰਫ਼,
ਪੈਰ, ਤਿਲ੍ਹਕੇ ਵਾਹਣ ਸੱਭੇ,
ਇਕ ਦੂਜੇ ਵਿਚ ਟਕਰਾ ਕੇ,
ਹਾਦਸਾ ਬਣ, ਖੜ੍ਹ ਗਏ ਹਨ।

ਸ੍ਵੈ-ਰੱਖਿਆ : ਤੰਗ ਦ੍ਰਿਸ਼ਟੀ !
ਸਰਬ-ਰੱਖਿਆ ਹੈ ਅਪਾਹਜ !!!
ਮੌਤ ਦਾ ਪਹਿਰਾ ਹੈ ਜੀਕੂੰ ਹਰ ਤਰਫ਼,
ਜ਼ਿੰਦਗੀ ਸਹਿਮੀਂ ਹੋਈ ਹੈ ਬੇਜ਼ਬਾਨ !!!


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਆਉਣ ਵਾਲੇ,
ਪੂਰਾ-ਤਤਵ ਖੋਜੀਆਂ ਲਈ,
ਮੰਮੀਆਂ ਦਾ ਵਣ,
ਬਣ, ਖੜੋ ਗਈ !!!

"ਪਰਲੋ ਤੋਂ ਪਹਿਲਾਂ, ਸਰਬ-ਨਾਸ਼ ???"

"ਮੌਤ ਬਿਨ, ਜੀਵਨ ਦਾ ਅੰਤ ???"

"ਇਹ ਕਿਹੀ ਫੈਂਟਸੀ ?"

"ਇਹ ਕਿਹਾ ਸੱਚ ਹੈ ???"

ਪ੍ਰਸ਼ਨ ਬਣ, ਚਿੰਤਨ ਮੇਰਾ,
ਸੋਚ ਮੇਰੀ ਨੂੰ ਜਿਵੇਂ ਵੰਗਾਰਦਾ :

"ਝਟਕ ਆਪਣਾ ਆਪ !"

"ਆਪਣੇ ਅੰਦਰ ਨੂੰ ਜੋੜ !!!"

"ਹਿੰਮ-ਸੀਤ ਠਾਰ ਤੋੜ !!"

"ਹੋਂਦ ਨਾਲ, ਨਾਤਾ ਜੋੜ !!!"
... ...
... ...
ਬਾਹਰ,
ਬਰਫ਼-ਬਾਰੀ ਹੋ ਰਹੀ ਹੈ !!!

## ਦਿਲ ਦੀ ਬਾਤ ਅਲਹਿਦੀ

-ਚਾਰ ਸਾਲਾਂ ਵਿਚ, ਦਿਲ ਦੇ ਤਿੰਨ ਉਪਰੇਸ਼ਨਾਂ ਤੋਂ ਬਾਅਦ-

ਤਿੰਨ ਵਾਰੀ ਇਹਨੂੰ ਬੰਦ ਕੀਤਾ
ਤਿੰਨ ਵਾਰ ਚਲਾਇਆ !


Academy of the Punjab in North America - APNA: http://www.apnaorg.com

ਤਿੰਨ ਮੌਤਾਂ, ਤਿੰਨ ਜੀਵਨ ਬਣੀਆਂ
ਇਸ ਦਿਲ ਦਾ ਸਰਮਾਇਆ !

[1] ਦਿਲ-ਫੇਫੜੇ-ਜੰਤਰ 'ਤੇ ਲਾ
[2] ਖ਼ੂਨ ਚਲਾਇਆ, ਸਾਹ ਦੁਆਇਆ !
ਸਾਇੰਸ-ਬੋਧ ਦੇ ਤਰਕ ਦੁਆਰਾ,
ਕਰਮ-ਕਾਂਡ, ਈਸ਼ਵਰ ਝੁਠਲਾਇਆ !

[3] ਕੱਟ, ਵੱਢ ਕੀਤੀ ਤੇ ਨਾੜਾਂ ਨੂੰ
ਰੱਸੀ ਵਾਂਗੂੰ ਜੋੜ ਲਗਾਇਆ !
ਡੁੱਬ, ਡੁੱਬ ਪੈਂਦੇ ਸੂਰਜ ਤਾਂਈਂ
ਕਿਸ ਦੀ ਅੱਖ ਦਾ ਨੂਰ ਬਣਾਇਆ ???

ਬਾਕੀ ਵੈਲਵ ਅਜੇ ਵੀ ਕਾਇਮ
ਇਕ ਦੀ ਥਾਂਵੇਂ ਪਈ ਮਸ਼ੀਨ[4]।
ਨੀਵੇਂ ਹੋ ਗਏ ਅੰਬਰ ਅੱਜ, ਤੇ
ਉੱਚੀ ਹੋ ਗਈ ਅੱਜ ਜ਼ਮੀਨ।

ਰੱਬ ਨੂੰ ਬਣੇ ਚੁਣੌਤੀ, ਅੱਜ, ਇਹ
ਦਿਲ ਦੀ ਥਾਂ, ਮਸ਼ੀਨੀ ਦਿਲ[5] !
ਜੀਵਨ, ਮੌਤ ਦੇ ਅਰਥ ਬਦਲਦੇ,
ਰੱਬ ਦੀ ਥਾਂ ਮਸ਼ੀਨੀ ਦਿਲ।

[6] ਥੈਲੀ ਵਿੱਚੋਂ ਕੱਢ ਏਸ ਨੂੰ
ਦੇ ਦਿੱਤੀ ਪੂਰਨ ਆਜ਼ਾਦੀ[7] !
ਦਿਲ ਦੀ ਬਾਤ ਅਜੇ ਵੀ ਦਿਲ ਵਿਚ,
ਦਿਲ ਦੀ ਬਾਤ ਅਲਹਿਦੀ !!!

---

1. Heart-Lung Machine, 2. Pumped Blood and Facilitated oxygen supply for substitute breathing, 3. Open-Heart Surgery for Heart-Bypass and grafting arteries, 4. Machanical Valve-Transplant 5. Machanical Heart, 6. Pericardium (ਥੈਲੀ, ਝਿੱਲੀ), 7. Peticardiectomy – ਦਿਲ ਉੱਤੋਂ Pericardium (ਥੈਲੀ) ਨੂੰ ਲਾਹੁਣ ਲਈ ਕੀਤੀ ਜਾਂਦੀ ਸਰਜਰੀ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

# ਪਿੰਡ ਤੇ ਬ੍ਰਹਮੰਡ ਵਿਚਕਾਰ ਲਟਕਦੇ ਪਰਵਾਸੀ

ਗੁੱਲੀ ਡੰਡਾ ਖੇਡਦੇ, ਖੇਡਦੇ,
ਕੰਪਿਊਟਰ ਯੁੱਗ ਵਿਚ ਪਹੁੰਚ ਗਏ-
ਪਰ ਕੰਪਿਊਟਰ ਦੀ ਭਾਸ਼ਾ ਨਾ ਸਿੱਖੀ !

ਲੂਣ, ਤੇਲ, ਲੱਕੜੀਆਂ 'ਚ ਹੀ ਫਸੇ ਰਹੇ,
ਕੁੱਲੀ, ਗੁੱਲੀ, ਜੁੱਲੀ ਦੀ ਚਿੰਤਾ ਦੇ ਵਿਚ-
ਦਸ, ਦਸ, ਬਾਰਾਂ, ਬਾਰਾਂ ਘੰਟੇ ਦੀਆਂ
ਸ਼ਿਫਟਾਂ ਲਗਾਈਆਂ 7 ਨਹੀਂ ਤਾਂ 6 ਦਿਨ !

ਜੋ ਕੁਝ ਸਿੱਖਿਆ ਸੀ, ਉਹ ਭੁੱਲ ਗਏ !
ਜੋ ਸਿੱਖਣਾ ਸੀ, ਉਸ ਤੋਂ ਟੁੱਟ ਗਏ !
ਉਹ ਲਗਾਤਾਰ ਬੀਤਦੇ ਹੋਏ ਵੀ,
ਕੰਮ ਤੇ ਘਰ ਦੇ ਵਿਚਕਾਰ, ਲਟਕ ਕੇ-
ਰੁਕਦੇ, ਰੁਕਦੇ, ਰੁਕ ਗਏ !

ਬੱਚੇ ਕੇਵਲ ਕੰਪਿਊਟਰ ਦੀ ਭਾਸ਼ਾ
ਬੋਲਦੇ, ਪੜ੍ਹਦੇ, ਸੁਣਦੇ ਤੇ ਲਿਖਦੇ ਹਨ !
ਉਨ੍ਹਾਂ ਲਈ ਖੇਡ ਦਾ ਮੈਦਾਨ,
ਮਨੋਰੰਜਨ ਦਾ ਸਭ ਸਾਮਾਨ,
ਗਿਆਨ, ਧਿਆਨ ਤੇ ਵਿਗਿਆਨ-
ਇਹ ਕੰਪਿਊਟਰ ਹੈ !!!

ਸੰਗੀਤ, ਫ਼ਿਲਮਾਂ ਤੇ ਸੌਲੀਟੇਅਰ-
ਹਰ ਕਾਰ ਸ੍ਵੈ ਦੁਆਲੇ ਘੁੰਮਦੀ,
ਆੜੀ ਦੀ ਕੋਈ ਲੋੜ ਨਹੀਂ !

ਮਾਪਿਆਂ ਨੂੰ ਉਨ੍ਹਾਂ ਦੀ ਭਾਸ਼ਾ,
ਉਨ੍ਹਾਂ ਦਾ ਮੁਹਾਵਰਾ ਤੇ ਵਤੀਰਾ,
ਸਭ ਕੁਝ ਓਪਰਾ, ਓਪਰਾ, ਅਜਨਬੀ-
ਬਦੇਸ਼ੀ ਜਿਹਾ ਜਾਪਦਾ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਬੱਚੇ ਕੰਪਿਊਟਰ ਮੂਹਰੇ ਬੈਠੇ, ਬੈਠੇ ਹੀ-
ਗਲੋਬਲ ਪਿੰਡ ਬਣ ਜਾਂਦੇ ਹਨ
ਤੇ ਮਾਂ ਬਾਪ,
ਯਤਨ ਕਰ ਕੇ ਵੀ,
ਬੱਚਿਆਂ ਤਕ ਪਹੁੰਚ ਨਹੀਂ ਪਾਉਂਦੇ।

ਇਕ ਖਲਾਅ ਉੱਸਰਦੀ ਰਹੀ ਹੈ, ਲਗਾਤਾਰ-
ਦੋ ਪੀੜ੍ਹੀਆਂ ਵਿਚਕਾਰ !

ਬੱਚੇ ਬ੍ਰਹਮੰਡ ਬਣ ਰਹੇ, ਪਰ ਮਾਂ, ਬਾਪ-
ਪਿੰਡ ਨਾਲੋਂ ਵੀ ਟੁੱਟ ਗਏ !

ਸ਼ੂਨਯ ਵਿਚ ਵਿਚਰਦੀ ਹੈ, ਬੇਲਚਕ-
ਪਿਛਲੀ ਪੀੜ੍ਹੀ ਖਲਾਅ ਵਿਚ ..
... ...
... ...

ਜਿਸ ਤਰ੍ਹਾਂ ਰੇਸ਼ਮ ਦਾ ਕੀੜਾ,
ਖ਼ਤਮ ਹੁੰਦਾ,
ਰੇਸ਼ਮ ਪੈਦਾ ਕਰਨ ਦੀ ਸਜ਼ਾ ਵਿਚ !!!

## ਉਮਰ ਦੀ ਢਲਾਣ ਤੇ ਮੁਹੱਬਤ

ਮੁਹੱਬਤ,
ਹਰ ਸਮੇਂ ਕੋਲ ਹੁੰਦੀ ਹੈ, ਪਰ
ਜਜ਼ਬਾ, ਇੱਛਾ, ਵਲਵਲਾ-
ਕੁਝ ਵੀ ਨਹੀਂ ਬਣਦੀ !

ਮਨ ਵਿਚ,
ਤਣਾ ਰਹਿੰਦਾ ਹੈ, ਹਰ ਸਮੇਂ-


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਪਰ ਇਹ ਤਣਾ, ਤਣੀ-
ਸ਼ਿੱਦਤ ਨਹੀਂ ਬਣਦੀ !

ਸਾਰੇ ਅੰਕ,
ਇਕ ਦਾਇਰੇ 'ਚ ਘੁੰਮਦੇ-
ਦਾਇਰੇ 'ਚ, ਪਰ
ਸਿਫ਼ਰ-ਸਥਿਤੀ ਵਿਚਰਦੀ !

ਹਵਾ ਵੀ,
ਹਉਕੇ ਵਰਗੀ ਜਾਪਦੀ !
ਫੁੱਲ ਦੀ ਪੱਤੀ 'ਤੇ ਤ੍ਰੇਲ ਦਾ ਤੁਪਕਾ-
ਹੁਸਨ ਦਾ ਮੁੜ੍ਹਕਾ ਨਹੀਂ,
ਖੁਦ ਤੋਂ,
ਸਭ ਤੋਂ ਵਿੱਛੜੀ ਹੋਈ-
ਬਿਰਹਨ ਦਾ ਹੰਝੂ ਜਾਪਦਾ !

ਝਰਨਿਆਂ ਦੇ ਸ਼ੋਰ 'ਚੋਂ-
ਦਰਿਆਵਾਂ ਦੇ, ਸਾਗਰਾਂ ਵਿਚ,
ਸਦਾ ਲਈ, ਗੁੰਮ ਜਾਣ ਦੇ,
ਸੁਰ ਉੱਭਰਦੇ !

ਝੜ ਗਏ ਪੱਤੇ, ਜਿਵੇਂ-
ਰੁੱਖ ਨੂੰ ਚਿੰਮੜੇ ਹੋਏ,
ਖੜਖੜਾਂਦੇ ਪੱਤਿਆਂ ਵਲ,
ਹਵਾ ਦੇ ਰੁਖ,
ਵੇਖਦੇ ਤੇ ਹੱਸਦੇ !

ਰੁੱਖ ਨੂੰ, ਬੀ ਵਿਚ ਸਮਾ,
ਕੁਦਰਤ ਦਾ ਭੇਤ ਦੱਸਦੇ !

ਰੁੱਤ ਹੁੰਦੀ ਸੀ ਕਦੇ-
ਮਨ 'ਤੇ,


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਤਨ, ਆਤਮਾਂ 'ਤੇ-
ਇਕ ਮੁਹੱਬਤ ਆਪਣੀ ਦੀ !

ਤਨ, ਪਰ, ਹੁਣ ਨਾਲ ਇਸ ਦੇ,
ਤੁਰਨ ਦੇ ਕਾਬਲ ਨਹੀਂ ...
... ...
ਮਨ ਤਾਂ ਚਾਹੁੰਦਾ ਹੈ ਬੜਾ ...
... ...
... ...
ਮਨ ਤਾਂ ਚਾਹੁੰਦਾ ਹੈ ਬੜਾ ...
... ...
... ...

ਹਰ ਤਰਫ਼ ਸੂਰਜ ਦਾ ਚੜ੍ਹਾ-
ਮੇਰੇ ਅੰਦਰ ਕਿਉਂ ਤਣਾ ???
... ...
... ...

ਮੁਹੱਬਤ,
ਹਰ ਸਮੇਂ ਕੋਲ ਹੁੰਦੀ ਹੈ, ਪਰ
ਜਜ਼ਬਾ, ਇੱਛਾ, ਵਲਵਲਾ-
ਕੁਝ ਵੀ ਨਹੀਂ ਬਣਦੀ !!!

## ਭੂਗੋਲੇ ਵਿਚ ਘਿਰੇ ਲੋਕ

ਮੇਰੀ ਕਥਾ ਸੁਣਦੇ, ਸੁਣਦੇ
ਆਕਾਸ਼, ਪਹਾੜ ਕੋਲ ਆ ਗਿਆ !
ਮੇਰੀ ਕਥਾ ਸੁਣਦੇ, ਸੁਣਦੇ,
ਪਹਾੜ ਧਾਰ ਬਣ ਵਗ ਤੁਰਿਆ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਨਦੀਆਂ ਦੇ ਗੋਰਖਧੰਦੇ 'ਚੋਂ ਗੁਜ਼ਰਦਾ
ਸਾਗਰ ਬਣ ਗਿਆ !

ਇਕ ਪਹਾੜ ਸਾਗਰ ਵਿਚ ਖੜੋਤਾ ਹੈ
ਫੈਲਿਆ ਹੋਇਆ, ਕਿਤੇ ਉੱਚਾ, ਕਿਤੇ ਨੀਵਾਂ-
ਨਿੱਕੇ, ਨਿੱਕੇ ਦੀਪ ਬਣਿਆਂ, ਪਾਣੀ ਤੋਂ ਉੱਪਰ,
ਪਾਣੀ ਤੋਂ ਹੇਠਾਂ
ਸਭ ਕੁਝ ਆਜ਼ਾਦ ਹੁੰਦਿਆਂ ਵੀ
ਇਕ ਬਹੁਤ ਵੱਡੀ ਕੈਦ ਵਿਚ ਹੈ
ਭੂਗੋਲੇ ਵਿਚ ਘਿਰਿਆ ਹੋਇਆ ਹੈ, ਸਭ ਕੁਝ।

ਪੈਦਲ ਤੁਰਨ ਵਾਲੇ, ਵਿਮਾਨ ਬਣ ਗਏ ਹਨ ...
ਧਰਤੀ ਅਜੇ ਵੀ ਫੱਟਦੀ ਹੈ
ਜਵਾਲਾਮੁਖੀ ਅਜੇ ਵੀ ਫੁੱਟਦਾ ਹੈ ...
ਪਾਣੀ ਦਾ ਅੰਨ੍ਹਾਂ ਜ਼ੋਰ
ਸਭ ਕੁਝ ਹੜਾ ਕੇ ਲੈ ਜਾਂਦਾ ਹੈ।
ਭੂਗੋਲੇ ਵਿਚ ਘਿਰੇ ਲੋਕ
ਆਦਿ-ਕਾਲ, ਅਨ੍ਹੇਰ-ਕਾਲ ਤੋਂ
ਜੰਮ ਵੀ ਰਹੇ ਹਨ, ਲਗਾਤਾਰ, ਮਰ ਵੀ
ਰੁੱਖਾਂ ਨੂੰ ਅੱਗ ਪੈਂਦੀ ਹੈ, ਤਾਂ
ਬੀਆਂ 'ਚੋਂ ਵਣ ਫੁੱਟ ਪੈਂਦੇ ਹਨ !

ਸਭ ਕੁਝ ਵਾਪਰ ਵੀ ਜਾਂਦਾ ਹੈ, ਤਾਂ ਸਥਿਤੀ ਨਹੀਂ ਬਦਲਦੀ,
ਕੁਝ ਵੀ ਨਹੀਂ ਵਾਪਰਦਾ, ਤਾਂ ਉਡੀਕ ਜਿਹੀ ਬਣੀ ਰਹਿੰਦੀ ਹੈ।
ਜੀਵਨ ਦਾ ਜਸ਼ਨ ਕਰ ਰਹੇ ਲੋਕ,
ਮੌਤ ਤੋਂ ਤ੍ਰਹਿੰਦੇ ਹਨ
ਭੂਗੋਲੇ ਵਿਚ ਘਿਰੇ ਲੋਕ,
ਭੂਗੋਲੇ ਵਿਚ ਰਹਿੰਦੇ ਹਨ-
ਹੱਸਦੇ ਹਨ, ਰੋਂਦੇ ਹਨ, ਚੁੱਪ, ਕੁਝ ਕਹਿੰਦੇ ਹਨ !!!



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਸਮਾਨ-ਅੰਤਰ ਰਿਸ਼ਤੇ

ਬੜੀ ਦੇਰ ਤੋਂ
ਸੜਕ ਦੇ ਵਿਚਕਾਰ ਤੁਰ ਰਿਹਾ ਹਾਂ !

ਸੜਕ ਦੇ ਦੋਂਹਾਂ
ਕਿਨਾਰਿਆਂ ਦੇ ਨਾਲ, ਨਾਲ
ਡਰ ਤਾਂ ਨਹੀਂ,
ਪਰ ਸ਼ੰਕਾ ਜਿਹਾ ਬਣਿਆਂ ਰਹਿੰਦਾ ਹੈ
ਕਿ ਜੇ ਇੰਜ ਨਾ ਕੀਤਾ,
ਤਾਂ ਭੁੱਲ, ਭਟਕ ਜਾਵਾਂਗਾ।

ਇਹ ਕੰਢਾ,
ਜਾਂ ਉਹ ਕੰਢਾ,
ਕੀ ਫ਼ਰਕ ਪੈਂਦਾ ਹੈ ?

ਦੋਂਹ ਕੰਢਿਆਂ ਵਿਚਕਾਰ ਵੀ ਤਾਂ
ਸੜਕ ਦੀ ਇਕ ਵੰਡਣ-ਰੇਖਾ ਹੈ,
ਜੋ ਸਦਾ ਹੀ,
ਇਨ੍ਹਾਂ ਦੇ ਨਾਲ, ਨਾਲ,
ਤੁਰੀ ਰਹਿੰਦੀ ਹੈ।
ਫਾਸਲੇ ਇਵੇਂ ਤਣੇ ਰਹਿੰਦੇ ਨੇ,
ਨੇੜਤਾ ਇਵੇਂ ਕਾਇਮ ਰਹਿੰਦੀ ਹੈ !!!

## ਖਤਰੇ ਦੀ ਘੰਟੀ

ਜਿੱਧਰ ਦੇਖੋ ਗੰਦ ਤੇ ਕੂੜਾ
ਪ੍ਰਦੂਸ਼ਣ ਦਾ ਘੇਰਾ
ਧੂੰਆਂ, ਗੈਸ, ਮੀਂਹ ਤੇਜ਼ਾਬੀ
ਮੌਤ ਦਾ ਸਹਿਮ ਘਨੇਰਾ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਰੁੱਤਾਂ ਬਦਲੀਆਂ, ਤਾਪਮਾਨ ਵੀ
ਧੁੰਦ ਖਾ ਗਈ ਸਵੇਰਾ,
ਵਾਤਾਵਰਨ ਨੂੰ ਖੋਰਾ ਲੱਗਾ
ਬਚਿਆ ਇਸ ਤੋਂ ਕਿਹੜਾ ?

ਸੱਤਾ ਅਤੇ ਸਿਆਸਤ ਵਿਚ ਵੀ
ਪ੍ਰਦੂਸ਼ਣ ਦਾ ਡੇਰਾ
ਜੀਵਨ, ਘਰ, ਸਮਾਜ ਵੀ ਗੰਦੇ
ਬਚਿਆ ਸਿਸਟਮ ਕਿਹੜਾ ?

ਰਿਸ਼ਤੇ ਵੀ ਪ੍ਰਦੂਸ਼ਤ ਹੋਏ
ਹਰ ਥਾਂ ਸੁਆਰਥ-ਡੇਰਾ
ਰਿਸ਼ਵਤ, ਭ੍ਰਿਸ਼ਟਾਚਾਰ ਦਾ ਮੌਸਮ
ਆਦਮ-ਖੋਰ ਅਨ੍ਹੇਰਾ

ਮਾਨਵ ਵਿੱਚੋਂ ਮਾਨਵ ਗ਼ਾਇਬ
ਗ਼ੈਰ-ਮਨੁੱਖੀ ਰੈਣ-ਬਸੇਰਾ
ਗ਼ੁਰਬਤ ਤੇ ਅਨਿਆਂ ਵਿਚ ਡੁੱਬਾ
ਸੂਰਮਿਆਂ ਦਾ ਜੇਰਾ

ਗਲੋਬਲ ਪਿੰਡ ਤੋਂ ਰੁੱਸਿਆ ਸੂਰਜ
ਲੈ ਗਿਆ ਨਾਲ ਸਵੇਰਾ
ਕੇਂਦਰੋ ਟੁੱਟੇ ਗਿਆਨ ਤੇ ਸਾਇੰਸ
ਦਿਸ਼ਾ-ਹੀਣ ਹਰ ਗੇੜਾ

ਬਿਫਰਿਆ ਸਾਗਰ, ਘਟ ਚੜ੍ਹ ਆਈ
ਛਾਇਆ ਘੁੱਪ ਹਨੇਰਾ
ਬੇੜੀ ਛਲਣੀ ਛੇਕਾਂ ਅੰਦਰ
ਮੰਜ਼ਲ ਕਿਹੜੀ ? ਰਸਤਾ ਕਿਹੜਾ ???

ਵਾਯੂ ਕਿਧਰੇ ਸੀਤ ਲਹਿਰ ਹੈ


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਕਿਧਰੇ ਬਣਦੀ ਅੱਗ ਦਾ ਘੇਰਾ
ਸਾਗਰ ਕਿਤੇ ਸੁਨਾਮੀਂ ਬਣਦੇ
ਜੰਗਲ, ਦਾਵਾਨਲ ਘਨੇਰਾ

ਹਰ ਪਾਸੇ ਖ਼ਤਰੇ ਦੀ ਘੰਟੀ
ਹਰ ਪਾਸੇ ਗਿਰਝਾਂ ਦਾ ਡੇਰਾ
ਗੂੰਗਾ, ਬੋਲਾ, ਅੰਨ੍ਹਾਂ ਮਾਨਵ
ਕਹੇ, ਸੁਣੇ ਤੇ ਵੇਖੇ ਕਿਹੜਾ ???

## ਮਨ ਦੇ ਹਾਣੀ

ਮਨ ਦੇ ਹਾਣੀ ਕਿੱਥੋਂ ਲੱਭੀਏ ?
ਮਨ ਦੇ ਹਾਣ ਨਾ ਲੱਭਦੇ।
ਤਨ ਦੀ ਭਾਸ਼ਾ ਬੋਲਣ ਸਾਰੇ
ਬੂਹੇ ਬੰਦ ਨੇ ਸੱਭ ਦੇ।

ਕੰਧਾਂ ਦੀ ਵਲਗਣ ਦੇ ਅੰਦਰ
ਘਿਰ ਗਈ ਰੂਹ ਦੀ ਬਾਣੀ।
ਮਾਵਾਂ ਕੋਲੋਂ ਪੁੱਤ ਵਿਛੜ ਗਏ
ਹਾਣੀਆਂ ਕੋਲੋਂ ਹਾਣੀ।

ਟੁੱਟੇ ਰਿਸ਼ਤੇ, ਤਿੜਕੇ ਸ਼ੀਸ਼ੇ
ਧਰਤੀ ਵਿਚ ਦਰਾੜਾਂ।
ਅੰਬਰ ਨੂੰ ਵੀ ਵੰਡਣਾਂ ਚਾਹਵਣ
ਵੰਡਣੀਆਂ ਚਾਹੁਣ ਹਵਾਵਾਂ।

---

* ਕਾਵਿ-ਨਾਟਕ : "ਮਨ ਦੇ ਹਾਣੀ" ਦਾ ਥੀਮ ਗੀਤ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮਹਿਕਾਂ ਨੂੰ ਡੱਬੀ ਬੰਦ ਕਰਕੇ
ਫੁੱਲ ਸਭ ਤੋੜ ਖਿਲਾਰੇ।
ਪੱਤੀ, ਪੱਤੀ ਸੋਚ ਬਿਖਰ ਗਈ
ਵਿੱਛੜੇ ਖ਼ੁੱਦ ਤੋਂ ਸਾਰੇ।

ਵਿਚ ਖਲਾਅ ਦੇ ਉੱਡਦੇ ਫਿਰਦੇ
ਖਿੱਚੋਂ ਵਿਰਵੇ ਸਾਰੇ।
ਬੇਪਛਾਣ ਅਜਨਬੀ ਬਣ ਗਏ
ਸਭ ਦੇ ਸਭ ਸਹਾਰੇ।

ਮਨ ਦੀ ਭਾਸ਼ਾ ਬੋਲੇ ਜਿਹੜਾ
ਉਸ ਨੂੰ ਕਾਫ਼ਰ ਕਹਿੰਦੇ।
ਖਿੜਕੀ ਬੰਦ, ਭੀੜੀਆਂ ਨਜ਼ਰਾਂ—
ਬੰਦੇ ਕਿੱਥੇ ਰਹਿੰਦੇ ?

ਰਾਜਨੀਤੀਆਂ ਵਿਚ ਵੀ ਜੰਗਲ,
ਨੇਤਾ ਜੰਗਲ ਦੀ ਸੰਤਾਨ।
ਅਮਨ, ਸ਼ਾਂਤੀ, ਪਿਆਰ, ਮੁਹੱਬਤ
ਢੂੰਡ ਰਹੇ ਸਭ ਮਨ ਦਾ ਹਾਣ।

ਮਨ ਦੇ ਹਾਣੀ ਕਿੱਥੋਂ ਲੱਭੀਏ ?
ਮਨ ਦੇ ਹਾਣ ਨਾ ਲੱਭਦੇ।
ਤਨ ਦੀ ਭਾਸ਼ਾ ਬੋਲਣ ਸਾਰੇ
ਬੂਹੇ ਬੰਦ ਨੇ ਸੱਭ ਦੇ।

## ਰੁੱਤ ਜਸ਼ਨਾਂ ਦੀ

ਅੰਦਰ ਦੀ ਤਪਸ਼ ਸਾੜੇ
ਬਾਹਰ ਦੀ ਠੰਡ ਠਾਰੇ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਧੁੱਪਾਂ ਨੇ ਰੂਪ ਬਦਲੇ
ਛਾਵਾਂ ਦੇ ਰੰਗ ਨਿਆਰੇ

ਰੁੱਖਾਂ 'ਚੋਂ ਬਰਫ਼ ਜਾਗੀ
ਰੰਗਾਂ ਨੂੰ ਅੱਗ ਲੱਗੀ
ਸੱਤ ਰੰਗੀਆਂ 'ਚੋਂ ਸੂਰਜ
ਬੰਨ੍ਹਦਾ ਪਿਆ ਨਜ਼ਾਰੇ

ਅਗਨੀ ਤੇ ਜਲ ਦੀ ਭਾਸ਼ਾ
ਰੇਤੇ, ਸਮੁੰਦ ਦੀ ਬਾਣੀ
ਚਿੰਤਨ ਤੇ ਸ਼ਬਦ ਮਾਨਵ
ਸ਼ੀਸ਼ੇ 'ਚ ਸਭ ਉਤਾਰੇ

ਜੀਵਨ ਦਾ ਜਸ਼ਨ ਹੈ ਇਹ
ਹੈ ਜਸ਼ਨ ਮੌਤ ਦਾ ਵੀ
ਸਿਵੇ ਨੂੰ ਕਰਦਾ ਰੌਸ਼ਨ
ਕੋਈ ਜਨਮ ਅੱਗ 'ਚੋਂ ਧਾਰੇ

ਸੱਚ ਦਾ ਭਰਮ ਵੀ ਜੀਵੇ
ਜੀਵੇ ਭਰਮ ਦਾ ਸੱਚ ਵੀ
ਜੀਵਨ ਤੇ ਮਰਨ ਵਿਚ ਕੋਈ
ਇਸ ਧਰਤ ਨੂੰ ਸ਼ਿੰਗਾਰੇ !!!

## ਸਾਧਾਰਨ ਆਦਮੀ

ਸਾਧਾਰਨ ਆਦਮੀਂ ਦੀ ਦੁਨੀਆਂ
ਬਹੁਤੀ ਵੱਡੀ ਨਹੀਂ ਹੁੰਦੀ।
ਉੱਪਰ ਚਾਦਰ ਤੇ ਛੱਤ
ਹੇਠਾਂ ਦੋ ਵਕਤ ਦੀ ਰੋਟੀ,
ਰੁਜ਼ਗਾਰ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਸਾਧਾਰਨ ਆਦਮੀ ਦੀ ਛੱਤ ਹੀ,
ਉਸ ਦਾ ਅਸਮਾਨ ਹੁੰਦੀ ਹੈ,
ਤਾਰੇ, ਚੰਦ ਤੇ ਸੱਤ ਰੰਗੀਆਂ ਪੀਂਘਾਂ।

ਪੇਟ ਭਰਨ ਨਾਲ, ਸੂਰਜ ਵੀ
ਇਸ ਦੇ ਹੇਠਾਂ ਹੀ ਚੜ੍ਹਦਾ ਹੈ
ਤੇ ਭੁੱਖਿਆਂ ਰਹਿਣ ਨਾਲ
ਏਥੇ ਕਿਤੇ ਹੀ ਡੁੱਬ ਜਾਂਦਾ ਹੈ—

ਕਈ, ਕਈ ਦਿਨ ਲਗਾਤਾਰ
ਚੜ੍ਹਿਆ ਰਹਿੰਦਾ ਹੈ ਤੇ ਡੁੱਬਦਾ ਵੀ
ਇਸੇ ਤਰ੍ਹਾਂ ਅਨਿਸਚਤ ਸਮੇਂ ਲਈ !

ਸਾਧਾਰਨ ਆਦਮੀ
ਦਿੱਲੀ, ਦੱਖਣ ਜਾਂਦਾ ਹੈ
ਮੁੰਬਈ ਕੌਲਕੌਤਾ ਵੀ—

ਛੱਤ ਹੇਠ ਸੁੰਗੜਿਆ, ਸਹਿਮਿਆਂ—
ਉਸ ਦਾ ਘਰ, ਪਰਵਾਰ,
ਉਸਦਾ ਸਮਾਜ ਤੇ ਜਹਾਨ
ਵੀ ਉਸ ਦੇ ਨਾਲ ਹੀ ਜਾਂਦਾ ਹੈ :
ਉਸ ਦੀ ਕੁੱਲੀ, ਜੁੱਲੀ, ਗੁੱਲੀ ਦੀ ਵਿਥਿਆ।

ਲੰਡਨ ਵਿਚ, ਲੰਡਨ ਨਜ਼ਰ ਨਹੀਂ ਆਉਂਦਾ,
ਨਿਯੂ ਯਾਰਕ ਵਿਚ, ਨਿਯੂ ਯਾਰਕ !

ਉਹ ਜਿੱਥੇ ਵੀ ਜਾਂਦਾ ਹੈ,
ਆਪਣੀ ਚਾਦਰ, ਛੱਤ
ਤੇ ਆਪਣਾ ਅਸਮਾਨ,
ਨਾਲ ਲੈ ਕੇ ਜਾਂਦਾ ਹੈ,
ਇਨ੍ਹਾਂ ਹੇਠਾਂ ਵਿਚਰਦਾ ਹੈ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਅਖ਼ਬਾਰਾਂ, ਟੀ.ਵੀ., ਨੇਤਾ
ਬਹੁਤ ਸ਼ੋਰ ਪਾਉਂਦੇ ਹਨ !

ਚਾਰ, ਪੰਜ ਸਾਲ ਬਾਅਦ,
ਉਹ ਵੀ ਵੋਟ ਪਾ ਆਉਂਦਾ ਹੈ
ਤੇ ਫਿਰ
ਆਪਣੀ ਚਾਦਰ,
ਆਪਣੀ ਛੱਤ,
ਆਪਣੇ ਅਸਮਾਨ ਹੇਠ
ਸਿਮਟ ਜਾਂਦਾ ਹੈ,
ਸਾਧਾਰਨ ਆਦਮੀਂ !

## ਕਿੱਤਾਕਾਰੀ ਮੁਸਕਾਨ

ਕਿੱਤਾਕਾਰੀ ਮੁਸਕਾਨ,
"ਜੀ ਆਇਆਂ" ਆਖਦੀ ਹੋਈ ਵੀ,
ਰਿਸ਼ਤੇ ਵਿਚ ਨਹੀਂ ਬਦਲਦੀ !

ਹਰ ਹਫ਼ਤੇ,
ਅੱਠ ਘੰਟੇ, ਪੰਜ ਦਿਨ,
ਉਸ ਉੱਤੇ ਇਹ ਮੌਸਮ
ਇਕਸਾਰ ਰਹਿੰਦਾ ਹੈ
ਤੇ ਫਿਰ,
ਕੰਮ ਦੇ,
ਦਿਨ-ਅੰਤ 'ਤੇ,

ਸਰਦਲ ਟੱਪਦਿਆਂ ਹੀ,
ਸਭ ਕੁਝ ਬਦਲ ਜਾਂਦਾ ਹੈ !

ਘਰ ਦੀਆਂ ਕੰਧਾਂ ਦਾ ਚੱਕ੍ਰਵਯੂਹ,
ਸੜਕਾਂ ਦੇ ਉਲਝੇਵੇਂ,


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਮਹਾਂ ਨਗਰ—
ਦਿਸ਼ਾਵਾਂ ਤੇ ਨਿਗਾਹਾਂ ਦਾ ਭੰਬਲਭੂਸਾ,
ਸਾਡੇ ਵਾਂਗ ਹੀ,
ਉਸ ਦੇ ਵੀ ਸਨਮੁੱਖ ਹੁੰਦਾ ਹੈ, ਹਰ ਰੋਜ਼ !!

ਕਿੱਤਾਕਾਰੀ ਮੁਸਕਾਨ !!!
ਕੈਸੀ ਅਦਾ ਹੈ ?
ਪੇਸ਼ੇ ਵਿਚ, ਪੇਸ਼ਾ ਕਰਨ ਦੀ,
ਕਿੱਤਾਕਾਰੀ ਮੁਸਕਾਨ !!!

## ਰੌਸ਼ਨੀ

ਜਿਸਮ ਨਾਲ ਹੌਲੀ, ਹੌਲੀ
ਇੱਛਾ ਵੀ ਅਸਤ ਹੋ ਰਹੀ ਹੈ

ਅੱਖਾਂ ਅੰਦਰ
ਅਚਾਨਕ ਉੱਤਰ ਆਏ
ਅਨ੍ਹੇਰੇ ਤੋਂ ਅਗਲੇ ਪਾਰ—

ਮੁਹੱਬਤ, ਫਿਰ ਵੀ
ਰੌਸ਼ਨੀ ਬਣੀ ਖੜ੍ਹੀ ਹੈ।

## ਰੇਤ ...

ਰੇਤ ਵਿਚ
ਲੀਕਾਂ ਵਾਹੁੰਦੇ ਵਾਹੁੰਦੇ
ਅਸਮਾਨ ਜਾ ਚੜ੍ਹੇ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਤਾਰਿਆਂ ਦੀ ਗਿਣਤੀ ਵਿਚ
ਆਪਣਾ ਆਪ ਭੁੱਲ ਗਏ

ਮਿੱਟੀ ਸਾਂ, ਮਿੱਟੀ ਵਿਚ ਰੁਲ ਗਏ !!!

## ਰੱਦੀ

ਤੀਜੀ ਦੁਨੀਆਂ ਦੇ
ਬਹੁ-ਗਿਣਤੀ ਇਨਸਾਨ,
ਜਨਮ-ਸਮੇਂ ਤੋਂ ਹੀ—
ਸ੍ਵੀਕ੍ਰਿਤੀ ਦੀ ਤਲਾਸ਼ ਵਿਚ—

ਰੱਦ ਦਿੱਤੇ ਜਾਂਦੇ ਹਨ ...
ਲਗਾਤਾਰ ਜ਼ਾਇਆ ਹੋਣ ਲਈ ...
ਅੰਤਮ ਦਮ ਤਕ ...।

## ਉਦੈ, ਅਸਤ

ਦੀਵਾਰਾਂ ਦੇ ਸਾਏ,
ਦੀਵਾਰਾਂ ਤੋਂ ਵੀ
ਲੰਮੇਂ ਹੋ ਗਏ ਹਨ—

ਇਹ ਕਿਸ ਦੇ

ਉਦੈ,
ਜਾਂ ਅਸਤ ਹੋਣ ਦਾ ਵੇਲਾ ਹੈ ?


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

## ਲੋਹ-ਖੋਲ

ਮੈਂ, ਉਸ ਨੂੰ

ਸ਼ੀਸ਼ੇ ਦੇ ਘਰ ਵਾਂਗ

ਅੰਦਰ ਬੁਲਾਇਆ

ਦੀਵਾਰਾਂ ਦੇ
ਆਰ ਪਾਰ ਵੇਖਦਾ

ਉਹ,

ਲੋਹ-ਖੋਲ ਬਣ, ਮੁਸਕਰਾਇਆ।

## ਪਾਣੀ ਤੇ ਭਾਫ਼ ਦੇ ਵਿਚਕਾਰ

ਪਾਣੀ ਬਣਦਾ ਬਣਦਾ
ਫਿਰ
ਭਾਫ਼ ਬਣ ਗਿਆ ਹਾਂ

ਹੇਠਾਂ ਡਿਗਦਾ ਡਿਗਦਾ
ਮੈਂ ਫਿਰ
ਉਤਾਂਹ ਗਿਆ ਹਾਂ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਬੇਕਾਰ ਆਦਮੀਂ

ਚੜ੍ਹਦੇ ਸੂਰਜ ਨਾਲ

ਉਹ ਅੱਖਾਂ ਖੋਲ੍ਹਦਾ

ਤੇ ਫਿਰ

ਖੁੱਲ੍ਹੀਆਂ ਅੱਖਾਂ ਵਿਚ ਹੀ

ਸੌਂ ਜਾਂਦਾ ਹੈ

ਹਰ ਦਿਨ

ਲਗਾਤਾਰ

ਵਿਅਰਥ ਹੋਣ ਲਈ।

## ਗ਼ੁਰਬਤ

ਮਛਲੀ ਦੀ ਅੱਖ 'ਚੋਂ
ਆਕਾਸ਼ ਵੇਖਣ ਵਾਲੇ, ਅੱਜ
ਸਮੁੰਦਰ ਦੀ ਥਾਹ ਪਾ ਰਹੇ ਹਨ।

ਮਛਲੀ ਨੂੰ ਮਛਲੀ ਖਾ ਗਈ,
ਸਮੁੰਦਰ ਨੂੰ ਸਮੁੰਦਰ,
ਆਕਾਸ਼ ਨੂੰ ਆਕਾਸ਼ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਬੱਸ,
ਇਕ ਗ਼ੁਰਬਤ ਹੀ ਹੈ,
ਜੁ ਕੁਝ ਨਹੀਂ ਕਰਦੀ !
ਆਪਣੇ ਆਪ ਵਿਚ ਸੁੰਗੜੀ,
ਆਪਣੇ ਆਪ ਤਕ ਸੀਮਤ !

## ਸੱਭਯ ਵਣ

ਹੁਣ ਤਾਂ ਫਸਲਾਂ ਵਾਂਗ ਹੀ
ਮੁੰਡੇ ਕੁੜੀਆਂ ਦੀ ਵੀ ਗੋਡੀ ਹੁੰਦੀ ਹੈ

ਹੇਅਰ ਤੇ ਬਿਊਟੀ ਸਲੋਨ
ਪਲਾਸਟਕ ਸਰਜਰੀ ਤੇ ਮੇਕ-ਅੱਪ
ਬਦਲ ਦਿੰਦੇ ਹਨ
ਰੂਪ, ਰੰਗ ਦੀਆਂ
ਸਗਲ ਰੇਖਾਵਾਂ

ਇਸਤਰੀ, ਮਰਦ ਸੰਬੰਧਾਂ ਵਿਚ
ਆਤਮਾਂ ਬਾਅਦ ਵਿਚ ਆਉਂਦੀ ਹੈ
ਪਹਿਲਾਂ ਆਉਂਦੇ ਨੇ
ਰੂਪ, ਰੰਗ, ਨਕਸ਼, ਅਦਾਵਾਂ
ਮੁਲੰਮਿਆਂ ਤੇ ਮਖੌਟਿਆਂ ਪਿੱਛੇ
ਵਿਚਰਦੀ ਹਰ ਸੋਚ, ਸੋਚ ਦਾ ਪਰਛਾਵਾਂ

"ਮਨ ਦੇ ਹਾਣੀ" ਲੱਭਦੇ, ਲੱਭਦੇ
ਸੱਭਯ ਵਣ ਵਿਚ
ਉਲਝ ਗਈਆਂ ਹਨ
ਤਨ ਦੀਆਂ ਰਾਹਵਾਂ।


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਦੂਰ ਹੋ ਰਹੇ ਲੋਕ

ਉਹਨੂੰ ਹਕੂਮਤ ਦੀ ਭੁੱਖ ਸੀ
ਮੈਨੂੰ ਆਪਣਾ ਨਸ਼ਾ ਸੀ
ਕੁਰਸੀ ਨੂੰ ਉਸਨੇ
ਸ਼ਕਤੀ ਦਾ ਸਮ-ਅਰਥਕ ਸਮਝ ਲਿਆ।
ਸਭ ਕੁਝ ਯਾਦ ਹੁੰਦਿਆਂ ਵੀ,
ਉਹ ਸਭ ਕੁਝ ਭੁੱਲ ਗਿਆ

ਅਸੀਂ ਦੋਵੇਂ—
ਆਪਣੇ ਨਸ਼ੇ,
ਤੇ ਕੁਰਸੀ ਦੀ ਖਿੱਚ ਵਿਚ—
ਇਕ, ਦੂਜੇ ਤੋਂ, ਸਭ ਤੋਂ
ਦੂਰ ਹੁੰਦੇ ਚਲੇ ਗਏ।

ਏਧਰ ਵਣ ਹੈ,
ਕੱਲੇ, ਕੱਲੇ ਰੁੱਖ ਵਿਚ ਵੰਡਿਆ—
ਓਧਰ ਦਰਿਆ ਹੈ, ਨਿਕੰਢਾ, ਰੇਤ ਵਿਚ
ਨਿੱਕੀਆਂ
ਨਿੱਕੀਆਂ
ਟੁਭਲੀਆਂ
ਵਿਚ ਟੁੱਟਿਆ !

ਵੰਡੇ ਨੂੰ ਹੋਰ ਵੰਡਣ ਤੇ
ਟੁੱਟੇ ਨੂੰ ਹੋਰ ਤੋੜਨ ਵਿਚ ਹੀ
ਉਸਦੀ ਸ਼ਕਤੀ ਦਾ ਪ੍ਰਦਰਸ਼ਣ ਹੈ।

ਇਹ ਪ੍ਰਦਰਸ਼ਣ ਕਰਦਾ ਹੋਇਆ ਵੀ
ਮੈਨੂੰ ਉਹ ਹਰ ਸਮੇਂ,
ਕੁਰਸੀ ਉੱਤੇ ਵੀ
ਪੈਰਾਂ-ਭਾਰ ਬੈਠਾ ਨਜ਼ਰ ਆਇਆ।



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਲੁੜ੍ਹਕਦੇ ਕਦਮਾਂ
ਤੇ ਫਟੀਆਂ ਨਜ਼ਰਾਂ ਨਾਲ ਵੀ
ਮੈਂ ਸਦਾ ਬੱਦਲਾਂ ਵਿਚ ਉੱਡਿਆ
ਆਕਾਸ਼ ਉੱਤੇ ਛਾ ਗਿਆ !

## ਇਕੱਲ ਦਾ ਇਕ ਹੋਰ ਕਾਂਡ

ਬਰਫ਼, ਪਹਾੜ ਦੀ ਚੋਟੀ ਨੂੰ,
ਹਰ ਵਰ੍ਹੇ ਹੀ ਮਨੁੱਖ ਦੇ ਚਿਹਰੇ ਵਿਚ
ਬਦਲ ਦੇਂਦੀ ਹੈ !
ਕਈ ਪ੍ਰਸ਼ਨ ਪੁੱਛਦੀ, ਕਈ ਉੱਤਰ ਦੇਂਦੀ ਹੈ !
ਕਮਰੇ ਦੀ ਬਾਰੀ ਦੇ ਸ਼ੀਸ਼ੇ 'ਚੋਂ, ਇਹ ਨਜ਼ਾਰਾ,
ਮੈਂ ਰੋਜ਼ ਵੇਖਦਾ ਹਾਂ।
ਚਿਹਰੇ ਤੋਂ ਉਰਾਂਹ ਨੀਵੀਆਂ ਚੋਟੀਆਂ ਹਨ,
ਜਿਨ੍ਹਾਂ ਉੱਤੇ ਵਣ ਦਾ ਹਰਾ ਪਹਿਰਾ ਹੈ।
ਬਾਰੀ ਤੋਂ ਪਹਾੜ ਤਕ ਘਰ ਹਨ
ਰੁੱਖਾਂ, ਫੁੱਲਾਂ ਦੇ ਬੂਟੇ, ਇਕ ਠਹਿਰਾਅ ਹੈ !
ਜਿਨ੍ਹਾਂ ਘਰਾਂ ਦੇ ਕੰਪਲੈਕਸ ਵਿਚ ਮੈਂ ਰਹਿੰਦਾ ਹਾਂ,
ਇਨ੍ਹਾਂ ਦੀ ਕੰਧ ਨਾਲ ਕੰਧ ਸਾਂਝੀ,
ਖਿੜਕੀ ਸੌਂਹੇਂ ਖਿੜਕੀ ਵੱਸਦੀ ਹੈ,
ਪਰ ਕੋਈ ਚਿਹਰਾ ਨਜ਼ਰ ਨਹੀਂ ਆਉਂਦਾ।
ਕਿੱਤਿਆਂ ਤੇ ਰੁਝੇਵਿਆਂ ਦੀ ਵਿੱਥ 'ਤੇ ਵੱਸੇ, ਅਸੀਂ
ਇਕ ਦੂਜੇ ਨੂੰ ਹੀ ਨਹੀਂ,
ਆਪਣੇ ਆਪ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ।
ਸੜਕ ਵਲੋਂ, ਕਦੇ ਕਦੇ, ਕਾਰਾਂ ਤੇ ਵਾਹਣਾਂ ਦਾ ਸ਼ੋਰ ਤਾਂ ਸੁਣਦਾ ਹੈ, ਪਰ
ਇਨਸਾਨ ਦੀ ਆਵਾਜ਼ ਸੁਣਾਈ ਨਹੀਂ ਦਿੰਦੀ।
ਯੁੱਗਾਂ ਤੋਂ ਚੋਟੀ ਦਾ ਚਿਹਰਾ ਇਕੱਲਾ ਹੈ
ਅਸਮਾਨ ਵਲਾਂ ਝਾਕਦਾ।
ਬਾਰੀ ਦੇ ਆਰ, ਪਾਰ,


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਖ਼ਾਮੋਸ਼ੀ ਦੇ ਪਹਿਰੇ ਹੇਠ,
ਮੈਂ ਅਤੇ ਚੋਟੀ—ਚਿਹਰਾ—
ਕਿਸ ਇਨਸਾਨੀ ਰਿਸ਼ਤੇ ਵਿਚ ਬੱਝ ਗਏ ਹਾਂ ???
ਇਕ, ਦੂਜੇ ਦੀ ਹੋਂਦ ਦਾ ਮੱਠਾ ਮੱਠਾ ਅਹਿਸਾਸ
ਇਕੱਲ ਵਿਚ, ਇਨਸਾਨੀਅਤ ਦਾ
ਕਿਹੜਾ ਕਾਂਡ ਲਿਖ ਰਿਹਾ ਹੈ ???

## ਰਾਜੀ ਆਤੰਕਵਾਦ

ਕਦੇ ਈਰਾਕ ਬਲ ਉੱਠਿਆ
ਕਦੇ ਗਾਜ਼ਾ, ਕਦੇ ਲਿਬਨਾਨ !

ਵਿਮਾਨਾਂ, ਮਿਸਲਾਂ ਤੇ ਹੋਰ
ਮਾਰੂ ਹੱਥਿਆਰਾਂ ਨੂੰ ਪਰਖਣ ਲਈ—
ਹੋਰ ਦੇਸ਼, ਹੋਰ ਲੋਕ ਚਾਹੀਦੇ ਹਨ !

'ਆਦਮ ਬੋ, ਆਦਮ ਬੋ' ਕਰਦੀਆਂ
ਇਹ ਕੈਸੀਆਂ ਸਰਕਾਰਾਂ ਹਨ,
ਜਿਨ੍ਹਾਂ ਦੇ ਇਕ ਹੱਥ ਵਿਚ ਅੰਜੀਲ
ਤੇ ਦੂਜੇ ਵਿਚ ਤਬਾਹੀ ਹੈ !

ਇਹ ਕੈਸੇ ਬੰਦੇ ਹਨ,
ਜਿਨ੍ਹਾਂ ਦੇ ਇਕ ਹੱਥ ਵਿਚ ਕੁਰਾਨ
ਤੇ ਦੂਜੇ ਵਿਚ ਮਹਾਂ-ਮੌਤ ਹੈ !

ਗਿਆਨ ਗੁਲ ਹੋ ਰਿਹਾ,
ਸੂਝ, ਬੇਜੋਤ ਹੈ !


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਦਹਿਸ਼ਤਵਾਦ ਦਾ ਖਪਤ ਵਸਤਾਂ ਵਾਂਗ
ਵਿਸ਼ਵੀਕਰਨ ਹੋ ਗਿਆ ਹੈ।
ਸਥਾਨਕ ਲੋੜ ਤੇ ਮੰਗ ਅਨੁਸਾਰ
ਕਿਧਰੇ ਵੀ ਕੁਝ ਭੜਕ, ਫਟ ਸਕਦਾ ਹੈ !

ਮਰਨ ਵਾਲੇ,
ਸਿਰ ’ਤੇ ਕੱਫਣ ਬੰਨ੍ਹੀਂ ਫਿਰਦੇ ਹਨ
ਹਰ ਤਰਫ਼

ਛਾਤੀਆਂ ’ਤੇ ਬੰਬ ਸਜਾ ਰੱਖੇ ਹਨ,
ਤੇ ਵਾਹਨ ਬਾਰੂਦ ਨਾਲ ਤੁੰਨੇ ਹਨ।

ਆਪ ਫਟਣ
ਤੇ ਹੋਰਨਾਂ ਨੂੰ
ਪਾੜਨ ਵਾਲੇ ਦੀਆਂ ਅੱਖਾਂ ਵਿਚ
ਜੰਨਤ ਦੇ ਸੁਫਨੇ ਹਨ !

ਜ਼ਿੰਦਗੀ ਤੇ ਜਹਾਨ
ਨਿਰਾਰਥਕ ਸ਼ਬਦ ਹਨ, ਉਨ੍ਹਾਂ ਲਈ।

“ਜੰਗ ਵਿਚ ਸਭ ਕੁਝ ਜਾਇਜ਼ ਹੈ।”

ਅਮਰੀਕਾ ਤੇ ਇਜ਼ਰਾਈਲ
ਰਾਜੀ ਆਤੰਕਵਾਦ ਦੀ,
ਮਹਾਂ-ਬਰਬਾਦੀ ਦਾ
ਸੁਲਗਦਾ ਚਿੰਨ੍ਹ ਹਨ !

ਲੋਕ-ਤੰਤਰ ਦੇ ਛਲਾਵੇ ਨੂੰ ਇਨ੍ਹਾਂ ਨੇ
ਜੰਗਲ ਦੀ ਅੱਗ ਬਣਾ ਦਿੱਤਾ ਹੈ !

ਅੱਗ ਖਾਣ ਤੇ ਅੱਗ ਲਾਣ ਵਾਲੇ,
ਦਰਿਆ ਨਹੀਂ ਬਣ ਸਕਦੇ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

## ਦਹਿਸ਼ਤ ਤੇ ਪ੍ਰਦੂਸ਼ਣ

ਪ੍ਰਦੂਸ਼ਣ ਵਿਚ ਵਿਚਰਦੇ, ਵਿਚਰਦੇ
ਪ੍ਰਦੂਸ਼ਣ ਬਣ ਗਏ ਹਾਂ।

ਮਹਿਕ, ਮੁਸ਼ਕ ਦੀ ਤਮੀਜ਼ ਨਹੀਂ ਰਹੀ—
ਨਿਆਂ, ਅਨਿਆਂ 'ਚੋਂ ਦੀਵਾਰ ਗਿਰ ਗਈ—

ਅੱਗ ਇਕ ਰੁੱਖ ਨੂੰ ਲੱਗੀ
ਦਾਵਾਨਲ ਬਣ ਗਈ।

ਅਫ਼ਰੀਕਾ, ਏਸ਼ੀਆ, ਯੂਰਪ, ਮਧਪੂਰਬ,
ਅਮਰੀਕਾ ਤੇ ਆਸਟਰੇਲੀਆ—
ਕਿਹੜਾ ਮਹਾਂਦੀਪ
ਕਿਹੜਾ ਦੇਸ਼, ਕਿਹੜਾ ਦੀਪ
ਬਚਿਆ ਏਸ ਤੋਂ ?

ਦਹਿਸ਼ਤ—
ਮਨੁੱਖੀ ਸੋਚ ਵਿੱਚੋਂ ਨਿਕਲਿਆ
ਪ੍ਰਦੂਸ਼ਣ ਹੈ !

ਹਰ ਤਰਫ਼, ਹਰ ਸਮੇਂ
ਲਗਾਤਾਰ ਵਧ ਰਿਹਾ—
ਵੱਸੋਂ ਬਾਹਰ ਹੋ ਗਿਆ !

## ਆਤੰਕਵਾਦ ਬਨਾਮ ਇਜ਼ਰਾਈਲ ਤੇ ਫਲਸਤੀਨ

ਗੱਲ ਬਾਤ ਦੇ
ਸਭ ਦਰਵਾਜ਼ੇ ਖੁੱਲ੍ਹੇ,



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਪਰ,
ਮੂੰਹ ਵਿਚ ਕੁਝ ਹੋਰ,
ਮਨ ਵਿਚ ਕੁਝ ਹੋਰ ਹੈ।

ਉਹ ਕੇਵਲ ਕਠਪੁਤਲੀ ਹਨ—

ਅੰਨ੍ਹੀਂ ਗਲੀ ਬਣੇ ਧਰਮ
ਤੇ ਰਾਜਨੀਤੀ ਦੇ ਹੱਥ,
ਉਨ੍ਹਾਂ ਦੀ ਡੋਰ ਹੈ।

ਉਨ੍ਹਾਂ ਦੇ ਮੂੰਹ ਨੂੰ
ਖ਼ੂਨ ਲੱਗ ਚੁੱਕਾ ਹੈ।

ਉਨ੍ਹਾਂ ਦੇ ਅੰਦਰ,
ਤਰਕਹੀਣ ਆਦਮਖੋਰ ਹੈ।

## ਅਮਰੀਕਾ : ਇਕ ਫੈਂਟਸੀ

ਲੋਕ-ਤੰਤਰ ਤੇ ਮਨੁੱਖੀ ਹੱਕਾਂ ਦਾ ਰਾਖਾ
ਜੁ ਨਾਟਕ ਕਰ ਰਿਹਾ ਹੈ,
ਉਸ ਦਾ ਲੇਖਕ,
ਨਾਇਕ ਤੇ ਨਿਰਦੇਸ਼ਕ
ਉਹ ਆਪ ਹੈ।

ਸੱਦਾਮ ਤੇ ਈਰਾਕ ਨੂੰ ਪੁੱਛੋ,
ਪੁੱਛੋ ਕਾਰਜ਼ਾਈ, ਅਫ਼ਗਾਨਿਸਤਾਨ ਨੂੰ :
* ਗੁਆਨਟਾਨਾਮੋ ਬੇ ਦੇ ਕੈਦ-ਘਰਾਂ ਵਿਚ
ਇਨਸਾਫ ਨਾਲ ਬਲਾਤਕਾਰ ਕਰਨ ਵਾਲਾ ਇਹ ਕੌਣ ਹੈ ?

---

* GUANTANAMO BAY


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

ਅਲਕਾਇਦਾ ਤੇ ਹੋਰ ਜਨੂੰਨੀ ਅਤਿਵਾਦੀ
ਨੌਂ ਸਿਤੰਬਰ ਦੇ ਜਿਸ ਗ਼ੈਰ-ਇਨਸਾਨੀ
ਤੇ ਖ਼ੂਨੀ ਸਾਕੇ ਲਈ ਜ਼ਿੰਮੇਂਵਾਰ ਹਨ,
ਕੀ ਉਸ ਨਾਲੋਂ ਘੱਟ ਹੋਈ ਹੈ ਤਬਾਹੀ
ਈਰਾਕ, ਅਫ਼ਗਾਨਿਸਤਾਨ ਦੀ ???

ਇਸ ਨਾਟਕ ਦੇ ਦਰਸ਼ਕਾਂ ਨੂੰ
ਪ੍ਰਸ਼ਨ ਤੇ ਕਿੰਤੂ ਦੀ ਮਨਾਹੀ ਹੈ।

ਇਸ ਨਾਟਕ ਦਾ ਨਿਰਦੇਸ਼ਕ,
ਜੰਗ ਤੇ ਕਤਲੋ-ਗ਼ਾਰਤ ਦੇ,
ਅਣ-ਮਨੁੱਖੀ, ਅਸਲ ਵਰਤਾਰੇ ਨੂੰ—

ਆਪਣੇ ਦੇਸ਼ ਤੋਂ ਬਾਹਰ—

ਹਾਲੀਵੁਡ ਦੇ ਨਿਰਦੇਸ਼ਕਾਂ ਦੀ
ਫਿਲਮ-ਫੈਂਤਸੀ ਵਾਂਗ
ਫਿਲਮਾ ਰਿਹਾ ਹੈ !!!

## ਜ਼ਿੰਦਗੀ : ਤਿਓਹਾਰ

ਜ਼ਿੰਦਗੀ ਇਕ ਤਿਓਹਾਰ !
ਸੋਮ, ਮੰਗਲ, ਬੁੱਧ, ਵੀਰ,
ਸ਼ੁੱਕਰ, ਸਨਿੱਚਰ, ਐਤਵਾਰ।

ਪੌੜੀਆਂ ਚੜ੍ਹਦੀ ਵੀ ਇਹ
ਪੌੜੀਆਂ ਉੱਤਰਦੀ ਲਗਾਤਾਰ।

ਚੜ੍ਹਦੇ ਵੀ ਮੌਸਮ !
ਲਹਿੰਦੇ ਵੀ ਮੌਸਮ !



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਜ਼ਿੰਦਗੀ ਨੂੰ ਛੂਹੀਏ, ਸੁੰਘੀਏ,
ਸੁਣੀਏਂ, ਗਾਈਏ, ਚਖੀਏ—
ਸੋਚੀਏ ਵੀ ਇਸ ਨੂੰ,
ਨੱਚੀਏ, ਗਾਈਏ ਇਸ ਦੇ ਨਾਲ।

ਪੰਛੀ ਵੇਖਣ ਵਾਲੇ ਦੀ ਕਲਪਨਾ :
ਖਲਾਈ ਸ਼ਟਲ, ਵਿਮਾਨ, ਨਖਯੱਤਰਯਾਨ !

ਪਿੰਡ ਬਣਿਆਂ ਬ੍ਰਹਮੰਡ—
ਜੁ ਵੀ ਉੱਡਿਆ ਇਸ ਦੇ ਨਾਲ—
ਇਹ ਦੀਪ, ਦੀਪ-ਮਾਲ,
ਸੂਰਜ, ਚੰਦ, ਤਾਰੇ ਇਸ ਦੇ ਆਕਾਸ਼।

ਆਪੇ ਟੁੱਟੇ, ਜੋੜੇ ਆਪੇ
ਆਪੇ ਹੀ ਆਪਣਾ ਧਰਵਾਸ।

ਜ਼ਿੰਦਗੀ ਹਰ ਮਹੀਨਾ
ਹਰ ਥਿਤ, ਹਰ ਵਾਰ ਹੈ।
ਸ਼ਾਸਤਰੀ ਸੰਗੀਤ
ਆਪ, ਆਪਣਾ ਮੀਤ—
ਬੀਟਲ, ਰੌਕ, ਪੌਪ ਸੰਗੀਤ,
ਡਿਸਕੋ, ਭੰਗੜਾ, ਸੁਰ, ਤਾਲ ਹੈ,
ਜ਼ਿੰਦਗੀ : ਤਿਓਹਾਰ ਹੈ !!!

## ਸੁਨਾਮੀਂ

ਪਹਿਲਾਂ ਮੀਂਹ ਵੱਸਿਆ
ਫਿਰ ਬਰਫ
ਹੁਣ ਅਹਿਣ ਪੈਂਦੀ ਹੈ।


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਕੁਦਰਤ ਇਕ ਸਾਹ ਵਿਚ ਹੀ
ਕਿੰਨੇਂ ਰੂਪ ਧਾਰਦੀ,
ਕਿੰਨੇਂ ਸੁਨੇਹੇ ਦੇਂਦੀ ਹੈ।

ਅਹਿਣ ਥੋੜ੍ਹੀ ਦੇਰ ਬਾਅਦ
ਰੂੰ ਦੇ ਗੋਹੜਿਆਂ ਵਰਗੀ ਬਰਫ
ਤੇ ਫਿਰ
ਗਿੱਲੀ ਬਰਫ਼ ਵਿਚ ਬਦਲ ਜਾਵੇਗੀ !
ਕਿੰਨੇ ਮੌਸਮਾਂ ਨੂੰ
ਬੇਮੌਸਮੇਂ ਨਾਂ ਦੇ ਰਹੀ ਬਰਫ਼
ਪਹਾੜਾਂ, ਮੈਦਾਨਾਂ ਤੋਂ,
ਸਮੁੰਦਰ ਵਲਾਂ—
ਦਰਿਆ ਬਣ ਤੁਰੇਗੀ।

ਸਮੁੰਦਰ ਫੇਰ ਭਾਫ਼ ਬਣ ਉੱਡੇਗਾ
ਬੱਦਲਾਂ ਵਿਚ !

ਇਕ ਨਿਰੰਤਰ ਕ੍ਰਮ ਵਿਚ
ਵਿਨਾਸ ਤੇ ਵਿਕਾਸ ਦਾ ਸੁਨੇਹਾ
ਦਿੰਦੀ ਕੁਦਰਤ
ਆਦਿ-ਕਾਲ, ਅਨੰਤ ਕਾਲ
ਇਸੇ ਕ੍ਰਮ, ਇਸੇ ਸਥਿਤੀ ਵਿਚ ਵਿਚਰੀ ਹੈ।

ਮਨੁੱਖ ਨੇ ਆਦਿ-ਕਾਲ ਤੋਂ ਹੀ
ਇਹ ਸਭ ਕੁਝ ਵੇਖਿਆ
ਤੇ ਫਿਰ
ਇਸ ਦੇ ਸਮਾਨੰਤਰ
ਆਪਣੀ ਕੁਦਰਤ
ਸਿਰਜਣੀ ਸ਼ੁਰੂ ਕਰ ਦਿੱਤੀ।
ਨੰਗੇਜ ਢਕ,
ਪਿੰਡਾਂ, ਨਗਰਾਂ, ਮਹਾਂਨਗਰਾਂ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਵਿੱਚੋਂ ਲੰਘਿਆ ਮਨੁੱਖ,
ਨਖਯੱਤਰਾਂ, ਨਖਯੱਤਰ-ਯਾਨਾਂ 'ਚੋਂ !

ਪ੍ਰਮਾਣੂੰ ਯੁੱਗ ਦੀਆਂ ਸੁਵਿਧਾਵਾਂ
ਦੇ ਸਮਾਨੰਤਰ
ਪ੍ਰਮਾਣੂੰ ਸ਼ਸਤਰਾਂ ਦੀ ਗਾਥਾ ਹੈ।
ਵਾਤਾਵਰਨ ਵਿਚ ਵੀ
ਪ੍ਰਦੂਸ਼ਣ ਦਾ ਵਾਸਾ ਹੈ !

ਤੇਹ ਤੇ ਸੰਤੁਸ਼ਟੀ,
ਦੂਰ, ਦੂਰ ਖੜ੍ਹੀਆਂ ਅਜਨਬੀਆਂ ਵਾਂਗ !
ਇਕ ਦੂਜੀ ਵਲ ਵੇਖਦੀਆਂ,
ਵੇਖਦੀਆਂ ਵਿਸ਼ਵੀਕਰਨ ਦੇ ਮਾਧਿਅਮ।

ਏਨਾ ਕੁਝ ਪਾ ਕੇ ਵੀ ਮਨੁੱਖ
ਕਿੰਨਾ ਭੁੱਖਾ ਹੈ, ਪਿਆਸਾ ਹੈ।
ਛੋਟੇ ਨੂੰ ਵੱਡਾ ਖਾ ਰਿਹਾ,
ਵੱਡੇ ਨੂੰ ਵਡੇਰਾ ਢਾ ਰਿਹਾ।
ਹਰ ਕੋਈ
ਪੌੜੀ ਦਾ ਸਿਖਰਲਾ ਡੰਡਾ
ਛੂਹਣ ਲਈ,
ਮਰਨ, ਮਾਰਨ ਤਕ ਤਿਆਰ ਹੈ !
ਇਸ ਸਦੀ ਦਾ ਇਨਸਾਨ
ਭੁੱਖਾ ਹੈ, ਰੁੱਖਾ ਹੈ,
ਖਤਰਨਾਕ, ਹੁਸ਼ਿਆਰ ਹੈ !

ਕੁਦਰਤ ਜਦੋਂ ਕਹਿਰ ਬਣਦੀ ਹੈ,
ਆਪਣੇ ਆਪ 'ਤੇ,
ਸਭ 'ਤੇ ਬਰਸਦੀ ਹੈ !

ਇਕ ਲਗਾਤਾਰ ਸੁਨਾਮੀਂ
ਬਣਿਆਂ ਇਨਸਾਨ,


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਹਰ ਦੂਸਰੇ ’ਤੇ,
ਹਰ ਸਮੇਂ,
ਬਰਸਣ ਲਈ ਤਿਆਰ ਹੈ !

## ਆਵੋ, ਬੈਠੋ

ਆਵੋ,
ਬੈਠੋ,
ਬੈਠ, ਵਿਚਾਰੋ !!!
ਕੁਝ ਖੁੱਲ੍ਹੋ,
ਖੁੱਲ੍ਹ, ਖਿਲਾਰੋ !!!

ਵਾਤਾਵਰਣ :
ਪ੍ਰਦੂਸ਼ਣ-ਭੰਗ

ਆਤਮ-ਹੱਤਿਆ-ਬੰਬ,
ਹਰ ਤਰਫ਼ ਹੀ
ਲੱਗੀ ਜੰਗ !!!

ਆਵੋ,
ਬੈਠੋ,
ਬੈਠ, ਵਿਚਾਰੋ !!!

## ਸਿਰਨਾਵੇਂ

ਸੜਕਾਂ ਉੱਤੇ ਵਣ ਕਦਮਾਂ ਦਾ
ਚਿਹਰੇ, ਟਾਂਵੇਂ, ਟਾਂਵੇਂ


Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

ਬੇਚਿਹਰਾ ਕਦਮਾਂ ਵਿਚ ਰੁਲ ਗਏ
ਕਿੰਝ ਸਾਡੇ ਸਿਰਨਾਵੇਂ ???

## ਮਾਡਰਨ ਕਾਫ਼ੀ

ਪਿੰਡੇ ਵਿਚ ਪਿੰਡ, ਪਿੰਡ ਦੀਆਂ ਰਮਜ਼ਾਂ
ਬ੍ਰਹਮੰਡ ਸੰਗ ਅਸ਼ਨਾਈ
ਸ਼ਬਦਾਂ ਦੀ ਰਚਨਾ ਦੇ ਦੁਆਲੇ
ਧਰਤੀ ਘੁੰਮਣ ਲਾਈ

ਆਪੇ ਸੂਰਜ, ਆਪੇ ਚੰਦ, ਸਿਤਾਰੇ
ਆਪੇ ਅੰਬਰ, ਆਪੇ ਰੰਗ ਨਜ਼ਾਰੇ
ਪਰਬਤ ਨਦੀਓ ਨਦੀ ਵਗੇਂਦਾ
ਸਾਗਰ-ਪਿਆਰ ਸਮਾਈ

ਦਰ ਵੀ ਮੈਂ, ਦੀਵਾਰ ਵੀ ਮੈਂ ਹਾਂ
ਪਿੰਜਰਾ ਵੀ, ਪੰਛੀ ਵੀ ਮੈਂ ਹਾਂ
ਟੁੱਕੜੇ, ਟੁੱਕੜੇ ਸ਼ੀਸ਼ੇ ਅੰਦਰ
ਮੇਰੀ ਹੀ ਰੁਸ਼ਨਾਈ

ਟੁੱਟ, ਟੁੱਟ ਜੁੜਨਾ, ਜੁੜ, ਜੁੜ ਟੁੱਟਣਾ
ਅੱਖੀਓਂ ਵੱਸਣਾ, ਮੁੱਖ ਤੋਂ ਹੱਸਣਾ
ਦੀਨ, ਦੁਨੀ ਵਲ ਪਿੱਠ ਭੁਆ ਲਈ
ਆਪਣੇ ਸੰਗ ਲੜਾਈ

ਅੰਦਰ ਤੱਕਣਾ, ਬਾਹਰ ਤੱਕਣਾ
ਆਪੇ ਵਿਚ ਰੱਜ, ਰੱਜ ਕੇ ਵੱਸਣਾ
ਦ੍ਰਿਸ਼ਟੀ ਵੀ ਮੈਂ, ਦਰਸ਼ਨ ਵੀ ਮੈਂ,
ਮੈਂ ਵਿਚ ਸਭ ਲੋਕਾਈ !!!


Ist on 25.3.2015
D:/National/Ravi-15/Pind Brahmand/1-Proof/Pind Brahmand-C1
Academy of the Punjab in North America - APNA: http://www.apnaorg.com

# ਆਦਿ ਅੰਤ ਤੋਂ ਮੁਕਤ

ਕੱਦ, ਬੁੱਤ ਵਿਣਤਣ, ਛਾਂਗਣ ਦੇ ਲਈ,
ਭਾਸ਼ਾ ਦਾ ਹਰ ਰੂਪ ਤਿਆਰ
ਛੋਟੇ ਸ਼ਬਦ, ਵੱਡਰੇ ਅਨੁਭਵ,
ਸਾਡੀ ਹੋਂਦ ਭਾਸ਼ਾ ਤੋਂ ਪਾਰ

ਕੰਢਿਆਂ ਵਿਚ ਸਮਾ ਨਾ ਸਕਦੇ
ਸਾਡੇ ਇਹ ਅੱਥਰੇ ਦਰਿਆ
ਸਮਿਆਂ ਦੇ ਲਈ ਬਣੀ ਚੁਣੌਤੀ
ਅਰਥਾਂ ਦੀ ਨਿਰ-ਸ਼ਬਦ ਅਦਾ

ਰਸਤੇ ਤੋਂ ਅਸੀਂ ਹਟ ਕੇ ਤੁਰੀਏ
ਨਜ਼ਰਾਂ ਦੇ ਵਿਚ ਨਵੀਂ ਦਿਸ਼ਾ
ਬੇੜੀ ਹੇਠ ਪਰਬਤੀ ਛੱਲਾਂ
ਪਾਰ-ਦੇਸ਼ ਦੇ ਅਸੀਂ ਮੱਲਾਹ

ਥੋੜਾ ਬੋਲਣ, ਬਹੁਤਾ ਸੋਚਣ,
ਮਹਿਸੂਸਣ ਦਾ ਮੌਸਮ ਆਇਆ,
ਕੰਪਿਊਟਰ ਦੀ ਭਾਸ਼ਾ ਵੀ ਨਾ
ਅੰਗ ਸੰਗ ਹੋ ਕੇ ਬਣਦੀ ਰਾਹ

ਛਿਣ ਵਿਚ ਸਾਲ, ਸਾਲ ਦੀਆਂ ਰੁੱਤਾਂ
ਤੋਰ ਅਨੰਤ, ਜੀਵਨ ਅਸਗਾਹ
ਸਾਡੀ ਚੁੱਪ ਸ਼ਬਦ ਤੋਂ ਉੱਚੀ
ਆਦਿ, ਅੰਤ ਨਾ ਚਿੰਤਨ-ਰਾਹ



Ist on 25.3.2015
D:/National/Ravi-15/Pind Brahmand/1-Proof/**Pind Brahmand-C1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# “ਪਿੰਡ ਬ੍ਰਹਮੰਡ” ਵਿਚ ਸ਼ਾਮਿਲ ਕਾਵਿ–ਸੰਗ੍ਰਹਿ :
# ਆਲੋਚਕਾਂ ਦੀ ਨਜ਼ਰ ਵਿਚ





Ist on 25.3.2015
D:/National/Ravi-15/Pind Brahmand/1-Proof/**Pind Brahmand-D1**

Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

# ਸੱਜਰੇ ਅਨੁਭਵ, ਗੈਰ ਰਵਾਇਤੀ ਕਾਵਿਕ ਅਕਸ "ਛਾਵਾਂ ਤੇ ਪਰਛਾਵੇਂ"

ਪ੍ਰਯੋਗਸ਼ੀਲ ਕਾਵਿ ਅੰਦਰ ਰਵਿੰਦਰ ਰਵੀ ਆਪਣੇ ਮਹੱਤਵੀ ਯੋਗਦਾਨ ਸਦਕਾ ਬੜੇ ਅਦਬ ਨਾਲ ਲਿਆ ਜਾਣ ਵਾਲਾ ਨਾਂਅ ਹੈ। ਕਾਰਨ ਸਪੱਸ਼ਟ ਹੈ। ਪੰਜਾਬੀ ਕਵਿਤਾ ਨੂੰ ਰਵਾਇਤੀ ਲਿਖਣ ਸ਼ੈਲੀ ਤੋਂ ਮੁਕਤ ਕਰਾਉਣ ਦਾ ਸੁਚੇਤਨ ਉਪਰਾਲਾ ਕਰਦਿਆਂ ਰਵੀ ਨੇ ਨਵੇਂ ਪ੍ਰਯੋਗਾਂ ਰਾਹੀਂ ਐਸੇ ਪ੍ਰਤੀਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਜੋ ਪਹਿਲਾਂ ਪੰਜਾਬੀ ਕਵਿਤਾ ਦਾ ਅੰਗ ਨਹੀਂ ਸਨ। ਇਹ ਆਖ ਲੈਣਾ ਕੋਈ ਅਤਿਕਥਨੀ ਨਹੀਂ ਕਿ ਇਹ ਕਵੀ ਸਾਹਿਤਕਾਰੀ ਅੰਦਰ ਕੁਝ ਨਵਾਂ ਤੇ ਮੌਲਿਕ ਕਰਨ ਲਈ ਹਮੇਸ਼ਾ ਤੱਤਪਰ ਰਿਹਾ ਹੈ। ਉਸ ਦਾ ਸਮੁੱਚਾ ਸਾਹਿਤਕ ਅਮਲ ਇਸ ਹਕੀਕਤ ਦੀ ਭਰਪੂਰ ਗਵਾਹੀ ਹੈ ਕਿ ਉਹ ਸਥਿਰ, ਸਥਿਲ ਤੇ ਰੂੜ੍ਹ ਹੋ ਚੁੱਕੇ ਲਿਖਣ ਢੰਗ ਤੋਂ ਬਾਗੀ ਹੁੰਦਾ ਹੋਇਆ ਇਸ ਅੰਦਰ ਨਵੇਂ ਆਯਾਮ ਸਿਰਜਨ ਦਾ ਸਬੱਬ ਬਣਿਆ। ਉਸ ਦੀ ਪ੍ਰਯੋਗੀ ਬਿਰਤੀ/ਰੁਚੀ ਨੇ ਪੰਜਾਬੀ ਸਾਹਿਤਕਾਰੀ ਨੂੰ ਵਿਸ਼ੇ ਤੇ ਰੂਪ ਪੱਖੋਂ ਨਵੀਆਂ ਦਿਸ਼ਾਵਾਂ, ਨਵੇਂ ਧਰਾਤਲਾਂ ਨਾਲ ਸਬੰਧਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸੇ ਵਿਚ ਉਸ ਦੇ ਸਾਹਿਤਕ ਕਰਮ ਦੀ ਵਿਲੱਖਣਤਾ ਹੈ, ਉਸ ਦਾ ਨਿਆਰਾਪਨ ਹੈ। ਉਸ ਦਾ ਕਾਵਿ-ਸੰਗ੍ਰਹਿ 'ਛਾਵਾਂ ਤੇ ਪਰਛਾਵੇਂ' ਇਸ ਦਿਸ਼ਾ ਵਿਚ ਉਸ ਦੀ ਇਕ ਹੋਰ ਜ਼ਿਕਰੀ ਪ੍ਰਾਪਤੀ ਬਣਿਆ ਹੈ।

ਰਵਿੰਦਰ ਰਵੀ ਦੀ ਇਹ ਕਵਿਤਾ ਸਮਕਾਲ ਨਾਲ ਭਰਪੂਰ ਆਲੋਚਨਾਤਮਕ ਸੰਵਾਦ ਰਚਾਉਂਦਿਆਂ ਇਸ ਦੇ ਸੁਖਾਵੇਂ/ਅਣਸੁਖਾਵੇਂ ਪੱਖਾਂ/ਪਹਿਲੂਆਂ ਨਾਲ ਪੂਰਨ ਕਲਾਤਮਕ ਅਨੁਸ਼ਾਸਨ ਤਹਿਤ ਨਿਕਾਰਨ/ਸਵੀਕਾਰਨ ਦਾ ਸਾਹਿਤਕ ਅਕਸ ਬਣੀ ਹੈ। ਇਸ ਦੇ ਨਾਲ ਨਾਲ ਬੰਦੇ ਦੀਆਂ ਆਂਤਰਿਕ ਸੰਵੇਦਨਾਵਾਂ/ਰੁਚੀਆਂ ਦੇ ਉਮਰ ਦੇ ਲਿਹਾਜ਼ ਨਾਲ ਬਦਲਣ ਦਾ ਸੱਚ ਵੀ ਇਸ ਕਵਿਤਾ ਰਾਹੀਂ ਰੂਪਮਾਨ ਹੋਇਆ ਹੈ। ਕਰੂਰ ਤੇ ਦੁਖਦ ਯਥਾਰਥ ਪ੍ਰਤੀ ਇਸ ਕਵੀ ਦਾ ਵਿਰੋਧ ਐਸੀ ਉੱਚੀ ਸੁਰ ਤੋਂ ਨਿਰਲੇਪ ਰਹਿੰਦਾ ਹੈ ਜਿਸ ਨਾਲ ਕਾਵਿ ਉਕਤੀ ਸਿੱਧੇ ਪ੍ਰਚਾਰ ਦੇ ਦੋਸ਼ ਦੀ ਭਾਗੀ ਬਣਦੀ ਹੈ। ਉਸ ਦਾ ਵਿਰੋਧ ਤੇ ਕਵਿਤਾ ਇਕ ਦੂਜੇ ਵਿਚ ਇੰਝ ਸੰਮਿਲਿਤ ਰਹਿੰਦੇ ਹਨ ਕਿ ਇਕ ਦੂਜੇ ਦਾ ਸਹਿਜ ਅੰਗ ਬਣ ਜਾਂਦੇ ਹਨ। ਇੰਝ ਕਾਵਿ ਤੇ ਵਿਰੋਧ, ਕਾਵਿ ਤੇ ਪ੍ਰਤੀਕਰਮ, ਕਾਵਿ ਤੇ ਵਿਚਾਰਾਂ ਵਿਚਕਾਰ ਲੋੜੀਂਦਾ ਸੰਤੁਲਨ ਬਣਿਆ ਰਹਿੰਦਾ ਹੈ। ਅਹਿਸਾਸਾਂ ਨੂੰ ਢੁਕਵੀਂ, ਯੋਗ ਤੇ ਸਮਰਥ ਸ਼ਬਦਾਵਲੀ ਰਾਹੀਂ ਠੋਸ ਰੂਪ ਵਿਚ ਸਾਕਾਰ ਕਰਨ ਦੇ ਪੱਖੋਂ ਵੀ ਰਵੀ ਦੀ ਕਾਵਿ ਯੋਗਤਾ ਪ੍ਰਭਾਵਿਤ ਕਰਦੀ ਹੈ।

ਕਾਵਿ ਸ਼ਾਸਤਰੀਆਂ ਨੇ ਵਕ੍ਰ ਕਥਨ ਨੂੰ ਕਾਵਿਕ ਸੁਹਜ ਦਾ ਅਧਾਰ ਮਿਥਿਆ ਹੈ।



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਜਿਸ ਅਨੁਸਾਰ ਕਾਵਿ ਉਕਤੀ ਸਿੱਧੀ ਤੇ ਸਪਾਟ ਬਿਆਨਬਾਜ਼ੀ ਨਹੀਂ ਹੁੰਦੀ ਬਲਕਿ ਅਸਿੱਧਾ ਪ੍ਰਗਟਾਵਾ ਹੁੰਦਾ ਹੈ। ਜਿਸ ਨੂੰ ਕਲਾਤਮਕ ਪ੍ਰਦਰਸ਼ਨ ਕਿਹਾ ਜਾਂਦਾ ਹੈ। ਇਸੇ ਨਾਲ ਸਧਾਰਨ ਉਕਤੀ ਕਾਵਿ ਵਿਚ ਰੂਪਾਂਤਰਿਤ ਹੋ ਕੇ ਅਸਧਾਰਨ ਅਰਥਾਤ ਵਿਸ਼ੇਸ਼ ਬਣ ਜਾਂਦੀ ਹੈ। ਇਸ ਪੱਖੋਂ ਇਹ ਕਵਿਤਾ ਰਵੀ ਦੇ ਪ੍ਰਬੁੱਧ ਤੇ ਨਿਪੁੰਨ ਹੋਣ ਦੀ ਭਰਪੂਰ ਗਵਾਹੀ ਬਣਦੀ ਹੈ। ਉਹ ਅਣਸੁਖਾਵੇਂ/ਅਮਾਨਵੀ ਚਲਨ ਪ੍ਰਤੀ ਕਿਤੇ ਵੀ ਸਿੱਧਾ ਵਿਰੋਧ ਨਾ ਬਣ ਕੇ ਉਸ ਦੇ ਮਨੁੱਖੀ ਜ਼ਿੰਦਗੀ ਲਈ ਮਾਰੂ ਤੇ ਘਾਤਕ ਹੋਣ ਦਾ ਦ੍ਰਿਸ਼ ਰੂਪਮਾਨ ਕਰਕੇ ਪਰੋਖ ਰੂਪ ਵਿਚ ਇਸ ਪ੍ਰਤੀ ਖ਼ਿਲਾਫ਼ਤ ਦਰਜ ਕਰਾਉਂਦਾ ਹੈ। ਪਾਠਕ ਨੂੰ ਸਿੱਧਾ ਸਬਕ ਨਾ ਦੇ ਕੇ ਸਿੱਧਾ ਮੁਖ਼ਾਤਿਬ ਨਾ ਹੋ ਕੇ ਉਸ ਨੂੰ ਕਰੂਰ ਯਥਾਰਥ ਦੇ ਕਾਵਿ ਬਿੰਬ ਹਵਾਲੇ ਕਰਦਾ ਹੈ ਤੇ ਉਸ ਨੂੰ ਸਵੀਕਾਰਨ, ਨਿਕਾਰਨ ਦਾ ਫ਼ੈਸਲਾ ਪਾਠਕ ਚੇਤਨਾ ’ਤੇ ਛੱਡ ਦਿੰਦਾ ਹੈ। ਆਧੁਨਿਕਤਾ ਨੂੰ ਰੱਦਣ ਦੇ ਮਾਮਲੇ ਵਿਚ ਉਸ ਦੀ ਇਸ ਕਾਵਿ ਸ਼ੈਲੀ ਨੂੰ ਮਿਸਾਲ ਦੇ ਤੌਰ ’ਤੇ ਵੇਖਿਆ ਜਾ ਸਕਦਾ ਹੈ। ਆਧੁਨਿਕਤਾ ਦੇ ਮਾਰੇ ਮਨੁੱਖ ਦਾ ਕਵੀ ਜੋ ਬਿੰਬ ਉਲੀਕਦਾ ਹੈ, ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਨੇ ਮਨੁੱਖ ਨੂੰ ਕਿਸੇ ਖ਼ੁਸ਼ੀ ਤੇ ਖੁਸ਼ਹਾਲੀ ਦੀ ਬਜਾਏ ਤਣਾਓ ਤੇ ਬੇਚੈਨੀ ਦੇ ਹਵਾਲੇ ਕੀਤਾ ਹੈ। ਇਸ ਨੇ ਬੰਦੇ ਨੂੰ ਰਲ ਮਿਲ ਕੇ ਬਹਿਣ ਦੀ ਜਾਚ ਭੁਲਾਈ ਹੈ, ਇਕੱਲਤਾ ਨਾਲ ਨਿਵਾਜਿਆ ਹੈ। ਸਿੱਟੇ ਵਜੋਂ ਨਿੱਜ ਤਕ ਸਿਮਟ ਕੇ ਅਸੀਂ ਦੂਜਿਆਂ ਲਈ ਹੀ ਨਹੀਂ ਬਲਕਿ ਆਪਣੇ ਆਪ ਲਈ ਵੀ ਖ਼ਤਰਾ ਬਣੇ ਹਾਂ। ਅੰਤਰਿਕ ਟੁੱਟ ਭੱਜ, ਉਦਾਸੀ, ਇਕੱਲਾਪਨ, ਮਾਨਸਿਕ ਪ੍ਰੇਸ਼ਾਨੀਆਂ, ਵਿਸੰਗਤੀਆਂ ਸਾਡਾ ਮੁਕੱਦਰ ਬਣੀਆਂ ਹਨ:-

ਵਿਸ਼ਵੀਕਰਨ ਦੀ ਮੰਡੀ ਅੰਦਰ
ਵਿਅਕਤੀ ਕੇਵਲ
ਵਰਣਮਾਲਾ ਦਾ
ਕੱਲਾ ਕਾਰਾ ਅੱਖਰ
ਬੋਲੇ ਵੀ ਤਾਂ
ਅਰਥ ਨਹੀਂ ਬਣਦਾ
ਭੀੜ ਜਿਹੀ ਵਿੱਚ
ਉਸ ਦੇ ਅਰਥ ਗੁਆਚ ਜਾਂਦੇ ਹਨ
ਹੋਰਨਾਂ ਨਾਲ ਜੁੜਨਾ ? ਨਹੀਂ ਜੁੜਨਾ ?
ਆਪਣੇ ਸਿਰਜੇ ਪ੍ਰਸ਼ਨਾਂ ਸੌਂਹੇ
ਟੁੱਟ, ਭੱਜ ਅੰਦਰ ਬੀਤ ਰਹੀ ਹੈ
ਹਰ ਪਲ ਹਰ ਛਿਣ ਜੰਗ ਲੱਗੀ ਹੈ।

(ਤ੍ਰੈਕਾਲੀ ਯੁੱਧ)

ਇਹ ਕਵਿਤਾ ਵਿਸ਼ਵ ਪੱਧਰ ’ਤੇ ਵਾਪਰਦੇ ਅਣਸੁਖਾਵੇਂ/ਸੁਖਦ ਪ੍ਰਤੀ ਕਵੀ ਦੇ


Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਚੌਕੰਨਾ ਹੋਣ ਨੂੰ ਵੀ ਪ੍ਰਮਾਣਿਤ ਕਰਦੀ ਹੈ। ਵਰਤਮਾਨ ਦੀਆਂ ਅਤਿ ਸੰਜੀਦਾ, ਭਿਆਨਕ ਤੇ ਵਿਆਪਕ ਸਮੱਸਿਆਵਾਂ ਬਾਬਤ ਰਵੀ ਦਾ ਚਿੰਤਨ ਕਵੀ ਵਿਚ ਰੂਪਾਂਤਰਿਤ ਹੋ ਕੇ ਪਾਠਕ ਨੂੰ ਚਿੰਤਤ ਕਰਦਾ ਹੋਇਆ ਇਨ੍ਹਾਂ ਪ੍ਰਤੀ ਚਿੰਤਨ ਦੀ ਬਾਤ ਪਾਉਂਦਾ ਹੈ। 'ਯੁੱਧ', 'ਗਲੋਬਲ ਵਾਰਮਿੰਗ', 'ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ', 'ਖਤਰੇ ਦੀ ਘੰਟੀ', 'ਰਾਜੀ ਅੰਤਕਵਾਦ', 'ਦਹਿਸ਼ਤ ਤੇ ਪ੍ਰਦੂਸ਼ਣ' ਅਤੇ 'ਅੰਤਕਵਾਦ ਬਨਾਮ ਇਜ਼ਰਾਈਲ ਤੇ ਫਲਸਤੀਨ', 'ਅਮਰੀਕਾ ਇਕ ਫੈਂਟਸੀ' ਆਦਿ ਕਵਿਤਾਵਾਂ ਇਸ ਪੱਖੋਂ ਵਰਨਣੀ ਹਨ। ਇਸੇ ਪਰਿਪੇਖ ਵਿਚ ਉਹ ਆਧੁਨਿਕਤਾ ਪ੍ਰਤੀ ਕਈ ਪ੍ਰਕਾਰ ਦੇ ਪ੍ਰਸ਼ਨ ਕਰਦਾ ਇਸ ਦੇ ਮੰਦ ਪ੍ਰਭਾਵਾਂ ਦਾ ਵਾਰ ਵਾਰ ਅਹਿਸਾਸ ਕਰਾਉਂਦਾ ਹੈ। ਕਵੀ ਇਸ ਹਕੀਕਤ ਨੂੰ ਦ੍ਰਿੜ੍ਹ ਕਰਾਉਣ ਦੀ ਭਰਪੂਰ ਕੋਸ਼ਿਸ਼ ਕਰਦਾ ਹੈ ਕਿ ਆਧੁਨਿਕ ਕਦਰਾਂ ਨੇ ਬੀਤੇ ਸਮੇਂ ਦੇ ਆਖੇ ਜਾਣ ਵਾਲੇ ਅਪਣੱਤ ਦੇ ਰਿਸ਼ਤਿਆਂ ਨੂੰ ਨਿਗਲ ਕੇ ਬੰਦੇ ਦੀ ਸਮਾਜਿਕ ਜੀਵ ਹੋਣ ਦੀ ਵੱਖਰੀ ਪਛਾਣ ਤੇ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ। 'ਮਨ ਦੇ ਹਾਣੀ' ਨਾਂਅ ਦੀ ਕਵਿਤਾ ਦੇ ਨਿਮਨ ਬੋਲ ਬੰਦੇ ਦੇ ਆਧੁਨਿਕ ਹੋਣ ਵਜੋਂ ਕੀਤੀ ਖੱਟੀ ਬਾਬਤ ਕਈ ਅਹਿਮ ਸਵਾਲਾਂ 'ਤੇ ਕੇਂਦਰਿਤ ਹੁੰਦੀ ਹੋਈ ਆਧੁਨਿਕਤਾ ਨੂੰ ਨਿਕਾਰਨ ਦਾ ਕਾਰਨ ਬਣਦੀ ਹੈ :-

ਮਨ ਦੇ ਹਾਣੀ ਕਿਥੋਂ ਲੱਭੀਏ ?
ਮਨ ਦੇ ਹਾਣ ਨਾ ਲੱਭਦੇ
ਤਨ ਦੀ ਭਾਸ਼ਾ ਬੋਲਣ ਸਾਰੇ
ਬੂਹੇ ਬੰਦ ਨੇ ਸਭ ਦੇ ...
ਟੁੱਟੇ ਰਿਸ਼ਤੇ ਤਿੜਕੇ ਸ਼ੀਸ਼ੇ
ਧਰਤੀ ਵਿਚ ਦਰਾੜਾਂ
ਅੰਬਰ ਨੂੰ ਵੀ ਵੰਡਣਾ ਚਾਹਵਣ
ਵੰਡਣੀਆਂ ਚਾਹੁਣ ਹਵਾਵਾਂ
ਮਹਿਕਾਂ ਨੂੰ ਡੱਬੀ ਬੰਦ ਕਰਕੇ
ਫੁੱਲ ਸਭ ਤੋੜ ਖਿਲਾਰੇ
ਪੱਤੀ, ਪੱਤੀ ਸੋਚ ਬਿਖਰ ਗਈ
ਵਿਛੜੇ ਖੁਦ ਤੋਂ ਸਾਰੇ
ਵਿਚ ਖਲਾਅ ਦੇ ਉਡਦੇ ਫਿਰਦੇ
ਖਿੱਚੋਂ ਵਿਰਵੇ ਸਾਰੇ
ਬੇਪਛਾਣ ਅਜਨਬੀ ਬਣ ਗਏ
ਸਭ ਦੇ ਸਭ ਸਹਾਰੇ।

(ਮਨ ਦੇ ਹਾਣੀ)



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਇਸ ਕਾਵਿ ਸੰਗ੍ਰਹਿ ਦੀ ਬਹੁਤੀ ਕਵਿਤਾ ਮਨੁੱਖਤਾ ਨੂੰ ਲੱਗ ਰਹੇ ਖੋਰੇ ਦੀ ਪੀੜਾ ਵਿੱਚੋਂ ਆਪਣਾ ਅਸਤਿਤਵ ਗ੍ਰਹਿਣ ਕਰਦੀ ਹੈ। ਮਨੁੱਖੀ ਦਰਦ ਤੋਂ ਪ੍ਰੇਰਿਤ ਹੋ ਕੇ ਲਿਖੀ ਗਈ ਹੈ। ਇਸ ਸੰਦਰਭ ਵਿਚ ਉਨ੍ਹਾਂ ਮੁਲਕਾਂ ਦਾ ਅਮਾਨਵੀ ਕਿਰਦਾਰ ਵੀ ਖੰਡਨ ਦਾ ਵਿਸ਼ਾ ਬਣਿਆ ਹੈ ਜਿਨ੍ਹਾਂ ਦੀ ਖੁਸ਼ਹਾਲੀ ਦਾ ਅਧਾਰ ਹੋਰਨਾਂ ਮੁਲਕਾਂ ਦੀ ਬਰਬਾਦੀ ਬਣਦੀ ਹੈ। ਜੋ ਧਰਮ ਦੇ ਨਾਂਅ ਤੇ ਅਸਲੋਂ ਅਧਰਮੀ ਕਾਰੇ ਕਰਨ ਵਿਚ ਵਿਸ਼ਵਾਸ਼ ਰੱਖਦੇ ਹਨ :-

ਆਦਮ ਬੋ ਆਦਮ ਬੋ ਕਰਦੀਆਂ
ਇਹ ਕੈਸੀਆਂ ਸਰਕਾਰਾਂ ਹਨ
ਜਿਨ੍ਹਾਂ ਦੇ ਇਕ ਹੱਥ ਵਿਚ ਅੰਜੀਲ
ਤੇ ਦੂਜੇ ਵਿਚ ਤਬਾਹੀ ਹੈ
ਇਹ ਕੈਸੇ ਬੰਦੇ ਹਨ
ਜਿਨ੍ਹਾਂ ਦੇ ਇਕ ਹੱਥ ਵਿਚ ਕੁਰਾਨ
ਤੇ ਦੂਜੇ ਵਿਚ ਮਹਾਂ ਮੌਤ ਹੈ ...
ਅਮਰੀਕਾ ਤੇ ਇਜ਼ਰਾਈਲ
ਰਾਜੀ ਅੰਤਕਵਾਦ ਦੀ
ਮਹਾਂ ਬਰਬਾਦੀ ਦਾ
ਸੁਲਗਦਾ ਚਿੰਨ੍ਹ ਹਨ।

(ਰਾਜੀ ਅਤੰਕਵਾਦ)

ਰਵਿੰਦਰ ਰਵੀ ਦਾ ਕਾਵਿ-ਚਿੰਤਨ ਜਿੱਥੇ ਵਿਗਿਆਨ ਦੇ ਹਾਸਲਾਂ ਦੀ ਦੁਰਵਰਤੋਂ ਦੇ ਖ਼ਿਲਾਫ਼ ਹੈ, ਉੱਥੇ ਵਿਗਿਆਨ ਦੀਆਂ ਤਰਕਸ਼ੀਲ ਤੇ ਚੌਂਕਾ ਦੇਣ ਵਾਲੀਆਂ ਉਪਲਬਧੀਆਂ ਪ੍ਰਤੀ ਸਜਦਾ ਵੀ ਹੈ। ਕਾਰਨ ਇਹ ਹੈ ਕਿ ਵਿਗਿਆਨ ਨੇ ਸਥਿਤੀ ਨਿਰਪੇਖ ਵਿਸ਼ਵਾਸਾਂ ਦੀ ਭ੍ਰਾਮਿਕ ਹੋਂਦ ਨੂੰ ਪੂਰੀ ਤਰ੍ਹਾਂ ਬੇਪਰਦ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਾਇੰਸ ਅਸੰਭਵ ਨੂੰ ਸੰਭਵ ਤੇ ਅਣਹੋਣੀ ਨੂੰ ਹੋਣੀ ਬਣਾ ਸਕਦੀ ਹੈ। ਇਸ ਦੀ ਖ਼ੂਬਸੂਰਤ ਮਿਸਾਲ ਬਣੀ ਹੈ 'ਦਿਲ ਦੀ ਬਾਤ ਅਲਹਿਦੀ' ਨਾਂਅ ਦੀ ਕਵਿਤਾ।

ਵਿਵਿਧ ਵਿਸ਼ਿਆਂ ਤੇ ਕੇਂਦਰਿਤ ਇਹ ਕਵਿਤਾ ਮਾਨਵੀ ਮੁੱਲਾਂ ਤੇ ਮਨੁੱਖਤਾ ਦੇ ਖੁਰ ਜਾਣ ਦੀ ਪੀੜ ਤੋਂ ਪ੍ਰੇਰਿਤ ਹੋਣ ਕਾਰਨ ਜਿਥੇ ਸਮਾਜੀ ਮਹੱਤਵ ਵਾਲੀ ਹੈ, ਉਥੇ ਇਸ ਦਾ ਅਦੁੱਤੀ ਕਲਾਤਮਿਕ ਵਿਧਾਨ ਵੀ ਸਾਡਾ ਧਿਆਨ ਆਕ੍ਰਸ਼ਿਤ ਕਰਦਾ ਹੈ। ਇਸ ਸੰਦਰਭ ਵਿਚ ਸ਼ਬਦਾਂ ਦੀ ਅਨੋਖੀ ਵਰਤੋਂ ਸਾਡੇ ਸਾਹਮਣੇ ਆਉਂਦੀ ਹੈ। ਸ਼ਬਦਾਂ ਨੂੰ ਰੂੜ੍ਹ, ਸਥਾਪਿਤ ਤੇ ਪ੍ਰਚੱਲਿਤ ਅਰਥਾਂ ਨਾਲੋਂ ਵਿਯੋਗ ਕੇ ਉਨ੍ਹਾਂ ਨੂੰ ਨਵੇਂ ਪਰਿਪੇਖ, ਨਵੀਨ ਅਰਥਾਂ ਸਹਿਤ ਵਰਤਣ ਵਿਚ ਰਵੀ ਆਪਣੀ ਖ਼ਾਸ ਮੁਹਾਰਤ ਦਾ ਪ੍ਰਮਾਣ ਦਿੰਦਾ ਹੈ। ਸ਼ਬਦਾਂ ਨੂੰ ਰਵਾਇਤੀ ਅਰਥਾਂ ਨਾਲੋਂ ਨਿਖੇੜ ਕੇ ਉਨ੍ਹਾਂ ਨੂੰ ਅਸਲੋਂ ਨਵੇਂ ਸੰਦਰਭ



Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਦੇਣ ਵਿਚ ਉਸ ਦੀ ਵਿਸ਼ੇਸ਼ ਰੁਚੀ ਹੈ। ਇਸ ਨਾਲ ਉਸ ਦੀ ਕਾਵਿ-ਉਕਤੀ ਵਿਸ਼ੇਸ਼ ਤੇ ਚਮਤਕਾਰੀ ਹੀ ਨਹੀਂ ਬਣਦੀ ਸਗੋਂ ਕਥਨ ਤਾਜ਼ੇਪਨ ਨਾਲ ਵੀ ਪ੍ਰਣਾਇਆ ਜਾਂਦਾ ਹੈ। ਰਵੀ ਦੀ ਸ਼ਬਦਾਂ ਦੇ ਨਵ-ਅਰਥ ਨਿਰਮਾਣ ਕਰਨ ਦੀ ਵਿਸ਼ੇਸ਼ ਯੋਗਤਾ ਉਸ ਨੂੰ ਪੰਜਾਬੀ ਕਾਵਿ ਅੰਦਰ ਬਿਲਕੁਲ ਵੱਖਰੀ ਪਛਾਣ ਦਾ ਅਧਿਕਾਰੀ ਬਣਾਉਂਦੀ ਹੈ। 'ਵਿਸ਼ਵੀਕਰਨ', 'ਉਤਪਾਦਨੀ', 'ਅੱਥਰੂ', 'ਸੁਨਾਮੀ' ਆਦਿ ਸ਼ਬਦਾਂ ਦੀ ਵਰਤੋਂ ਇਸ ਪੱਖੋਂ ਜ਼ਿਕਰੀ ਬਣਦੀ ਹੈ :-

ਹੋਰ ਸਭ ਕੁਝ ਦੇ ਨਾਲ ਨਾਲ
ਅੱਥਰੂਆਂ ਦਾ ਵੀ ਵਿਸਵੀਕਰਨ ਹੋਇਆ ਹੈ
ਢੇਰ ਲੱਗੇ ਪਏ ਹਨ, ਅੱਥਰੂਆਂ ਦੇ ਚਾਰ ਚੁਫੇਰੇ
ਉਤਪਾਦਨ ਤਾਂ ਹੈ ਪਰ ਖਪਤ ਨਹੀਂ ਹੈ।

(ਅੱਥਰੂਆਂ ਦਾ ਵਿਸ਼ਵੀਕਰਨ)

ਸੋਚ ਤੇ ਅਹਿਸਾਸ ਦਾ
ਵਿਸ਼ਵੀਕਰਨ ਹੋ ਰਿਹਾ ਹੈ
ਰਾਜਨੀਤੀ ਤੇ ਅਰਥਚਾਰੇ ਦੇ ਵਿਚਕਾਰ
ਇਕ ਬੋਲੀ, ਹਰ ਬੋਲੀ ਬੋਲਦੀ, ਪਰ ...
ਪਰ ਜੜ੍ਹਾਂ ਭਾਲਦਾ, ਭਾਲਦਾ ਹਰ
ਸੱਭਿਆਚਾਰ ਖੜੋ ਗਿਆ ਹੈ।

(ਅੱਠ ਪ੍ਰਭਾਵ-ਸਕੇਪ)

ਦਹਿਸ਼ਤਵਾਦ ਦਾ ਖਪਤ ਵਸਤਾਂ ਵਾਂਗ
ਵਿਸ਼ਵੀਕਰਨ ਹੋ ਗਿਆ

(ਰਾਜੀ ਆਤੰਕਵਾਦ)

ਇਕ ਲਗਾਤਾਰ ਸੁਨਾਮੀ ਬਣਿਆ ਇਨਸਾਨ
ਹਰ ਦੂਸਰੇ ਤੇ ਹਰ ਸਮੇਂ
ਬਰਸਣ ਲਈ ਤਿਆਰ ਹੈ

(ਸੁਨਾਮੀ)

ਸਪੱਸ਼ਟ ਹੈ ਕਿ ਰਵਿੰਦਰ ਰਵੀ ਸ਼ਬਦ-ਸ਼ਕਤੀਆਂ ਤੋਂ ਪੂਰੀ ਤਰ੍ਹਾਂ ਵਾਕਿਫ਼ ਹੈ। ਉਸ ਕੋਲ ਸ਼ਬਦਾਂ ਦੀ ਮਨਚਾਹੀ ਅਰਥ ਸਿਰਜਨਾ ਕਰਨ ਦੀ ਪ੍ਰਤਿਭਾ ਕਮਾਲ ਦੀ ਹੈ। ਇਸ ਦੇ ਨਾਲ ਨਾਲ ਇਹ ਗੱਲ ਵੀ ਖ਼ਾਸ ਤੌਰ 'ਤੇ ਜ਼ਿਕਰੀ ਹੈ ਕਿ ਉਸ ਦੇ ਸ਼ਬਦਾਂ


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਨਾਲ ਜੋੜੇ ਗਏ ਨਵੇਂ ਸੰਦਰਭ ਬਿਲਕੁਲ ਓਪਰੇ ਤੇ ਅਜਨਬੀ ਨਹੀਂ ਲੱਗਦੇ। ਸਿੱਟੇ ਵਜੋਂ ਇਨ੍ਹਾਂ ਨਾਲ ਸਾਂਝ ਆਸਾਨੀ ਨਾਲ ਪੈ ਜਾਂਦੀ ਹੈ ਅਤੇ ਅਰਥ-ਸੰਚਾਰ ਦੀ ਕੋਈ ਸਮੱਸਿਆ ਖੜ੍ਹੀ ਨਹੀਂ ਹੁੰਦੀ। ਲੀਹੋਂ ਹਟ ਕੇ ਕੁਝ ਕਰਨਾ ਤੇ ਉਸ ਦਾ ਪ੍ਰਵਾਨਿਆ ਜਾਣਾ ਇਹ ਕੋਈ ਛੋਟੀ ਪ੍ਰਾਪਤ ਨਹੀਂ ਹੁੰਦੀ। ਇਸ ਪੱਖੋਂ ਰਵੀ ਆਪਣੀ ਮਿਸਾਲ ਆਪ ਹੈ।

ਸਮੁੱਚੇ ਰੂਪ ਵਿਚ 'ਛਾਵਾਂ ਤੇ ਪਰਛਾਵੇਂ' ਦੇ ਅਧਾਰ ਤੇ ਇਸ ਕਵੀ ਤੇ ਕਵਿਤਾ ਦੀ ਵਿਲੱਖਣਤਾ ਤੇ ਪ੍ਰਾਪਤੀ ਇੰਝ ਵੇਖੀ ਜਾ ਸਕਦੀ ਹੈ :

- ਇਹ ਕਵਿਤਾ ਸੱਜਰੇ ਅਨੁਭਵ ਦੀ ਪੈਦਾਵਾਰ ਹੈ ਜਿਸ ਕਰਕੇ ਵਿਸ਼ੇ ਪੱਖੋਂ ਇਸ ਦੇ ਨਵੀਨ ਹੋਣ ਬਾਰੇ ਕੋਈ ਸੰਦੇਹ ਨਹੀਂ।
- ਪੇਸ਼ਕਾਰੀ ਦੀਆਂ ਰਵਾਇਤੀ ਵਿਧੀਆਂ/ਜੁਗਤਾਂ ਤੋਂ ਪਾਰ ਜਾਂਦੀ ਇਹ ਕਵਿਤਾ ਪ੍ਰਗਟਾਅ ਦੇ ਨਵੇਂ ਪ੍ਰਤੀਮਾਨ ਸਿਰਜਦੀ ਹੈ।
- ਸ਼ਬਦਾਂ ਨੂੰ ਪ੍ਰਚੱਲਿਤ, ਰਵਾਇਤੀ ਤੇ ਸਥਾਪਿਤ ਅਰਥਾਂ ਨਾਲੋਂ ਭਿੰਨ ਸੰਦਰਭਾਂ ਤੇ ਅਰਥਾਂ ਨਾਲ ਸਬੰਧਤ ਕਰਨਾ ਕਵੀ ਦੀ ਕਲਪਨਿਕ ਤੇ ਚਿੰਤਨੀ ਸੂਝ ਦੇ ਸੁਸ਼ਕਤ ਹੋਣ ਨੂੰ ਪ੍ਰਮਾਣਿਤ ਕਰਦਾ ਹੈ।
- ਇਸ ਕਵਿਤਾ ਦੇ ਵਿਸ਼ੇ ਵਸਤੂ ਵਿੱਚੋਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਕਵੀ ਅੰਤਰ ਰਾਸ਼ਟਰੀ ਪੱਧਰ ਤੇ ਵਾਪਰਦੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦਿਆਂ ਇਸ ਨਾਲ ਆਲੋਚਨਾਤਮਕ ਸੰਵਾਦ ਰਚਾਉਣ ਹਿੱਤ ਨਿਰੰਤਰ ਹਰਕਤ ਵਿਚ ਰਹਿੰਦਾ ਹੈ।
- ਮਿੰਨੀ ਕਵਿਤਾ ਰਾਹੀਂ ਵੱਡੇ ਯਥਾਰਥ ਦਾ ਦ੍ਰਿਸ਼ ਸਾਕਾਰ ਦੇਣਾ ਵੀ ਇਸ ਕਵਿਤਾ ਦੀ ਵਿਸ਼ੇਸ਼ ਪ੍ਰਾਪਤੀ ਹੈ। ਮਿਸਾਲ ਵਜੋਂ ਇਹ ਕਵਿਤਾ ਵੇਖੋ :-

  ਪਾਣੀ ਬਣਦਾ ਬਣਦਾ ਫਿਰ
  ਭਾਫ਼ ਬਣ ਗਿਆ ਹਾਂ
  ਹੇਠਾਂ ਡਿਗਦਾ ਡਿਗਦਾ ਮੈਂ
  ਫਿਰ ਉਤਾਂਹ ਗਿਆ ਹਾਂ।

  (ਪਾਣੀ ਤੇ ਭਾਫ਼ ਦੇ ਵਿਚਕਾਰ)

- ਇਸ ਕਵਿਤਾ ਦਾ ਗ਼ੈਰ-ਰਵਾਇਤੀ ਤੇ ਮੌਲਿਕ ਸਾਹਿਤਕ ਮੁਹਾਵਰਾ ਖ਼ਾਸ ਤੌਰ 'ਤੇ ਆਕ੍ਰਸ਼ਣ ਦਾ ਕਾਰਨ ਹੈ।
- ਵਿਸ਼ੇ ਤੇ ਰੂਪ ਪੱਖੋਂ ਕੀਤੇ ਗਏ ਪ੍ਰਯੋਗ ਕਿਸੇ ਵੀ ਤਰ੍ਹਾਂ ਅਪੱਤੀਜਨਕ ਨਹੀਂ ਹਨ। ਕਿਉਂਕਿ ਇਹ ਸਹਿਜ ਰੂਪ ਵਿਚ ਪਾਠਕ ਦੀ ਸਮਝ


Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਦਾ ਹਿੱਸਾ ਬਣੇ ਹਨ। ਉਪਰੋਕਤ ਕਾਰਨਾਂ ਕਰਕੇ ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਤੇ ਪ੍ਰਾਪਤੀਆਂ ਦੇ ਪ੍ਰਸੰਗ ਵਿਚ 'ਛਾਵਾਂ ਤੇ ਪਰਛਾਵੇਂ' ਦਾ ਜ਼ਿਕਰ ਅਵੱਸ਼ ਛਿੜਦਾ ਹੈ।

**–ਡਾ. ਸੁਖਵਿੰਦਰ ਸਿੰਘ**

"ਇੰਡੋ-ਕਨੇਡੀਅਨ ਟਾਈਮਜ਼", ਸਰੀ, ਬੀ.ਸੀ., ਕੈਨੈਡਾ

ਅਪ੍ਰੈਲ 16-22, 2009



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਪ੍ਰਪੱਕ ਅਨੁਭਵ ਦੀ ਕਵਿਤਾ : ਛਾਵਾਂ ਤੇ ਪਰਛਾਵੇਂ

ਰਵਿੰਦਰ ਰਵੀ ਨੇ ਜੀਵਨ ਵਿਚ ਕਈ ਉਤਰਾਅ-ਚੜ੍ਹਾਅ ਵੇਖੇ ਹਨ, ਦੇਸ਼ ਵਿਚ ਵੀ ਤੇ ਪ੍ਰਦੇਸ ਵਿਚ ਵੀ। ਉਹ ਨਿਰੰਤਰ ਲਿਖਦੇ ਰਹਿਣ ਵਾਲਾ ਲੇਖਕ ਹੈ। 'ਛਾਵਾਂ ਤੇ ਪਰਛਾਵੇਂ' ਉਸ ਦਾ ਸਤਾਰ੍ਹਵਾਂ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਰਵੀ ਰਚਿਤ ਕੋਈ ਸੱਠ ਕਵਿਤਾਵਾਂ ਸੰਕਲਿਤ ਹਨ। ਰਵੀ ਨੇ ਆਪਣੇ ਕਾਵਿ ਪੰਧ 'ਤੇ ਤੁਰਦਿਆਂ ਨਿਰੰਤਰ ਵਿਕਾਸ ਕੀਤਾ ਹੈ। 'ਛਾਵਾਂ ਤੇ ਪਰਛਾਵੇਂ' ਤੱਕ ਪੁੱਜਦਿਆਂ ਰਵੀ ਦੀ ਕਵਿਤਾ ਵਿਚ ਸਹਿਜ, ਸੁੰਦਰਤਾ, ਸੰਜੀਦਗੀ ਅਤੇ ਸਾਵਾਂਪਨ ਦਾ ਪ੍ਰਵੇਸ਼ ਹੋ ਗਿਆ ਹੈ। ਉਸ ਦੇ ਕਾਵਿ ਅਨੁਭਵ ਵਿਚ ਪ੍ਰਪੱਕਤਾ ਆ ਗਈ ਹੈ ਅਤੇ ਪ੍ਰਗਟਾਅ ਵਿਚ ਸਾਦਗੀ। ਉਹ ਹੁਣ ਜ਼ੋਰ ਲਾ ਕੇ ਜਾਂ ਸੋਚ-ਸੋਚ ਕੇ ਗੱਲ ਕਰਦਾ ਪ੍ਰਤੀਤ ਨਹੀਂ ਹੁੰਦਾ, ਸਗੋਂ ਸਹਿਜ ਸੁਭਾਅ ਹੀ ਕੁਝ ਕਹਿੰਦਾ ਜਾਪਦਾ ਹੈ। ਜਿਵੇਂ :

> ਲੰਮੀ ਉਡੀਕ ਤੇ ਭੁੱਖਮਰੀ ਪਿੱਛੋਂ
> ਕਿਸੇ ਭੁੱਖੇ ਨੂੰ ਮਿਲਿਆ
> ਅੰਨ ਦਾ ਟੁਕੜਾ
> ਕਾਵਿਕਤਾ ਹੀ ਹੈ।
> ਕਾਵਿਕਤਾ ਸ਼ਬਦਾਂ ਵਿਚ ਹੀ ਨਹੀਂ
> ਸ਼ਬਦਾਂ ਤੋਂ ਬਾਹਰ ਵੀ ਹੁੰਦੀ ਹੈ।"

(ਕਾਵਿਕਤਾ, ਪੰਨਾ 27)

ਨਵੀਂ ਪੰਜਾਬੀ ਕਵਿਤਾ ਦਾ ਇਕ ਹਾਂ-ਮੁਖੀ ਪੱਖ ਇਹ ਹੈ ਕਿ ਇਹ ਸਮੇਂ ਦੇ ਹਾਣ ਦੀ ਹੋਣ ਦੇ ਨਾਲ-ਨਾਲ ਉਮਰ ਦੇ ਹਾਣ ਦੀ ਵੀ ਹੋ ਰਹੀ ਹੈ। ਕਿਸੇ ਕਾਵਿ ਦੇ ਅਧਿਐਨ ਤੋਂ ਉਸ ਦੇ ਰਚੇਤਾ ਦੀ ਉਮਰ ਦਾ ਗਿਆਤ ਹੋਣਾ, ਕਵਿਤਾ ਦਾ ਗੁਣ ਹੈ। ਉਮਰ ਤੋਂ ਸਾਡਾ ਭਾਵ ਹੰਢੇ-ਵਰਤੇ ਪ੍ਰਪੱਕ ਤਜ਼ਰਬੇ ਅਤੇ ਅਨੁਭਵ ਤੋਂ ਹੈ। "ਛਾਵਾਂ ਤੇ ਪਰਛਾਵੇ :" ਦੀਆਂ ਬਹੁਗਿਣਤੀ ਕਵਿਤਾਵਾਂ ਕਵੀ ਦੇ ਪ੍ਰਪੱਕ ਜੀਵਨ ਅਨੁਭਵ ਦਾ ਜਿਉਂਦਾ-ਜਾਗਦਾ ਪ੍ਰਮਾਣ ਹਨ। ਜਿਵੇਂ :

> ਇਸ ਨਾਵਲ ਦਾ ਇਹ ਆਖਰੀ ਕਾਂਡ ਹੈ।

(ਢਲਦੀ ਉਮਰ, ਪੰਨਾ 53)



Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਜਿਸਮ ਨਾਲ ਹੌਲੀ ਹੌਲੀ
ਇੱਛਾ ਵੀ ਅਸਤ ਹੋ ਰਹੀ ਹੈ। (ਰੌਸ਼ਨੀ, ਪੰਨਾ 97)

ਪਰ ਮਨੁੱਖ 'ਚ ਧੜਕਦਾ (ਜਾਂ ਸੁੱਤਾ) ਆਸ਼ਾਵਾਦੀ ਪੱਖ ਵੀ ਚਿਤਰਿਆ ਹੈ, ਜਦੋਂ ਕਵੀ ਕਹਿੰਦਾ ਹੈ :

ਅੱਖਾਂ ਅੰਦਰ
ਅਚਾਨਕ ਉੱਤਰ ਆਏ
ਅਨ੍ਹੇਰੇ ਤੋਂ ਪਾਰ—
ਮੁਹੱਬਤ ਫਿਰ ਵੀ
ਰੌਸ਼ਨੀ ਬਣੀ ਖੜ੍ਹੀ ਹੈ। (ਰੌਸ਼ਨੀ, ਪੰਨਾ 97)

ਪਰ ਇਸ ਦੇ ਨਾਲ ਹੀ ਰਵੀ ਰਚਿਤ ਕਈ ਪੰਕਤੀਆਂ ਅਤਿ-ਸਧਾਰਣ ਤੇ ਵਾਰਤਕਮਈ ਵਾਕ ਹੋ ਕੇ ਹੀ ਰਹਿ ਜਾਂਦੀਆਂ ਹਨ। ਜਿਵੇਂ :

ਅਖ਼ਬਾਰਾਂ ਟੀ.ਵੀ. ਨੇਤਾ
ਬਹੁਤ ਸ਼ੋਰ ਪਾਉਂਦੇ ਹਨ। (ਸਾਧਾਰਨ ਆਦਮੀ, ਪੰਨਾ 93)

'ਫੈਂਟਸੀ', 'ਢਲਦੀ ਉਮਰ', 'ਦਰਾੜਾਂ', 'ਸੁੰਗੜਦੇ ਮੌਸਮ', 'ਇਕ ਬਿਰਧ ਪਾਤਰ ਦੀ ਫੈਂਟਸੀ', 'ਕਾਵਿਕਤਾ', 'ਬੇਬੀਜ ਰੇਤਾ', 'ਮਹਾਂ ਪਰਲੋ ਦੇ ਆਉਣ ਤੋਂ ਪਹਿਲਾਂ', 'ਸਾਧਾਰਨ ਆਦਮੀ', 'ਕਿੱਤਾਕਾਰੀ ਮੁਸਕਾਨ', 'ਅਮਰੀਕਾ : ਇਕ ਫੈਂਟਸੀ', ਅਤੇ 'ਸਿਰਨਾਵੇਂ' ਆਦਿ ਇਸ ਸੰਗ੍ਰਹਿ ਦੀਆਂ ਸ੍ਰੇਸ਼ਠ ਕਵਿਤਾਵਾਂ ਹਨ।

ਅੰਗਰੇਜ਼ੀ ਪ੍ਰਭਾਵਿਤ ਵਾਤਾਵਰਣ ਵਿਚ ਰਹਿਣ ਵਿਚਰਨ ਕਰਕੇ ਪੰਜਾਬੀ ਕਵਿਤਾਵਾਂ ਵਿਚ ਕਈ ਅੰਗਰੇਜ਼ੀ ਸ਼ਬਦ ਘਸੋੜ ਦਿੱਤੇ ਗਏ ਹਨ, ਜਿਹੜੇ ਕਿ ਚੁੱਭਦੇ ਹਨ। ਅਜਿਹੇ ਸ਼ਬਦ ਹਨ : 'ਫੈਂਟਸੀ', 'ਕੰਪਲੈਕਸ', 'ਗਲੋਬਲ ਵਾਰਮਿੰਗ', 'ਮਾਡਰਨ' ਅਤੇ 'ਸਲੋਅ ਪੈਂਚਰ' ਆਦਿ। ਇਨ੍ਹਾਂ ਦੀ ਥਾਂ ਪੰਜਾਬੀ ਸ਼ਬਦ ਵਰਤੇ ਜਾਂਦੇ ਤਾਂ ਚੰਗਾ ਸੀ।

**144 ਪੰਨਿਆਂ 'ਤੇ ਸੋਹਣੀ ਛਪੀ ਇਸ ਪੁਸਤਕ ਦੇ ਪ੍ਰਕਾਸ਼ਕ ਨੈਸ਼ਨਲ ਬੁਕ ਸ਼ਾਪ, ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ** ਹਨ। ਇਸ ਪੁਸਤਕ ਦੇ ਰਚਣ ਕਾਲ ਸਮੇਂ ਰਵੀ ਦੇ ਦਿਲ ਦੇ ਦੋ ਆਪਰੇਸ਼ਨ ਵੀ ਹੋਏ। ਅਜਿਹੀਆਂ ਪ੍ਰਸਥਿਤੀਆਂ ਵਿਚ ਵੀ ਜ਼ਿੰਦਗੀ ਦੇ ਮੋਹ ਨਾਲ ਧੜਕਦੀਆਂ ਕਵਿਤਾਵਾਂ ਦਾ ਇਹ ਸੰਗ੍ਰਹਿ ਰਚਣ ਅਤੇ ਪੰਜਾਬੀ ਦੀ ਝੋਲੀ ਪਾਉਣ ਵਾਸਤੇ ਰਵਿੰਦਰ ਰਵੀ ਨੂੰ ਵਧਾਈ।

**-ਡਾ. ਸੁਰਿੰਦਰ ਗਿੱਲ**
'ਪੰਜਾਬੀ ਟ੍ਰਿਬਿਊਨ', 8.7.2007



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਰਵਿੰਦਰ ਰਵੀ : ਘੋੜੇ ਵਾਂਗ ਸਰਪਟ ਦੌੜ ਰਿਹਾ ਕਵੀ

ਰਵਿੰਦਰ ਰਵੀ ਪਿਛਲੇ ਪੰਜ ਦਹਾਕਿਆਂ ਤੋਂ ਪੰਜਾਬੀ ਸਾਹਿਤ ਜਗਤ ਵਿਚ ਚਰਚਿਤ ਹੈ। ਉਹ ਬਹੁ-ਪੱਖੀ ਲੇਖਕ ਹੈ। ਕੈਨੇਡੀਅਨ ਪੰਜਾਬੀ ਲੇਖਕਾਂ ਵਿੱਚੋਂ, ਸ਼ਾਇਦ, ਉਹ ਇਕੋ ਇਕ ਅਜਿਹਾ ਪੰਜਾਬੀ ਲੇਖਕ ਹੈ ਜਿਸ ਦੀਆਂ ਰਚਨਾਵਾਂ ਬਾਰੇ ਤਕਰੀਬਨ ਹਰ ਨਾਮਵਰ ਪੰਜਾਬੀ ਆਲੋਚਕ ਨੇ ਆਪਣੇ ਵਿਚਾਰ ਜ਼ਾਹਿਰ ਕੀਤੇ ਹਨ। ਪੰਜਾਬੀ ਸਾਹਿਤ ਜਗਤ ਵਿਚ ਉਸ ਨੇ 1960 ਦੇ ਆਸ ਪਾਸ ਇਕ ਪ੍ਰਯੋਗਸ਼ੀਲ ਲੇਖਕ ਵਜੋਂ ਪਰਵੇਸ਼ ਕੀਤਾ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਕਵਿਤਾ, ਕਹਾਣੀ ਅਤੇ ਨਾਟਕ ਦੇ ਖੇਤਰ ਵਿਚ ਨਵੇਂ ਨਵੇਂ ਪ੍ਰਯੋਗ ਕਰ ਰਿਹਾ ਹੈ। ਭਾਵੇਂ ਕਿ ਉਸ ਨੇ ਆਪਣੇ ਇਹ ਸਾਹਿਤਕ ਪ੍ਰਯੋਗ ਇੰਡੀਆ ਵਿਚ ਰਹਿੰਦਿਆਂ ਹੀ ਸ਼ੁਰੂ ਕਰ ਦਿੱਤੇ ਸਨ ; ਪਰ ਉਸ ਨੇ ਅਪਣੇ ਅਜਿਹੇ ਸਾਹਿਤਕ ਪ੍ਰਯੋਗ ਕੀਨੀਆ ਵਿਚ ਵੀ ਜਾਰੀ ਰੱਖੇ ਜਦੋਂ ਕਿ 1967 ਦੇ ਆਸ ਪਾਸ ਉਹ ਇੰਡੀਆ ਨੂੰ ਅਲਵਿਦਾ ਕਹਿ ਕੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਕੇ ਕੀਨੀਆ ਪਹੁੰਚ ਗਿਆ। ਅਨੇਕਾਂ ਦੇਸ਼ਾਂ ਵਿਚ ਘੁੰਮਦਾ ਹੋਇਆ 1967 ਦੇ ਆਸ ਪਾਸ ਜਦੋਂ ਉਹ ਕੀਨੀਆ ਪਹੁੰਚਿਆ ਤਾਂ ਪੰਜਾਬੀ ਸਾਹਿਤਕ ਖੇਤਰ ਵਿਚ ਨਵੇਂ ਨਵੇਂ ਪ੍ਰਯੋਗ ਕਰਨ ਦੀ ਉਸ ਦੀ ਰੁਚੀ ਵਿਚ ਕਿਸੇ ਤਰ੍ਹਾਂ ਦੀ ਵੀ ਕਮੀ ਦੇਖਣ ਵਿਚ ਨ ਆਈ। ਦਸੰਬਰ 1974 ਵਿਚ ਕੈਨੇਡਾ ਪਹੁੰਚ ਕੇ ਉਸ ਨੇ ਆਪਣੀ ਸਾਹਿਤਕ ਪ੍ਰਯੋਗ ਕਰਨ ਦੀ ਇਸ ਰੁਚੀ ਵਿਚ ਬਲਕਿ ਪਹਿਲਾਂ ਨਾਲੋਂ ਵੀ ਵਧੇਰੇ ਤੇਜ਼ੀ ਲਿਆਂਦੀ। ਉਸ ਨੇ ਕਵਿਤਾ ਅਤੇ ਕਹਾਣੀ ਦੇ ਨਾਲ ਨਾਲ ਹੁਣ ਨਾਟਕ ਦੇ ਖੇਤਰ ਵਿਚ ਵੀ ਨਵੇਂ ਨਵੇਂ ਤਜ਼ਰਬੇ ਕਰਨੇ ਸ਼ੁਰੂ ਕਰ ਦਿੱਤੇ।

ਕੈਨੇਡਾ ਦੇ ਅਜਿਹੇ ਬਹੁ-ਚਰਚਿਤ ਪੰਜਾਬੀ ਲੇਖਕ ਰਵਿੰਦਰ ਰਵੀ ਨੇ ਆਪਣਾ ਕਾਵਿ-ਸੰਗ੍ਰਹਿ 'ਛਾਵਾਂ ਤੇ ਪਰਛਾਵੇਂ' 2007 ਵਿਚ ਪ੍ਰਕਾਸ਼ਤ ਕੀਤਾ ਹੈ। ਇਸ ਤੋਂ ਪਹਿਲਾਂ ਉਹ 'ਦਿਲ ਦਰਿਆ ਸਮੁੰਦਰੋਂ ਡੂੰਘੇ', 'ਬੁੱਕਲ ਦੇ ਵਿਚ ਚੋਰ', 'ਬਿੰਦੂ', 'ਮੌਨ ਹਾਦਸੇ', 'ਦਿਲ ਟ੍ਰਾਂਸਪਲਾਂਟ ਤੋਂ ਬਾਅਦ', 'ਸ਼ਹਿਰ ਜੰਗਲੀ ਹੈ', 'ਮੇਰੇ ਮੌਸਮ ਦੀ ਵਾਰੀ', 'ਜਲ ਭਰਮ ਜਲ', 'ਚਿੱਟੇ ਕਾਲੇ ਧੱਬੇ', 'ਸੀਮਾਂ ਆਕਾਸ਼', 'ਸ਼ੀਸ਼ੇ 'ਤੇ ਦਸਤਕ', 'ਆਪਣੇ ਖ਼ਿਲਾਫ਼', 'ਸੂਰਜ ਤੇਰਾ ਮੇਰਾ', 'ਗੰਢਾਂ', 'ਸ਼ਬਦੋਂ ਪਾਰ' ਅਤੇ 'ਪੱਤਰ ਤੇ ਦਰਿਆ' ਨਾਮ ਦੇ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰ ਚੁੱਕਾ ਹੈ।

ਰਵਿੰਦਰ ਰਵੀ ਧੀਮੀ ਰਫ਼ਤਾਰ ਨਾਲ ਲਿਖਣ ਵਾਲਾ ਲੇਖਕ ਨਹੀਂ। ਉਸ ਨੇ ਇਸ ਗੱਲ ਦਾ ਭੇਦ ਪਾ ਲਿਆ ਹੈ ਕਿ ਪੰਜਾਬੀ ਸਾਹਿਤ ਜਗਤ ਵਿਚ ਚਰਚਾ ਦਾ ਵਿਸ਼ਾ ਬਣੇ



Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਰਹਿਣ ਲਈ ਜ਼ਰੂਰੀ ਹੈ ਕਿ ਉਸ ਦੀਆਂ ਲਿਖਤਾਂ ਲਗਾਤਾਰ ਸਾਹਿਤਕ-ਪੱਤਰਕਾਵਾਂ ਵਿਚ ਛਪਦੀਆਂ ਰਹਿਣ ਅਤੇ ਉਸਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਕੇ ਲਗਾਤਾਰ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਦੇ ਬੂਹਿਆਂ ਉੱਤੇ ਦਸਤਕ ਦਿੰਦੀਆਂ ਰਹਿਣ। ਉਹ ਕਿਸੇ ਵੀ ਘਟਨਾ ਜਾਂ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਬਹੁਤ ਡੂੰਘੀ ਸੋਚ ਵਿਚ ਉਤਰਨ ਲਈ ਮਹੀਨੇ ਜਾਂ ਸਾਲ ਬਤੀਤ ਨਹੀਂ ਕਰਦਾ। ਹਵਾ ਦੇ ਬੁੱਲ੍ਹੇ ਵਾਂਗ ਜਦੋਂ ਵੀ ਕੋਈ ਘਟਨਾ ਉਸ ਦੇ ਮਨ ਦੇ ਦਰਵਾਜ਼ਿਆਂ ਉੱਤੇ ਦਸਤਕ ਦਿੰਦੀ ਹੈ ਜਾਂ ਹਵਾ ਦੇ ਝੌਂਕੇ ਵਾਂਗ ਉਸ ਦੇ ਬਦਨ ਨੂੰ ਖਹਿ ਕੇ ਉਸ ਦੇ ਨੇੜਿਉਂ ਲੰਘਦੀ ਹੈ ਤਾਂ ਰਵਿੰਦਰ ਰਵੀ ਇਸ ਮੌਕੇ ਨੂੰ ਗੰਵਾਉਂਦਾ ਨਹੀਂ। ਉਹ ਆਪਣੇ ਇਸ ਅਨੁਭਵ ਨੂੰ ਕਾਵਿ-ਪ੍ਰਕ੍ਰਿਆ ਵਿਚ ਢਾਲ ਕੇ ਇਕ ਨਵੀਂ ਕਾਵਿ-ਰਚਨਾ ਦੇ ਰੂਪ ਵਿਚ ਕੋਰੇ ਕਾਗਜ਼ ਦੇ ਪਿੰਡੇ ਉੱਤੇ ਅੱਖਰਾਂ ਦੇ ਰੂਪ ਵਿਚ ਉੱਕਰ ਦਿੰਦਾ ਹੈ। 'ਛਾਵਾਂ ਤੇ ਪਰਛਾਵੇਂ' ਪੁਸਤਕ ਪੜ੍ਹਦਿਆਂ ਮੈਨੂੰ ਰਵਿੰਦਰ ਰਵੀ ਦੀ ਕਾਵਿ-ਸਿਰਜਨਾ ਪ੍ਰਕ੍ਰਿਆ ਬਾਰੇ ਕੁਝ ਅਜਿਹਾ ਹੀ ਅਨੁਭਵ ਹੋਇਆ ਹੈ। ਪੌਪ ਕਲਚਰ ਵਾਂਗ ਉਸਦੀਆਂ ਰਚਨਾਵਾਂ ਪਲ-ਛਿਨ ਲਈ ਤੁਹਾਡਾ ਧਿਆਨ ਖਿੱਚਦੀਆਂ ਹਨ; ਅਜਿਹੀਆਂ ਕਾਵਿ-ਰਚਨਾਵਾਂ ਦੀ ਰਚਨਾ ਕਰਨ ਵੇਲੇ, ਸ਼ਾਇਦ, ਰਵਿੰਦਰ ਰਵੀ ਦਾ ਵੀ ਇਹੀ ਮੰਤਵ ਹੁੰਦਾ ਹੈ। ਉਹ ਆਪਣੀਆਂ ਕਵਿਤਾਵਾਂ ਦੇ ਪਾਠਕ ਨੂੰ ਬਹੁਤ ਦੇਰ ਤਕ ਰੋਕ ਕੇ ਨਹੀਂ ਰੱਖਣਾ ਚਾਹੁੰਦਾ। ਅਜੋਕੇ ਸਮਿਆਂ ਵਿਚ ਹਰ ਕੋਈ ਜ਼ਿੰਦਗੀ ਦੇ ਰੁਝੇਵਿਆਂ ਵਿਚ ਏਨਾ ਰੁੱਝਿਆ ਹੋਇਆ ਹੈ ਕਿ ਕਿਸ ਕੋਲ ਵੀ ਏਨੀ ਵਿਹਲ ਨਹੀਂ ਕਿ ਉਹ ਲੰਬੇ ਸਮੇਂ ਤੱਕ ਰੁਕ ਕੇ ਤੁਹਾਡੀ ਗੱਲ ਸੁਣ ਸਕੇ। ਇਸ ਗੱਲ ਦੀ ਪੁਸ਼ਟੀ ਕਰਦੀਆਂ 'ਛਾਵਾਂ ਤੇ ਪਰਛਾਵੇਂ' ਵਿਚ ਸ਼ਾਮਿਲ ਰਵਿੰਦਰ ਰਵੀ ਦੀਆਂ ਅਨੇਕ ਕਵਿਤਾਵਾਂ ਸਾਡੇ ਧਿਆਨ ਦੀ ਮੰਗ ਕਰਦੀਆਂ ਹਨ। ਉਦਾਹਰਣ ਵਜੋਂ, ਉਸ ਦੀ ਨਜ਼ਮ 'ਛਾਵਾਂ ਤੇ ਪਰਛਾਵੇਂ-1' ਦੀਆਂ ਹੇਠ ਲਿਖੀਆਂ ਸਤਰਾਂ ਤੋਂ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ :

ਤੁਹਾਡੀ ਨਜ਼ਰ ਨੂੰ
ਅਸਲ ਨਾ ਭਾਇਆ ਕਦੀ
ਭਰਮ ਹੀ ਲੁਭਾਉਂਦਾ ਰਿਹਾ ਸਦਾ

ਅਜੋਕੇ ਯੁਗ ਦੀ ਇਹ ਤ੍ਰਾਸਦੀ ਹੈ ਜਾਂ ਪਹਿਚਾਣ ? 'ਅਸਲ' ਨਾਲੋਂ 'ਨਕਲ' ਦਾ ਹਰ ਪਾਸੇ ਵੱਧ ਪ੍ਰਭਾਵ ਹੈ। ਇੰਨੀ ਵੱਡੀ ਗੱਲ ਰਵਿੰਦਰ ਰਵੀ ਥੋੜੇ ਜਿਹੇ ਸ਼ਬਦਾਂ ਵਿਚ ਪਰ ਸਹਿਜ ਨਾਲ ਕਹਿ ਜਾਂਦਾ ਹੈ। ਆਧੁਨਿਕ ਸਮਿਆਂ/ਪਰਾ-ਆਧੁਨਿਕ ਸਮਿਆਂ ਵਿਚ ਜ਼ਿੰਦਗੀ ਜਿਉਣ ਦੀ ਸ਼ੈਲੀ ਉੱਤੇ ਕੀਤਾ ਗਿਆ ਅਜਿਹਾ ਕਟਾਖਸ਼ ਅਸੀਂ ਅਨੇਕਾਂ ਹੋਰ ਲੇਖਕਾਂ ਦੀਆਂ ਲਿਖਤਾਂ ਅਤੇ ਚਿਤਰਕਾਰਾਂ ਦੇ ਚਿਤਰਾਂ ਵਿਚ ਵੀ ਦੇਖ ਸਕਦੇ ਹਾਂ।

ਭਾਸ਼ਾ ਦੀ ਮਹੱਤਤਾ ਵਰਗੀ ਗੰਭੀਰ ਗੱਲ ਕਰਦਾ ਹੋਇਆ ਵੀ ਰਵਿੰਦਰ ਰਵੀ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਸਹਿਜ ਨਾਲ ਹੀ ਆਪਣੀ ਗੱਲ ਕਹਿੰਦਾ ਹੈ। ਉਸ ਦੀ ਨਜ਼ਮ 'ਛਾਵਾਂ ਤੇ ਪਰਛਾਵੇਂ-2' ਦੀਆਂ ਹੇਠ ਲਿਖੀਆਂ ਸਤਰਾਂ ਇਸ ਗੱਲ ਦਾ ਅਹਿਸਾਸ ਕਰਾਂਦੀਆਂ ਹਨ ਕਿ ਮਨੁੱਖੀ ਜ਼ਿੰਦਗੀ ਵਿਚ ਭਾਸ਼ਾ ਰਾਹੀਂ ਹੀ ਅਸੀਂ ਹਰ ਪੱਧਰ ਉੱਤੇ ਸੰਚਾਰ ਪੈਦਾ ਕਰਦੇ ਹਾਂ। ਭਾਸ਼ਾ ਤੋਂ ਬਿਨਾਂ ਕੋਈ ਵੀ ਗਿਆਨ/ਵਿਗਿਆਨ/ਧਰਮ/ਤਕਨਾਲੋਜੀ/ਦਰਸ਼ਨ ਸੰਭਵ ਨਹੀਂ :

ਭਾਸ਼ਾ ਹੀ ਕੁਲ ਹਾਸਿਲ ਸਾਡਾ
ਭਾਸ਼ਾ ਸਾਡਾ ਵਿਰਸਾ
ਰੱਬ, ਧਰਮ ਇਸ ਪੈਦਾ ਕੀਤੇ
ਹਰ ਫ਼ਲਸਫ਼ਾ ਦਿੱਤਾ

'ਯੁੱਧ' ਨਾਮ ਦੀ ਕਵਿਤਾ ਵਿਚ ਉਹ ਆਪਣੀ ਗੱਲ ਕਹਿਣ ਲੱਗਿਆਂ ਇਕ ਚਿੱਤਰਕਾਰ ਵਾਂਗ ਵੱਡੀ ਕੈਨਵਸ ਉੱਤੇ ਆਪਣਾ ਪ੍ਰਯੋਗ ਕਰਦਾ ਹੈ। ਇਸ ਕਵਿਤਾ ਨੂੰ ਸੰਰਚਨਾਵਾਦੀ ਕਾਵਿ-ਪ੍ਰਯੋਗ ਕਹਿਣਾ ਯੋਗ ਹੋਵੇਗਾ। ਕਿਉਂਕਿ ਇਸ ਨਜ਼ਮ ਵਿਚ ਅਨੇਕਾਂ ਨਿੱਕੀਆਂ ਨਿੱਕੀਆਂ ਨਜ਼ਮਾਂ ਇਕ ਦੂਜੇ ਉੱਤੇ ਇੱਟਾਂ ਵਾਂਗ ਚਿਣੀਆਂ ਹੋਈਆਂ ਹਨ। ਜੋ ਕਿ ਆਪਣੇ ਆਪ ਵਿਚ ਇਕੱਲੀਆਂ ਵੀ ਸੰਪੂਰਨ ਕਾਵਿ-ਕਿਰਤਾਂ ਹਨ ਅਤੇ 'ਯੁੱਧ' ਨਾਮ ਦੀ ਕਵਿਤਾ ਦਾ ਹਿੱਸਾ ਬਣਦੀਆਂ ਹੋਈਆਂ ਇਸ ਕਵਿਤਾ ਨੂੰ ਅਨੇਕਾਂ ਦਿਸ਼ਾਵਾਂ ਵਿਚ ਪਸਾਰਦੀਆਂ ਹਨ।

ਰਵਿੰਦਰ ਰਵੀ ਦੀ ਕਵਿਤਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੀ ਹਰ ਰਚਨਾ ਵਿਚ ਛੋਹੇ ਵਿਸ਼ੇ ਨੂੰ ਦਾਰਸ਼ਨਿਕ ਪਹਿਲੂ ਤੋਂ ਪੇਸ਼ ਕਰਕੇ ਸੰਤੁਸ਼ਟੀ ਮਹਿਸੂਸ ਕਰਦਾ ਹੈ। 'ਯੁੱਧ' ਸ਼ਬਦ ਦੀ ਗੱਲ ਕਰਨ ਲੱਗਿਆਂ ਉਹ ਇਸ ਨੂੰ ਪਾਠਕ ਦੇ ਮਨ ਵਿਚ ਕਿਸੇ ਕਿਸਮ ਦਾ ਭੈਅ ਪੈਦਾ ਕਰਨ ਲਈ ਜਾਂ ਦਹਿਸ਼ਤ ਭਰੇ ਮਾਹੌਲ ਦਾ ਅਹਿਸਾਸ ਪੈਦਾ ਕਰਨ ਲਈ ਨਹੀਂ ਵਰਤਦਾ, ਬਲਕਿ ਉਹ ਇਸ ਗੱਲ ਦਾ ਅਹਿਸਾਸ ਪਾਠਕ ਦੇ ਮਨ ਵਿਚ ਜਗਾਂਦਾ ਹੈ ਕਿ ਮਨੁੱਖ ਆਪਣੇ ਜਨਮ ਲੈਣ ਦੇ ਸਮੇਂ ਤੋਂ ਲੈ ਕੇ ਮਰਨ ਤੱਕ ਆਪਣੇ ਚੌਗਿਰਦੇ ਵਿਚ ਪੱਸਰੇ ਹਰ ਕਿਸਮ ਦੇ ਵਾਤਾਵਰਨ ਨਾਲ ਖਹਿੰਦਾ ਹੋਇਆ ਇਕ ਨਿਰੰਤਰ ਯੁੱਧ ਵਾਲੀ ਸਥਿਤੀ ਵਿਚ ਰੁੱਝਿਆ ਰਹਿੰਦਾ ਹੈ :

ਸਦਾ-ਯੁੱਧ ਦੀ ਅਵਸਥਾ ਵਿਚ ਰਹਿੰਦਾ ਹੈ
ਜਨਮ ਸਮੇਂ ਤੋਂ ਆਦਮੀ।
ਮਾਂ ਦੇ ਪੇਟ 'ਚੋਂ ਨਿਕਲਦਿਆਂ ਹੀ,
ਅਜਨਬੀ ਮਾਹੌਲ ਨੂੰ ਵੇਖਦਿਆਂ
ਚੀਕ ਨਿਕਲ ਜਾਂਦੀ ਹੈ, ਪਹਿਲ-ਚੇਤਨਾ ਦੀ !

ਵਿਸ਼ਵ ਰਾਜਨੀਤੀ ਦੀ ਗੱਲ ਕਰਦੇ ਇਸ ਕਵਿਤਾ ਦੇ ਕੁਝ ਹੋਰ ਹਿੱਸੇ ਵੀ ਇਸ ਕਵਿਤਾ ਨੂੰ ਪੜ੍ਹਨ ਯੋਗ ਬਣਾਉਂਦੇ ਹਨ। ਰਵੀ ਇਸ ਕਵਿਤਾ ਵਿਚ ਇਸ ਗੱਲ ਦਾ ਵੀ


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਅਹਿਸਾਸ ਕਰਵਾਉਂਦਾ ਹੈ ਕਿ ਅਜੋਕੇ ਸਮਿਆਂ ਵਿਚ ਯੁੱਧ ਅਨੇਕਾਂ ਧਰਾਤਲਾਂ ਉੱਤੇ ਲੜਿਆ ਜਾਂਦਾ ਹੈ। ਅਜੋਕੇ ਰਾਜਨੀਤੀ ਆਪਣੇ ਮੰਤਵਾਂ ਦੀ ਪੂਰਤੀ ਹਿਤ ਯੁੱਧ ਲਈ ਅਨੇਕਾਂ ਬਹਾਨੇ ਢੂੰਡਦੀ ਹੈ ਅਤੇ ਅਨੇਕਾਂ ਢੰਗ ਅਪਣਾਉਂਦੀ ਹੈ।

ਸੋਵੀਅਤ ਯੂਨੀਅਨ ਦੇ ਟੁੱਟ ਜਾਣ ਤੋਂ ਬਾਅਦ ਅਤੇ ਕਮਿਊਨਿਸਟ ਬਲਾਕ ਦੇ ਹੋਰਨਾਂ ਦੇਸ਼ਾਂ ਵਿਚ ਕਮਿਊਨਿਸਟ ਸਰਕਾਰਾਂ ਡਿੱਗ ਜਾਣ ਤੋਂ ਬਾਅਦ ਅਮਰੀਕਾ ਦੁਨੀਆਂ ਦੀ ਇਕੋ ਇਕ ਸੁਪਰਪਾਵਰ ਬਣ ਕੇ ਰਹਿ ਗਿਆ ਹੈ। ਇਸ ਗੱਲ ਦਾ ਅਮਰੀਕਾ ਨਜਾਇਜ਼ ਲਾਭ ਉਠਾ ਰਿਹਾ ਹੈ ਅਤੇ ਪਿੰਡ ਦੇ ਵੈਲੀਆਂ ਦੀ ਢਾਣੀ ਦਾ ਚੌਧਰੀ ਹੋਣ ਵਾਂਗ ਆਪਣੀ ਧੌਂਸ ਦਿਖਾਉਣ ਲਈ ਦੁਨੀਆਂ ਦੇ ਕੋਨੇ ਕੋਨੇ ਵਿਚ ਜੰਗ ਦੇ ਭਾਂਬੜ ਬਾਲ ਰਿਹਾ ਹੈ। ਆਪਣੇ ਅਜਿਹੇ ਇਰਾਦਿਆਂ ਦੀ ਪੂਰਤੀ ਹਿਤ ਉਹ 'ਵੰਡੋ ਅਤੇ ਰਾਜ ਕਰੋ' ਦੇ ਸਿਧਾਂਤ ਉੱਤੇ ਚੱਲਦਾ ਹੋਇਆ ਦੇਸ਼ਾਂ ਅਤੇ ਕੌਮਾਂ ਨੂੰ ਇਕ ਦੂਜੇ ਨਾਲ ਲੜਾ ਕੇ ਰੱਖਣ ਲਈ ਦਿਨ ਰਾਤ ਹਥਿਆਰਾਂ ਦੇ ਅੰਬਾਰ ਲਗਾ ਰਹੀਆਂ ਆਪਣੀਆਂ ਹਥਿਆਰਾਂ ਦੀਆਂ ਫ਼ੈਕਟਰੀਆਂ 'ਚ ਬਣਿਆ ਮਾਲ ਵੇਚ ਰਿਹਾ ਹੈ। ਰਵਿੰਦਰ ਰਵੀ ਨੇ ਕਾਵਿ-ਰੂਪ ਵਿਚ ਇਨ੍ਹਾਂ ਗੱਲਾਂ ਨੂੰ ਜਿਸ ਅੰਦਾਜ਼ ਵਿਚ ਅਤੇ ਜਿਸ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ ਉਸ ਦਾ ਅਹਿਸਾਸ ਸਿਰਫ਼ 'ਯੁੱਧ' ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਪੜ੍ਹਨ ਤੋਂ ਬਾਹਰ ਹੀ ਹੋ ਸਕਦਾ ਹੈ :

1.
ਇੱਕੋ ਇੱਕ ਮਹਾਂ-ਸ਼ਕਤੀ, ਸਾਮਰਾਜ, ਅਮਰੀਕਾ
ਹਰ ਦੇਸ਼ ਦੇ ਹਰ ਵਿਹੜੇ ਦਾ
ਇੱਕੋ ਇੱਕ ਮੁਰਗਾ ਬਣਨਾ ਲੋਚਦਾ
ਬਾਕੀ ਮੁਰਗਿਆਂ ਨੂੰ ਖੱਸੀ ਕਰਨਾ ਸੋਚਦਾ
2.
ਬਾਕੀ ਦੇਸ਼ਾਂ ਦੇ ਸਾਗਰਾਂ, ਦਰਿਆਵਾਂ,
ਭੂ-ਨਿਮਨ ਤੇਲ-ਖੂਹਾਂ, ਤਰਨ-ਤਲਾਵਾਂ
ਤੇ ਵਾਤਾਵਰਨ ਵਿਚ
ਕੁੰਡੀਆਂ ਪਾਈ ਬੈਠਾ ਹੈ ਇਹ
ਤੇ ਇਸਦਾ ਮੂਲਵਾਦੀ ਈਸਾਈ ਨੇਤਾ ਬੁਸ਼ !
3.
ਬਰਲਨ ਦੀ ਕੰਧ ਢਾਹ ਕੇ
ਸੋਵੀਅਤ ਯੂਨੀਅਨ ਸੁਕੇੜ ਦਿੱਤਾ।
ਨਿੱਕੇ ਨਿੱਕੇ ਰਾਸ਼ਟਰਾਂ ਦੇ ਰਾਸ਼ਟਰਵਾਦ ਵਿਚ,
ਹਰ ਨਿੱਕਾ, ਵੱਡਾ ਦੇਸ਼ ਰੇੜ੍ਹ ਦਿੱਤਾ।



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

4.
ਅਮਰੀਕਾ ਦੀ ਬਾਂਦਰ-ਵੰਡ ਨੇ ਹੀ ਕਦੇ ਸੀ
ਫ਼ਲਸਤੀਨੀਆਂ ਤੇ ਯਹੂਦੀਆਂ ਵਿਚ ਪਾੜ ਪਾ ਦਿੱਤਾ
ਇਸਲਾਮ ਨੂੰ
ਬੰਬ ਬਣ ਫੱਟਦੇ, ਮਨੁੱਖਾਂ ਦਾ
ਰਾਹ ਦਿਖਲਾ ਦਿੱਤਾ।
ਕਿਹੜਾ ਧਰਮ ਮਾਸੂਮ ਬੇਗੁਨਾਹਾਂ 'ਤੇ
ਬਾਰੂਦ ਬਣ ਬਰਸਨ ਦੀ ਆਗਿਆ ਦਿੰਦਾ ਹੈ ?

ਅਮਰੀਕਾ ਵੱਲੋਂ ਦਿਖਾਈ ਜਾ ਰਹੀ ਇਸ ਧੌਂਸ ਦਾ ਮੂਲ-ਮਕਸਦ ਅਤੇ ਇਸ ਰਾਜਨੀਤੀ ਦਾ ਮਕਸਦ ਵਿਸ਼ਵ ਭਰ ਦੇ ਤੇਲ ਸਰੋਤਾਂ ਉੱਤੇ ਕਬਜ਼ਾ ਕਰਨਾ ਹੈ ; ਵੱਡੇ ਵੱਡੇ ਤੇਲ ਸਰੋਤਾਂ ਵਾਲੇ ਦੇਸ਼ਾਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਲੜਾ ਕੇ ਘਰੋਗੀ ਜੰਗ ਸ਼ੁਰੂ ਕਰਕੇ ਉਨ੍ਹਾਂ ਦੇਸ਼ਾਂ ਦੇ ਤੇਲ ਭੰਡਾਰਾਂ ਨੂੰ ਕੌਡੀਆਂ ਦੇ ਭਾਅ ਲੁੱਟਣਾ ਹੈ। ਬਿਨਾਂ ਕਿਸੇ ਸ਼ੱਕ ਦੇ ਇਰਾਕ ਸਮੇਤ ਮਿਡਲ ਈਸਟ ਦੇ ਅਨੇਕਾਂ ਦੇਸ਼ਾਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਅਮਰੀਕਾ ਇਹੀ ਕੁਝ ਹੀ ਕਰ ਰਿਹਾ ਹੈ। ਇਰਾਨ ਦੇ ਤੇਲ ਭੰਡਾਰਾਂ ਨੂੰ ਵੀ ਅਮਰੀਕਾ ਨੇ ਕਈ ਦਹਾਕਿਆਂ ਤੱਕ ਲੁੱਟਿਆ। ਅਮਰੀਕਾ ਹੁਣ ਬਹਾਨੇ ਢੂੰਡ ਰਿਹਾ ਹੈ ਕਿ ਇਰਾਨ ਦੇ ਤੇਲ ਭੰਡਾਰਾਂ ਉੱਤੇ ਮੁੜ ਕਬਜ਼ਾ ਕੀਤਾ ਜਾ ਸਕੇ ਅਤੇ ਉੱਥੇ ਪਹਿਲਾਂ ਵਾਂਗ ਹੀ ਅੰਨ੍ਹੀ ਲੁੱਟ ਮਚਾਈ ਜਾ ਸਕੇ।

'ਛਾਵਾਂ ਤੇ ਪਰਛਾਵੇਂ' ਕਾਵਿ-ਸੰਗ੍ਰਹਿ ਵਿਚ ਰਵੀ ਨੇ ਅਨੇਕਾਂ ਹੋਰ ਵਿਸ਼ਿਆਂ ਬਾਰੇ ਵੀ ਕਵਿਤਾਵਾਂ ਲਿਖੀਆਂ ਹਨ। ਅਜੋਕੇ ਮਨੁੱਖ ਨੇ ਆਪਣੇ ਤਨ-ਮਨ ਨੂੰ ਇੰਨਾ ਢਕ ਲਿਆ ਹੈ ਕਿ ਉਸ ਨੂੰ ਇਸ ਸਭ ਕੁਝ ਤੋਂ ਕਚਿਆਣ ਆਉਣ ਲੱਗ ਪਈ ਹੈ। ਅਜੋਕੇ ਸਭਿਅਤਾ ਆਦਿਵਾਸੀਆਂ ਦੇ ਰਹਿਣ-ਸਹਿਣ ਵੱਲ ਮੁੜ ਰਹੀ ਹੈ। 'ਇਕ ਬਿਰਧ ਪਾਤਰ ਦੀ ਫੈਂਟਸੀ' ਕਵਿਤਾ ਦੀਆਂ ਇਹ ਸਤਰਾਂ ਸਾਡੇ ਸਮਿਆਂ ਦੇ ਸੱਚ ਨੂੰ ਹੀ ਉਜਾਗਰ ਕਰ ਰਹੀਆਂ ਹਨ :

ਬੇਪਰਦਾ ਹੁਸਨਾਂ ਦਾ ਨਜ਼ਾਰਾ !
ਸਮਿਆਂ ਦੀ ਬਦਲੀ ਦਾ ਇਸ਼ਾਰਾ !

ਨਾ ਕੋਈ ਘੁੰਡ ਤੇ ਨਾ ਕੋਈ ਘੱਗਰਾ
ਸੁੱਥਣ, ਜੰਪਰ ਲਾਹ ਕੇ ਸੁੱਟੇ।

ਗਲੋਬਲੀਕਰਨ ਦੇ ਵਰਤਾਰੇ ਨੇ ਜ਼ਿੰਦਗੀ ਨਾਲ ਸਬੰਧਤ ਹਰ ਖੇਤਰ ਨੂੰ ਹੀ ਪ੍ਰਭਾਵਤ ਕੀਤਾ ਹੈ। ਰਾਜਨੀਤੀ, ਧਰਮ, ਵਿਦਿਆ, ਦਰਸ਼ਨ, ਆਰਥਿਕਤਾ,


Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਸਭਿਆਚਾਰ ਕੋਈ ਵੀ ਖੇਤਰ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਿਆ।

ਪਰਾ-ਆਧੁਨਿਕ ਸਮਿਆਂ ਵਿਚ ਵਿਗਿਆਨ ਅਤੇ ਤਕਨਾਲੋਜੀ ਨੇ ਬਹੁਤ ਉਨਤੀ ਕੀਤੀ ਹੈ। ਜਿਸ ਸਦਕਾ ਦੁਨੀਆਂ ਇਕ ਪਿੰਡ ਬਣ ਗਈ ਹੈ। ਗਲੋਬਲੀਕਰਨ ਸਦਕਾ ਸੰਚਾਰ ਸਾਧਨਾਂ ਵਿਚ ਆਈ ਇਸ ਇਨਕਲਾਬੀ ਤਬਦੀਲੀ ਵਾਲੇ ਪੱਖ ਦਾ ਦੂਜਾ ਅਤੇ ਮਾੜਾ ਪੱਖ ਵੀ ਹੈ। ਗਲੋਬਲ ਪੱਧਰ ਉੱਤੇ ਆਰਥਿਕ ਮੰਡੀਆਂ ਦੀ ਭਾਲ ਵਿਚ ਸਰਮਾਇਦਾਰ ਦੇਸ਼ਾਂ ਵੱਲੋਂ ਸਭਿਆਚਾਰਾਂ ਦੀ ਤਬਾਹੀ ਕੀਤੀ ਜਾ ਰਹੀ ਹੈ। ਨਿੱਜੀ ਆਜ਼ਾਦੀ ਦੇ ਕੋਈ ਅਰਥ ਬਾਕੀ ਨਹੀਂ ਰਹਿ ਗਏ। ਗਲੋਬਲੀ ਪੱਧਰ ਉੱਤੇ ਉਸਾਰੀ ਜਾ ਰਹੀ ਆਰਥਿਕਤਾ ਦਾ ਮੂਲ ਉਦੇਸ਼ ਮੁਨਾਫ਼ਾ ਕਮਾਉਣਾ ਹੀ ਰਹਿ ਗਿਆ ਹੈ। ਭਾਵੇਂ ਇਸ ਉਦੇਸ਼ ਦੀ ਪੂਰਤੀ ਲਈ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਗੁਲਾਮ ਹੀ ਬਨਾਉਣਾ ਕਿਉਂ ਨ ਪਵੇ। 'ਤ੍ਰਿਕਾਲੀ ਯੁੱਧ' ਨਾਮ ਦੀ ਕਵਿਤਾ ਵਿਚ ਰਵਿੰਦਰ ਰਵੀ ਵੀ ਕੁਝ ਅਜਿਹੇ ਵਿਚਾਰਾਂ ਦਾ ਹੀ ਪ੍ਰਗਟਾ ਕਰ ਰਿਹਾ ਹੈ :

ਵਿਸ਼ਵੀਕਰਨ ਦੀ ਮੰਡੀ ਅੰਦਰ
ਵਿਅਕਤੀ ਕੇਵਲ
ਵਰਣਮਾਲਾ ਦਾ
ਕੱਲਾ ਕਾਰਾ ਅੱਖਰ,
ਬੋਲੇ ਵੀ, ਤਾਂ
ਅਰਥ ਨਹੀਂ ਬਣਦਾ

ਪਰਾ-ਆਧੁਨਿਕ ਸਮਿਆਂ ਦੀ ਸਭ ਤੋਂ ਵੱਡੀ ਸਮੱਸਿਆ 'ਗਲੋਬਲ ਵਾਰਮਿੰਗ' ਬਣ ਚੁੱਕੀ ਹੈ। ਇਸ ਸਮੱਸਿਆ ਨੂੰ ਜਨਮ ਦੇਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਗਲੋਬਲ ਪੱਧਰ ਉੱਤੇ ਫੈਲ ਰਹੀ 'ਪ੍ਰਦੂਸ਼ਣ ਦੀ ਸਮੱਸਿਆ' ਉੱਤੇ ਹੀ ਆਉਂਦੀ ਹੈ। ਜ਼ਿੰਦਗੀ ਨੂੰ ਸੁਖਾਲਾ ਬਨਾਉਣ ਲਈ ਮਨੁੱਖ ਨੇ ਪ੍ਰਦੂਸ਼ਣ ਫੈਲਾਉਣ ਦੀ ਹਰ ਸੀਮਾਂ ਪਾਰ ਕਰ ਲਈ ਹੈ। ਹਰ ਪਾਸੇ ਧੂੰਆਂ ਹੈ, ਗੈਸਾਂ ਹਨ, ਕੂੜਾ ਹੈ। ਪਰਾ-ਆਧੁਨਿਕ ਸਮਿਆਂ ਦਾ ਮਨੁੱਖ ਜਿਸ ਗ਼ੈਰ-ਜ਼ਿੰਮੇਵਾਰੀ ਨਾਲ ਗਲੋਬਲ ਪੱਧਰ ਉੱਤੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਵਿਚ ਤੇਜ਼ੀ ਨਾਲ ਵਾਧਾ ਕਰ ਰਿਹਾ ਹੈ—ਉਸ ਦੇ ਖਤਰਨਾਕ ਨਤੀਜੇ ਆਉਣ ਵਾਲੀਆਂ ਨਸਲਾਂ ਨੂੰ ਭੁਗਤਣੇ ਪੈਣਗੇ। ਆਉਣ ਵਾਲੇ ਸਮਿਆਂ ਵਿਚ ਤੇਜ਼ੀ ਨਾਲ ਗਲੋਬਲ ਪੱਧਰ ਉੱਤੇ ਵੱਧ ਰਹੀ ਪ੍ਰਦੂਸ਼ਣ ਸਦਕਾ ਅਨੇਕਾਂ ਦੇਸ਼ਾਂ ਵਿਚ ਪਹਿਲਾਂ ਨਾਲੋਂ ਵੱਧ ਸਮੁੰਦਰੀ ਤੂਫ਼ਾਨ ਆਉਣਗੇ, ਸੋਕੇ ਪੈਣਗੇ, ਕਾਲ ਪੈਣਗੇ, ਦਰਿਆਵਾਂ 'ਚ ਭਾਰੀ ਹੜ੍ਹ ਆਉਣਗੇ, ਅਨੇਕਾਂ ਸ਼ਹਿਰ ਸਮੁੰਦਰ ਵਿਚ ਡੁੱਬ ਜਾਣਗੇ ਅਤੇ ਅਨੇਕਾਂ ਤਰ੍ਹਾਂ ਦੀਆਂ ਨਵੀਆਂ ਬੀਮਾਰੀਆਂ ਨਾਲ ਲੱਖਾਂ ਲੋਕ ਮਾਰੇ ਜਾਣਗੇ, ਰਵੀ ਵੀ ਇਸ ਗੱਲ ਵਲੋਂ ਚੇਤੰਨ ਹੈ, ਤਾਂ ਹੀ ਤਾਂ ਉਹ ਆਪਣੀ ਕਵਿਤਾ 'ਗਲੋਬਲ ਵਾਰਮਿੰਗ' ਵਿਚ ਇਹ ਲਿਖਦਾ ਹੈ :



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਮਨੁੱਖ, ਧੂੰਆਂ ਬਣ, ਗੈਸਾਂ ਬਣ,
ਛੂਹ ਰਿਹਾ ਅਸਮਾਨ ਨੂੰ !
ਹਰ ਵਾਹਣ,
ਸਦਾ-ਖੜੋਤ ਵਲ ਨੂੰ ਭੱਜ ਰਿਹਾ !
ਮਨੁੱਖ ਦਾ,
ਕੂੜਾ ਹੀ ਕੂੜਾ ਹਰ ਤਰਫ਼ -
ਹਵਾਵਾਂ, ਪਾਣੀਆਂ ਤੇ ਰਾਹਾਂ ਵਿਚ
ਪ੍ਰਦੂਸ਼ਣ ਦਾ ਢੋਲ ਵੱਜ ਰਿਹਾ !

ਰਵਿੰਦਰ ਰਵੀ ਸਦਾ ਹੀ ਆਪਣੇ ਆਪ ਨੂੰ ਗਲੋਬਲੀ ਚੇਤਨਾ ਅਤੇ ਗਲੋਬਲੀ ਸਰੋਕਾਰਾਂ ਬਾਰੇ ਰਚਨਾਵਾਂ ਰਚਣ ਵਾਲਾ ਲੇਖਕ ਕਹਿ ਕੇ ਸੰਤੁਸ਼ਟੀ ਮਹਿਸੂਸ ਕਰਦਾ ਰਿਹਾ ਹੈ। ਉਹ ਸਦਾ ਹੀ ਇਸ ਗੱਲ ਬਾਰੇ ਬਹਿਸ ਛੇੜਦਾ ਰਿਹਾ ਹੈ ਕਿ ਸਾਡੇ ਵਧੇਰੇ ਪੰਜਾਬੀ ਕਵੀ ਨਿੱਜਵਾਦ ਦੀਆਂ ਸਮੱਸਿਆਵਾਂ ਤੋਂ ਬਾਹਰ ਨਹੀਂ ਨਿਕਲਦੇ ਜਦੋਂ ਕਿ ਗਲੋਬਲੀ ਸਰੋਕਾਰ, ਗਲੋਬਲੀ ਚਿੰਤਨ ਅਤੇ ਗਲੋਬਲੀ ਸਮੱਸਿਆਵਾਂ ਉਨ੍ਹਾਂ ਦੀਆਂ ਕਲਾ-ਕ੍ਰਿਤਾਂ ਦਾ ਵਿਸ਼ਾ ਬਨਣ ਲਈ ਉਨ੍ਹਾਂ ਨੂੰ ਹਰ ਪਲ ਵੰਗਾਰ ਰਹੀਆਂ ਹਨ।

ਅਜੋਕੇ ਸਮਿਆਂ ਦੀ ਇਕ ਵੱਡੀ ਸਮੱਸਿਆ ਨਵੀਂ ਅਤੇ ਪੁਰਾਣੀ ਪੀੜ੍ਹੀ ਦਰਮਿਆਨ ਵੱਧ ਰਿਹਾ ਫ਼ਾਸਲਾ ਹੈ। ਪਰਾ-ਆਧੁਨਿਕ ਸਮਿਆਂ ਵਿਚ ਗਿਆਨ/ਵਿਗਿਆਨ/ਤਕਨਾਲੋਜੀ ਵਿਚ ਹੋ ਰਹੀ ਤੇਜ਼ੀ ਨਾਲ ਤਰੱਕੀ ਅਤੇ ਸੰਚਾਰ ਸਾਧਨਾਂ ਵਿਚ ਆਇਆ ਇਨਕਲਾਬ ਦੋ ਪੀੜ੍ਹੀਆਂ ਦਰਮਿਆਨ ਪੈਦਾ ਹੋ ਰਹੇ ਫ਼ਾਸਲੇ ਨੂੰ ਘਟਾਉਣ ਦੀ ਥਾਂ ਬਲਕਿ ਦਿਨ-ਬ-ਦਿਨ ਇਸ ਵਿਚ ਵਾਧਾ ਕਰ ਰਿਹਾ ਹੈ।

ਦੋ ਪੀੜ੍ਹੀਆਂ ਦਰਮਿਆਨ ਵੱਧ ਰਹੇ ਫ਼ਾਸਲੇ ਬਾਰੇ ਰਵਿੰਦਰ ਰਵੀ ਦੀ ਕਵਿਤਾ 'ਪਿੰਡ ਤੇ ਬ੍ਰਹਮੰਡ ਵਿਚਕਾਰ ਲਟਕਦੇ ਪਰਵਾਸੀ' 'ਚੋਂ ਹੇਠ ਲਿਖੀਆਂ ਸਤਰਾਂ ਪਾਠਕਾਂ ਨੂੰ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹੋਇਆ ਮੈਂ 'ਛਾਵਾਂ ਤੇ ਪਰਛਾਵੇਂ' ਕਾਵਿ-ਸੰਗ੍ਰਹਿ ਬਾਰੇ ਆਪਣੀ ਗੱਲਬਾਤ ਇੱਥੇ ਹੀ ਖ਼ਤਮ ਕਰਨੀ ਚਾਹਾਂਗਾ :

ਬੱਚੇ ਕੰਪਿਊਟਰ ਮੂਹਰੇ ਬੈਠੇ, ਬੈਠੇ ਹੀ-
ਗਲੋਬਲ ਪਿੰਡ ਬਣ ਜਾਂਦੇ ਹਨ।
ਤੇ ਮਾਂ ਬਾਪ,
ਯਤਨ ਕਰਕੇ ਵੀ,
ਬੱਚਿਆਂ ਤਕ ਪਹੁੰਚ ਨਹੀਂ ਪਾਉਂਦੇ।

ਗਲੋਬਲੀ ਸਰੋਕਾਰਾਂ ਨਾਲ ਜੁੜਿਆ ਹੋਇਆ, ਬਹੁਤ ਤੇਜ਼ੀ ਨਾਲ, ਪਰ ਬਹੁਤ ਸਹਿਜ ਨਾਲ ਲਿਖਣ ਵਾਲਾ ਕਵੀ ਰਵਿੰਦਰ ਰਵੀ ਆਪਣੇ ਕਾਵਿ-ਸੰਗ੍ਰਹਿ 'ਛਾਵਾਂ ਤੇ


Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਪਰਛਾਵੇਂ' ਵਿਚ ਸ਼ਾਮਿਲ ਕੀਤੀਆਂ ਗਈਆਂ ਕਵਿਤਾਵਾਂ ਰਾਹੀਂ ਆਪਣੇ ਪਾਠਕਾਂ ਨੂੰ ਇਹ ਮਹਿਸੂਸ ਕਰਾ ਜਾਂਦਾ ਹੈ ਕਿ ਪੰਜਾਬੀ ਸਾਹਿਤ ਜਗਤ ਵਿਚ ਇਕ ਕਵੀ ਵਜੋਂ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਸਰਗਰਮ ਰਹਿਣ ਦੇ ਬਾਵਜੂਦ ਵੀ ਉਹ ਅਜੇ ਵੀ ਇਕ ਘੋੜੇ ਵਾਂਗ ਸਰਪਟ ਦੌੜ ਰਿਹਾ ਹੈ। ਕੈਨੇਡੀਅਨ ਪੰਜਾਬੀ ਸਾਹਿਤ ਜਗਤ ਵਿਚ ਰਵਿੰਦਰ ਰਵੀ ਦੀ ਪਹਿਚਾਣ ਇਕ ਸੁਚੇਤ, ਜਾਗਰੂਕ, ਚੇਤੰਨ ਅਤੇ ਗਲੋਬਲੀ ਸਰੋਕਾਰਾਂ ਵਾਲੇ ਕਵੀ ਵਜੋਂ ਸਦਾ ਹੀ ਬਣੀ ਰਹੇਗੀ, ਜਿਸ ਨੇ ਨਵੀਂ ਪੀੜ੍ਹੀ ਦੇ ਕਵੀਆਂ ਨੂੰ ਸਾਹਿਤ ਵਿਚ ਨਵੇਂ ਨਵੇਂ ਪ੍ਰਯੋਗ ਕਰਨ ਲਈ ਸਦਾ ਹੀ ਉਤਸਾਹਿਤ ਕੀਤਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਇਸ ਦਿਸ਼ਾ ਵਿਚ ਆਪਣੀਆਂ ਲਿਖਤਾਂ ਨੂੰ ਰੋਲ ਮਾਡਲ ਵਜੋਂ ਪੇਸ਼ ਕਰਦਾ ਹੈ।

**–ਸੁਖਿੰਦਰ (ਕੈਨੇਡਾ)**

(ਮਾਲਟਨ, ਨਵੰਬਰ, 10, 2008)

ਪੁਸਤਕ : "ਕੈਨੇਡੀਅਨ ਪੰਜਾਬੀ ਸਾਹਿਤ" ਵਿੱਚੋਂ, ਪੰਨਾ 492 ਤੋਂ 498

ਲੇਖਕ : ਸੁਖਿੰਦਰ, ਪ੍ਰਕਾਸ਼ਨ ਸਾਲ : 2010

ਪ੍ਰਕਾਸ਼ਕ : ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ,

ਨੌਲਿਜ ਆਈ, ਟੋਰਾਂਟੋ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਛਾਵਾਂ ਤੇ ਪਰਛਾਵੇਂ

"ਛਾਵਾਂ ਤੇ ਪਰਛਾਵੇਂ" ਰਵਿੰਦਰ ਰਵੀ ਹੋਰਾਂ ਦਾ ਸਤਾਰ੍ਹਵਾਂ ਸ਼ਿਅਰੀ ਪਰਾਗਾ (ਕਾਵਿ- ਸੰਗ੍ਰਹਿ) ਏ। ਏਸ ਤੋਂ ਪਹਿਲਾਂ ਉਹ ਸੋਲ੍ਹਾਂ ਕਾਮਯਾਬ ਸ਼ਿਅਰੀ ਮਜਮੂਏ ਪੜ੍ਹਨ ਵਾਲਿਆਂ ਦੀ ਸੇਵਾ ਵਿਚ ਪੇਸ਼ ਕਰਕੇ ਅਦਬੀ ਹਲਕਿਆਂ 'ਤੇ ਅਦਬ ਪ੍ਰੇਮੀਆਂ ਤੋਂ ਮਾਨਤਾ ਖੱਟ ਚੁੱਕੇ ਨੇ। ਉਹ ਨਜ਼ਮਾਂ ਲਿਖਣ ਜਾਂ ਨਸਰ (ਵਾਰਤਕ) ਦੋਵਾਂ ਵਿਚ ਇਕ ਮਯਾਰ ਬਰਕਰਾਰ ਰਖਦੇ ਨੇ। ਉਹ ਹਿੰਦੋਸਤਾਨ, ਪਾਕਿਸਤਾਨ, ਅਮਰੀਕਾ ਤੇ ਕੈਨੇਡਾ ਦੀਆਂ ਬਹੁਤ ਸਾਰੀਆਂ ਅਦਬ ਸ਼ਨਾਸ ਤਨਜ਼ੀਮਾਂ ਤੋਂ ਐਵਾਰਡ ਹਾਸਿਲ ਕਰ ਚੁੱਕੇ ਨੇ।

ਰਵਿੰਦਰ ਰਵੀ ਹੋਰੀਂ ਐਸ ਮੁਕਾਬਲੇ ਵਿਚ ਬਹੁਤ ਨਿਵੇਕਲਤਾ ਦੇ ਮਾਲਕ ਨੇ ਕਿ ਉਹ ਆਪਣੇ ਹਰ ਸ਼ਿਅਰੀ ਪਰਾਗੇ ਵਿਚ ਓਸ ਵੇਲੇ ਦੇ ਹਾਲਾਤ ਤੇ ਆਪਣੀ ਜ਼ਿਹਨੀ ਕੈਫ਼ੀਅਤ ਦੇ ਮੁਤਾਬਕ ਨਵੇਂ-ਨਵੇਂ ਖਿਆਲ ਪੇਸ਼ ਕਰਦੇ ਨੇ। ਆਪਣਾ ਵਾਫ਼ਰ ਕਲਾਮ ਪੇਸ਼ ਕਰਨ ਵਾਲੇ ਸ਼ਾਇਰ ਦੇ ਖਿਆਲਾਂ ਦਾ ਦੁਹਰਾਇਆ ਜਾਣਾ ਇਕ ਆਮ ਜਿਹੀ ਗੱਲ ਏ, ਪਰ ਰਵੀ ਹੋਰਾਂ ਦਾ ਹਰ ਪਰਾਗਾ ਏਸ ਐਬ ਤੋਂ ਪਾਕ ਰਿਹਾ ਏ। ਜਿਉਂਦਿਆਂ ਰਹਿਣ ਵਾਲੀ ਸ਼ਾਇਰੀ ਉਹ ਹੋਂਦੀ ਏ, ਜਿਹੜੀ ਆਪਣੇ ਜ਼ਮਾਨੇ ਦੀ ਤਾਰੀਖੀ ਦਸਤਾਵੇਜ਼ ਹੋਵੇ। ਉਹਦੇ ਵਿਚ ਆਫਾਕ਼ੀਅਤ ਹੋਵੇ। ਆਪਣੇ ਮਾਹੌਲ ਦੀ ਸੱਚੀ ਤੇ ਹਕੀਕੀ ਤਸਵੀਰ ਪੇਸ਼ ਕਰੇ। ਜਿਹੜੇ ਸ਼ਾਇਰ ਏਸ ਤਰ੍ਹਾਂ ਕਰਨ ਤੋਂ ਨਾਕਾਮ ਰਹਿਣ, ਉਹਨਾਂ ਦਾ ਕਲਾਮ ਉਹਨਾਂ ਦੇ ਨਾਲ ਹੀ ਮੁਕ ਜਾਂਦਾ ਏ।

ਪੁਸਤਕ ਦਾ ਨਾਂ : ਛਾਵਾਂ ਤੇ ਪਰਛਾਵੇਂ (ਗੁਰਮੁਖੀ ਲਿੱਪੀ ਵਿਚ ਨਜ਼ਮਾਂ)
ਲੇਖਕ : ਰਵਿੰਦਰ ਰਵੀ
ਪੰਨੇ 142, ਮੁੱਲ 150 ਰੁਪਏ, ਪ੍ਰਕਾਸ਼ਨ ਸਾਲ : 2007
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ
(ਸ਼ਾਹਮੁਖੀ ਵਿਚੋਂ ਗੁਰਮੁਰੀ ਵਿਚ ਲਿਪੀਅੰਤਰ : ਰਵਿੰਦਰ ਰਵੀ)

**-ਪ੍ਰੋ. ਆਸ਼ਕ ਰਹੀਲ**
(ਮਹੀਨਾਵਾਰ "ਲਹਿਰਾਂ", ਸੋਢੀਵਾਲ ਕਾਲੋਨੀ, ਲਾਹੌਰ, ਪਾਕਿਸਤਾਨ,
ਜਨਵਰੀ 2008, ਅੰਕ ਵਿਚ ਪ੍ਰਕਾਸ਼ਤ)



Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

# ਰਵਿੰਦਰ ਰਵੀ ਦਾ ਕਾਵਿ-ਸੰਗ੍ਰਹਿ :
# "ਬਾਜ਼ ਦੀ ਨਜ਼ਰ" ਮੇਰੀ ਨਜ਼ਰ ਵਿਚ

**-ਡਾ. ਚੰਦਰ ਮੋਹਨ**

ਪੰਜਾਬੀ ਸਾਹਿਤ-ਸੱਭਿਆਚਾਰ ਦੇ ਅੰਤਰਗਤ ਰਵਿੰਦਰ ਰਵੀ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਫਿਰ ਵੀ ਜੇ ਉਸ ਬਾਰੇ ਕੁਝ ਕਹਿਣਾ ਹੋਵੇ, ਤਾਂ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਰਵੀ ਪੰਜਾਬੀ ਵਿਚ ਪ੍ਰਯੋਗਵਾਦੀ ਲਹਿਰ ਦੇ ਮੋਢੀ ਲੇਖਕਾਂ ਵਿਚੋਂ ਹੈ। ਰਵੀ ਦੇ ਆਪਣੇ ਮੱਤ ਅਨੁਸਾਰ, ਇਸ ਲਹਿਰ ਨੇ ਜਿੱਥੇ ਪ੍ਰਗਤੀਵਾਦੀ ਰੋਮਾਂਸਵਾਦੀ ਧਾਰਾ ਵਿਚ ਆ ਚੁੱਕੇ ਜਮੂਦ ਨੂੰ ਤੋੜਿਆ, ਉੱਥੇ ਸਾਹਿਤ ਨੂੰ ਸਮਕਾਲੀ ਜੀਵਨ ਨਾਲ ਜੋੜ ਕੇ ਵਿਅਕਤੀਗਤ, ਸਮਾਜਕ ਤੇ ਅੰਤਰਰਾਸ਼ਟਰੀ ਦਿਸ਼ਾਵਾਂ ਵਲ ਤੋਰਿਆ, ਗਲੋਬਲ ਤੇ ਬ੍ਰਹਿਮੰਡਕ ਚੇਤਨਾਂ ਨਾਲ ਮਾਲਾ ਮਾਲ ਕੀਤਾ ਅਤੇ ਆਧੁਨਿਕਤਾ, ਉੱਤਰ-ਆਧੁਨਿਕਤਾ ਲਈ ਰਾਹ ਪੱਧਰਾ ਕੀਤਾ।

"ਦਿਲ ਦਰਿਆ ਸਮੁੰਦਰੋਂ ਡੂੰਘੇ" ਤੋਂ ਸ਼ੁਰੂ ਹੋ ਕੇ "ਛਾਵਾਂ ਤੇ ਪਰਛਾਵੇਂ" ਤਕ ਰਵਿੰਦਰ ਰਵੀ ਰਚਿਤ ਡੇਢ ਦਰਜਨ ਕਾਵਿ-ਸੰਗ੍ਰਹਿਆਂ ਵਿਚ ਆਧੁਨਿਕ, ਉੱਤਰ-ਆਧੁਨਿਕ ਅਤੇ ਵਿਸ਼ਵੀਕਰਨ ਵਰਗੇ ਵਰਤਾਰਿਆਂ ਵਿਚ ਵਿਚਰਦੇ ਵਿਅਕਤੀ ਨੂੰ ਉਸ ਦੇ ਆਪੇ ਦੀ ਪਛਾਣ ਕਰਵਾਉਣ ਅਤੇ ਮਾਨਵਵਾਦੀ ਕਦਰਾਂ-ਕੀਮਤਾਂ ਸੰਗ ਜੁੜਨ ਦੇ ਕਾਵਿ-ਸੰਚਾਰ ਵਿਦਮਾਨ ਹਨ !

"ਬਾਜ਼ ਦੀ ਨਜ਼ਰ" ਤਾਂ ਹੈ ਹੀ ਵਿਸ਼ਵੀਕਰਨ ਦੇ ਦੌਰ ਦੀ ਤਰਜਮਾਨੀ ਕਰਦਾ ਰਵੀ ਦਾ ਅਠਾਰਵਾਂ ਕਾਵਿ-ਸੰਗ੍ਰਹਿ। ਰਵੀ ਦੇ ਕਹਿਣ ਮੁਤਾਬਕ, ਇਸ ਸੰਗ੍ਰਹਿ ਦੀਆਂ ਕਵਿਤਾਵਾਂ ਉਸਨੇ ਆਪਣੇ ਦਿਲ ਦੀ ਬੀਮਾਰੀ ਤੇ ਉਸਦੇ ਇਲਾਜ ਦੇ ਤਿੰਨ ਵਰ੍ਹਿਆਂ (2007 ਤੋਂ 2009) ਦੌਰਾਨ ਰਚੀਆਂ। ਇਹਨਾਂ ਵਰ੍ਹਿਆਂ ਦੌਰਾਨ ਮਨੁੱਖ ਦੀਆਂ ਸੋਚਾਂ ਵਿਸ਼ਵ ਭਰ ਦੇ ਕੁਝ ਅਤਿ ਗੰਭੀਰ ਮਸਲਿਆਂ ਦੇ ਨਾਲ ਜੁੜੀਆਂ ਰਹੀਆਂ, ਜਿਹਨਾਂ ਵਿਚੋਂ ਪ੍ਰਮੁੱਖ ਹਨ : ਵਿਸ਼ਵ ਭਰ ਦੀਆਂ ਮੁੱਖ ਸਟਾਕ ਮਾਰਕੀਟਾਂ ਦਾ ਡਿੱਗਣਾ, ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦਾ ਆਰਥਿਕ ਮੰਦਵਾੜਾ, ਅਮਰੀਕਾ ਦਾ 'ਅਮਰੀਕਨ ਬਣੋ, ਅਮਰੀਕਨ ਖਰੀਦੋ' ਦਾ ਨਾਅਰਾ, ਸੁਤੰਤਰ ਵਪਾਰ, ਗਲੋਬਲ ਵਾਰਮਿੰਗ, ਪ੍ਰਦੂਸ਼ਣ ਆਦਿ। ਅਜਿਹੇ ਵਿਸ਼ਵ-ਵਿਆਪੀ ਗੰਭੀਰ ਮਸਲਿਆਂ ਨੂੰ ਰਵੀ ਨੇ ਹੱਥਲੇ ਕਾਵਿ-ਸੰਗ੍ਰਹਿ ਦੀ ਵਸਤੂ-ਸਮੱਗਰੀ ਬਣਾ ਕੇ, ਇਹਨਾਂ ਉੱਤੇ ਡੂੰਘੀ ਸੋਚ ਵਿਚਾਰ ਕੀਤੀ ਹੈ। ਸ਼ਾਇਦ



Ist on 25.3.2015
D:/National/Ravi-15/Pind Brahmand/1-Proof/**Pind Brahmand-D1**

Academy of the Punjab in North America - APNA: http://www.apnaorg.com

ਇਸ ਲਈ ਉਸ ਨੇ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਨੂੰ 'ਵਿਚਾਰ, ਸੋਚ ਜਾਂ ਸੰਕਲਪ ਕਾਵਿ ਦੇ ਅੰਤਰਗਤ' ਰਖਿਆ ਹੈ, ਜੋ ਕਿ ਅਜੋਕੇ ਦੌਰ ਦੀ ਪੰਜਾਬੀ ਕਵਿਤਾ ਦਾ ਇਕ ਪ੍ਰਮੁੱਖ ਪਛਾਣ-ਚਿੰਨ੍ਹ ਵੀ ਹੈ !

"ਬਾਜ਼ ਦੀ ਨਜ਼ਰ" (ਵਿਸ਼ਵੀਕਰਨ ਦੀ ਪ੍ਰਕਿਰਿਆ) ਉੱਤੇ ਰਵੀ ਦੀ ਕਾਵਿ-ਨਜ਼ਰ ਟਿਕੀ ਹੈ। ਇਹ ਕਾਵਿ-ਨਜ਼ਰ ਦਰਸਾਉਂਦੀ ਹੈ ਕਿ ਇਸ ਬਾਜ਼ ਦੀ ਨਜ਼ਰ ਸ਼ਿਕਾਰ ਅਥਵਾ ਤੀਸਰੀ ਦੁਨੀਆਂ ਦੇ ਮਾਨਵ ਤੇ ਉਸ ਦੁਆਰਾ ਸਿਰਜਿਤ ਸੰਸਥਾਵਤ ਰੂਪਾਂ, ਆਕਾਸ਼ ਤੇ ਧਰਤੀ ਅਥਵਾ ਕੁਦਰਤੀ ਵਾਤਾਵਰਣ ਉੱਤੇ ਹੈ। ਇੰਝ ਹਥਲੇ ਸੰਗ੍ਰਹਿ ਦਾ ਨਾਮਕਰਨ ਕਰਦੀ "ਬਾਜ਼ ਦੀ ਨਜ਼ਰ" ਨਾਮ ਦੀ ਕਾਵਿ-ਸਤਰ ਦੋਹਰੇ ਅਰਥਾਂ ਦਾ ਸੰਚਾਰ ਕਰਦੀ ਹੈ। ਪਹਿਲੇ ਅਰਥ ਅਨੁਸਾਰ ਇਹ ਵਿਸ਼ਵੀਕਰਨ ਦੇ ਵਰਤਾਰੇ ਦੀ ਵਸਤੂਗਤ ਸੂਚਨਾ ਮੁਹੱਈਆ ਕਰਵਾਉਂਦੀ ਹੈ। ਦੂਸਰੇ ਅਰਥਾਂ ਅਨੁਸਾਰ ਇਹ ਕਵੀ ਦੀ ਕਾਵਿ-ਦ੍ਰਿਸ਼ਟੀ ਦੀ ਲਖਾਇਕ ਹੈ, ਜੋ ਦਰਸਾ ਰਹੀ ਹੈ ਕਿ ਵਿਸ਼ਵੀਕਰਨ ਤਾਂ ਅਮਰੀਕੀ ਸਾਮਰਾਜਵਾਦ ਦਾ ਇਕ ਕਸਵਾਂ ਸ਼ਿਕੰਜਾ ਹੈ। ਜੇ ਵਿਸ਼ਵੀਕਰਣਿਕ 'ਬਾਜ਼ ਦੀ ਨਜ਼ਰ', 'ਸ਼ਿਕਾਰ, ਆਕਾਸ਼ ਤੇ ਧਰਤੀ' ਉੱਤੇ ਹੈ, ਤਾਂ ਉਹ ਕਵੀ ਦੀ ਤਿੱਖੀ ਨਜ਼ਰ ਤੋਂ ਵੀ ਉਹਲੇ ਨਹੀਂ ਰਹਿ ਸਕਦਾ। ਰਵੀ ਉਸ ਬਾਜ਼ (ਪੰਛੀ) ਦੀ ਨਜ਼ਰ ਵਰਗੀ ਕਾਵਿ-ਦ੍ਰਿਸ਼ਟੀ ਦਾ ਮਾਲਕ ਹੈ, ਜਿਸ ਕੋਲੋਂ ਸ਼ਿਕਾਰ ਲੁਕਿਆਂ, ਲੁਕ ਨਹੀਂ ਸਕਦਾ। ਨਵੇਂ ਸ਼ਿਕਾਰ (ਨਵੇ ਂ ਵਸਤੂਗਤ ਸਮਾਚਾਰ) ਦੀ ਕੀਤੀ ਭਾਲ ਹੀ ਉਸਨੂੰ ਸਮੇਂ ਦੇ ਹਾਣ ਦਾ ਵਿਚਾਰਧਾਰਕ ਕਵੀ ਬਣਾ ਕੇ ਸਮਕਾਲ ਦਾ ਕਵੀ ਸਿੱਧ ਕਰਦੀ ਹੈ।

ਰਵਿੰਦਰ ਰਵੀ ਨੇ ਸਮਕਾਲ ਦੇ ਦੋ ਪ੍ਰਮੁੱਖ ਵਿਸ਼ਿਆਂ, ਵਿਸ਼ਵੀਕਰਨ ਤੇ ਵਾਤਾਵਰਣ ਨੂੰ ਮਾਨਵ, ਪਿੰਡ ਤੇ ਬ੍ਰਹਿਮੰਡ ਦੀਆਂ ਤਿੰਨ ਮੂਲ ਰਚਨਾਤਮਕ ਇਕਾਈਆਂ ਰਾਹੀਂ ਵਿਭਿੰਨ ਕਾਵਿ-ਰੂਪਾਂ ਤੇ ਰੂਪ-ਸਿਰਜਣ-ਵਿਧੀਆਂ ਜਿਵੇਂ ਕਵਾਲੀ, ਬੋਲੀ, ਥੀਮ ਗੀਤ, ਪ੍ਰਭਾਵ-ਸਕੇਪ, ਬਿੰਬ-ਸਕੇਪ, ਵਿਅਕਤੀ-ਚਿਤਰ ਆਦਿ ਵਿਚ ਪਰੋ ਕੇ ਅਭਿਵਿਅਕਤ ਕੀਤਾ ਹੈ। ਇਹਨਾਂ ਵਿਸ਼ਿਆਂ, ਇਕਾਈਆਂ ਤੇ ਰੂਪ-ਸਿਰਜਣ-ਵਿਧੀਆਂ ਰਾਹੀਂ ਮਾਨਵੀ, ਰਾਸ਼ਟਰੀ ਤੇ ਅੰਤਰਰਾਸ਼ਟਰੀ, ਸਮਾਜਕ, ਆਰਥਿਕ ਤੇ ਰਾਜਨੀਤਕ ਸਰੋਕਾਰਾਂ ਦੇ ਦਵੰਦਮਈ ਸੰਬੰਧ- ਚਿਤਰ ਉੱਘੜਦੇ ਹਨ। ਰਵੀ ਦੀ ਨਜ਼ਰ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਰਾਵਣਾਂ ਦਾ ਐਸਾ 'ਚੱਕ੍ਰਵਯੂਹ' ਹੈ ਜੋ ਪੁਰਖਿਆਂ ਦੀ ਚਿਰਕਾਲੀ ਸਿਆਣਪ ਨਾਲ ਤੋੜਨਾ ਮੁਸ਼ਕਲ ਹੈ। ਕਿਉਂ ਜੁ, ਇਸ 'ਚੱਕ੍ਰਵਯੂਹ' ਵਿਚ ਹਰ ਇਨਸਾਨ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹਾ ਹੈ। ਉਹ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਅੰਤਮ ਦਮ ਤਕ ਮਰਨ ਮਾਰਨ ਦੀ ਅਮਾਨਵੀ ਖੇਡ ਖੇਡਦਾ ਹੈ। ਅਜਿਹੀ ਖੇਡ ਖੇਡਦਿਆਂ ਉਸਦੀ ਸੋਚ ਨਾਲੋਂ ਉਸਦੇ ਰਿਸ਼ਤੇ ਟੁੱਟ ਜਾਂਦੇ ਹਨ, ਚਿੰਤਨ ਭੁੱਲ-ਭੁਲੱਈਆਂ ਵਾਲੀਆਂ ਦਿਸ਼ਾਵਾਂ ਵਿਚ ਉਲਝ ਕੇ ਰਸਤੇ ਦੱਸਣ ਤੋਂ ਅਸਮਰੱਥ ਹੋ ਜਾਂਦੇ ਹਨ ਅਤੇ ਵਿਅਕਤੀ ਸੋਚਦਾ ਹੀ ਰਹਿ ਜਾਂਦਾ ਹੈ ਕਿ ਉਹ ਟੁਕੜਿਆਂ ਵਿਚ ਮਿਲੀ ਆਜ਼ਾਦੀ (ਵਿਸ਼ਵੀਕਰਨ ਦੀ ਦੇਣ) ਦਾ ਕੀ ਕਰੇ ? ਆਮ ਵਿਅਕਤੀ ਨੂੰ ਸਮਝ ਹੀ ਨਹੀਂ ਪੈ ਰਹੀ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਕਿ ਵਿਸ਼ਵੀਕਰਨ ਤਾਂ ਉਸ ਉੱਤੇ ਕੱਸਿਆ ਜਾਣ ਵਾਲਾ ਸਾਮਰਾਜੀ ਸ਼ਿਕੰਜਾ ਹੈ। ਰਵੀ ਨੇ ਇਸ ਨੂੰ 'ਰੀਮੋਟ ਕੰਟਰੋਲ' ਨਾਂ ਦੀ ਰੂਪਕ ਤਸ਼ਬੀਹ ਦੇ ਕੇ ਦੱਸਿਆ ਹੈ ਕਿ ਉਹ ਆਮ ਵਿਅਕਤੀ ਦੇ ਹੱਥ ਵਿਚ ਆਇਆ ਇਕ ਐਸਾ 'ਰੀਮੋਟ' ਹੈ ਜਿਸਦਾ 'ਕੰਟਰੋਲ' ਪੂੰਜੀਵਾਦੀ ਵਿਵਸਥਾ ਕੋਲ ਹੈ। ਇਸ ਵਿਵਸਥਾ ਦੇ 'ਦਰਜ਼ੀਆਂ' ਭਾਵ ਏਜੰਟਾਂ ਦੀ ਭਾਲ 'ਸੰਸਦ-ਭਵਨ, ਨਯਾਂ-ਆਲੇ, ਕਾਰਪੋਰੇਸ਼ਨ, ਸਕੂਲ, ਦਫਤਰ ਤੇ ਵਿਸ਼ਵ-ਵਿਦਿਆਲੇ ' ਵਿਚੋਂ ਹੋ ਸਕਦੀ ਹੈ। ਇਹ ਏਜੰਟ ਆਮ ਬੰਦੇ ਨੂੰ ਇਹ ਸਬਕ ਦੇ ਰਹੇ ਹਨ ਕਿ 'ਮਾਰਕਸਵਾਦ ਨੂੰ ਜਾਦੂ ਦੀ ਛੜੀ ਬਣਾਉਂਦਾ ਬਣਾਉਂਦਾ ਸੋਵੀਅਤ ਯੂਨੀਅਨ ਵੀ ਟੁੱਟ, ਬਿਖਰ ਕੇ ਖਿੰਡ ਗਿਆ ਹੈ ਅਤੇ ਮਾਸਕੋ ਵਿਚ ਵੀ ਹਰ ਤਰ੍ਹਾਂ ਦੇ ਰੋਗੀ ਬੇਘਰਿਆਂ ਵਰਗਾ ਜੀਵਨ ਜਿਉਂਦੇ ਹਨ। ਇਸ ਲਈ ਸਮਾਂ, ਸੰਘਰਸ਼, ਘਟਨਾ ਤੇ ਕਰਮ ਉਨ੍ਹਾਂ ਲਈ ਵਿਅਰਥ ਹੋ ਚੁੱਕੇ ਹਨ। ਅਜਿਹੇ ਏਜੰਟਾਂ ਦੀ ਵਿਅਰਥ ਸੋਚਣੀ ਨੂੰ ਰਵਿੰਦਰ ਰਵੀ ਨੇ ਆਪਣੀ ਕਵਿਤਾ ਵਿਚ ਨਕਾਰਦਿਆਂ ਲਿਖਿਆ ਹੈ :

ਲੁੱਟ ਘਸੁੱਟ,
ਹਰ ਯੁੱਗ, ਹਰ ਸਮੇਂ,
ਨਾਮ ਬਦਲ, ਵੇਸ ਬਦਲ-
ਦੀ ਕਿਰਿਆ ਵਿਚੋਂ ਲੰਘਦੀ,
ਖਿਤਿਜ ਅੱਗੇ ਖਿਤਿਜ ਦਾ,
ਭਰਮ ਬਣਾਈ ਰੱਖਦੀ ਹੈ !

ਸ਼ਾਸ਼ਕੋ
ਤੇ ਸ਼ਾਸ਼ਤੋ !!!
ਵੱਖ, ਵੱਖ ਵਾਦਾਂ ਹੇਠ,
ਵਿਚਰਦੀਓ ਬਸਤੀਓ !!!
ਆਓ,
ਕਿਤੇ ਵਿਚ, ਵਿਚਕਾਰ ਮਿਲੀਏ,
ਮਨੁੱਖ ਨੂੰ ਕੇਂਦਰ ਬਣਾ-
ਸਭ ਕੁਝ ਵਾਰ ਦੇਈਏ ਓਸ ਤੋਂ-
ਬਦਲੀਏ ਉਸ ਦਾ ਖੁਦਾ !!!

ਰਵੀ ਦਾ 'ਖੁਦਾ' ਬਦਲਣ ਦਾ ਦਿੱਤਾ ਸੰਕਲਪ ਉਸਦੀ ਬ੍ਰਹਿਮੰਡਕ ਚੇਤਨਾਂ ਵਿਚੋਂ ਫੁੱਟਦਾ ਹੈ ! ਰਵੀ ਦੀ ਬ੍ਰਹਿਮੰਡਕ ਚੇਤਨਾਂ ਦਾ ਹੀ ਸਿੱਟਾ ਹੈ ਕਿ ਉਹ ਵਿਸ਼ਵ ਵਿਚ ਵਗਦੀ ਹਵਾ ਵਿਚ ਸਾਹ ਲੈ ਕੇ ਕਵਿਤਾ ਰਚਦਾ ਹੈ। ਇਸੇ ਲਈ ਉਹ ਤੀਸਰੀ ਦੁਨੀਆਂ ਦੇ ਦੇਸ਼ਾਂ ਨੂੰ ਬਹੁ-ਕੌਮੀਂ ਕੰਪਨੀਆਂ ਦੀ ਤਕਨੀਕੀ ਨੌਆਬਾਦੀ ਵਜੋਂ ਪਛਾਣਦਾ ਹੈ,


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਅਮਰੀਕਾ ਦੀ ਖੁਸ਼ਹਾਲੀ ਦਾ ਰਾਜ਼ ਜਾਣਦਾ ਹੈ, ਡਰੱਗ-ਕਲਚਰ ਤੇ ਗੈਂਗ-ਯੁੱਧ ਦੇ ਚੱਕ੍ਰਵਯੂਹ ਵਿਚ ਘਿਰੀ ਆਪਣੀ ਅਗਲੀ ਪੀੜ੍ਹੀ ਪ੍ਰਤੀ ਚਿੰਤਤ ਹੈ, ਟੈਸਟ-ਟਿਊਬਾਂ ਦੀ ਔਲਾਦ ਦੇ ਘਿਨਾਉਣੇ ਕਾਰਿਆਂ ਨੂੰ ਤੱਕਦਾ ਹੈ, ਅੰਧ-ਵਿਸ਼ਵਾਸੀ ਬਾਬਿਆਂ ਦੇ ਜਾਦੂ ਤੇ ਟੂਣਿਆਂ ਵਿਚ ਘਿਰੇ ਪੰਜਾਬ ਨੂੰ ਫਰੋਲਦਾ ਹੈ, ਟੀ.ਵੀ. ਤੇ ਕੰਪਿਊਟਰ ਦੇ ਮਾਰੂ ਅਸਰਾਂ ਨੂੰ ਘੋਖਦਾ ਹੈ, ਆਰਥਿਕ ਮੰਦਵਾੜੇ ਤੇ ਸ਼ਨਅਤੀਕਰਨ ਵਿਚੋਂ ਪੈਦਾ ਹੋਈ ਬੇਰੋਜ਼ਗਾਰ ਜਮਾਤ ਦੀ ਵਾਸਤਵਿਕ ਦਸ਼ਾ ਨੂੰ ਸਾਹਵੇਂ ਲਿਆਉਂਦਾ ਹੈ, ਮਨੁੱਖ ਜਾਤੀ ਉੱਤੇ ਗਲੋਬਲ ਵਾਰਮਿੰਗ ਤੇ ਪ੍ਰਦੂਸ਼ਣ ਦੀ ਮਾਰੂ ਮਾਰ ਨੂੰ ਪਛਾਣਦਾ ਹੈ, ਮਸ਼ੀਨੀ ਯੁੱਗ ਵਿਚ ਮਸ਼ੀਨ ਬਣੀ ਜ਼ਿੰਦਗੀ ਦੇ ਦੀਦਾਰ ਕਰਵਾਉਂਦਾ ਹੈ, ਸੂਚਨਾ ਕ੍ਰਾਂਤੀ ਦੀ ਬਦੌਲਤ ਵਿਸ਼ਵ ਨੂੰ ਇਕ 'ਗਲੋਬਲ ਪਿੰਡ' ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ, ਸੂਚਨਾ ਤਕਨਾਲੋਜੀ ਨੂੰ ਵਿਸ਼ਵੀਕਰਨ ਦੀ ਵਿਚਾਰਧਾਰਾ ਫੈਲਾਉਣ ਦਾ ਸਾਧਨ ਘੋਸ਼ਤ ਕਰਦਾ ਹੈ, ਵਿਸ਼ਵੀਕਰਨ ਦੀ ਗੋਦ ਵਿਚ ਪਲ ਰਹੇ ਅਵਿਸ਼ਵੀਕਰਨ ਨੂੰ ਵੀ ਸਮਝਦਾ ਹੈ, ਇਤਿਹਾਸ ਦੀ ਗਤੀ 'ਚੋਂ ਨਾਇਕ ਤੇ ਖਲਨਾਇਕ ਦੀ ਪ੍ਰਮਾਣਿਕ ਪਛਾਣ ਦਿੰਦਾ ਹੈ, ਅਜੋਕੇ ਮਨੁੱਖ ਦੀ ਮ੍ਰਿਗਤ੍ਰਿਸ਼ਨਾਂ ਤੇ ਵਿਚਾਰਧਾਰਕ ਦਿਸ਼ਾਹੀਣਤਾ ਨੂੰ ਪਕੜਦਾ ਹੈ ਇਤਿਆਦਿ ! ਰਵੀ ਦੀ ਕਵਿਤਾ ਵਿਅਕਤੀ ਅਤੇ ਸਮਾਜਕ-ਪ੍ਰਕਿਰਤਕ ਵਾਤਾਵਰਣ ਵਿਚਕਾਰ ਸੰਘਰਸ਼ ਨੂੰ ਉਜਾਗਰ ਕਰਦੀ ਹੈ, ਖਪਤ-ਕਲਚਰ ਤੇ ਉਸ 'ਚੋਂ ਪਨਪਦੀ ਮੰਡੀ ਕਲਚਰ ਵਾਲੀ ਮਾਨਸਿਕਤਾ ਨੂੰ ਕੁਰੇਦਦੀ ਹੈ, ਵਿਗਿਆਨਕ ਤੇ ਤਕਨੀਕੀ ਵਿਕਾਸ ਲਈ ਕੀਤੇ ਪ੍ਰਮਾਣੂ ਹਥਿਆਰਾਂ ਤੇ ਰਸਾਇਣੀ ਤਜਰਬਿਆਂ ਕਰਕੇ ਹੋਈ ਕੁਦਰਤੀ ਤਬਾਹੀ ਨੂੰ ਦਰਸਾਉਂਦੀ ਹੋਈ ਆਪਣਾ ਵਿਲੱਖਣ ਕਾਵਿ-ਉਦੇਸ਼ ਸੰਚਾਰਦੀ ਹੈ। ਮਿਸਾਲ ਦੇ ਤੌਰ ਉੱਤੇ ਵੇਖੋ :

1
ਫੂਕਾਂ ਮਾਰਿਆਂ 'ਨ੍ਹੇਰੀ ਨਹੀਂ ਚੱਲਣੀ
ਆਹ ਭਰਿਆਂ, ਤੂਫਾਨ ਨਹੀਂ ਆਉਣਾਂ
ਏਸ ਚੱਕ੍ਰਵਯੂਹ ਵਿਚ
ਯੁੱਧ ਲਿਖਿਆ ਹੈ ਹਰ ਦਰਵਾਜ਼ੇ 'ਤੇ
ਅੰਤਮ ਦਮ ਤਕ
ਆਪਣੇ ਆਪ ਨਾਲ
ਸਭ ਨਾਲ

2
ਚਕਾ ਚੌਂਧ ਚਾਨਣ
ਤੇ ਫਿਰ
ਘੁੱਪ ਅਨ੍ਹੇਰਾ ਹੈ !


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਪਿੱਛੇ ਟੋਆ ਵੀ ਹੋ ਸਕਦਾ ਹੈ
ਅੱਗੇ ਖੂਹ-
ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ !

ਇਸ ਸਮੇਂ
ਬਾਹਰ ਵਲ ਨਹੀਂ
ਅੰਦਰ ਵਲ ਵੇਖੀਦਾ ਹੈ :
ਏਥੋਂ ਹੀ ਕਦੇ
ਬੁੱਧ, ਈਸਾ, ਗੁਰੂ ਨਾਨਕ, ਮਾਰਕਸ ਤੇ 'ਸਾਰਤ' ਦੇ ਸੂਰਜ ਚੜ੍ਹੇ ਸਨ !!!

ਭੋਂ ਵੱਤਰ ਹੈ, ਹੁਣ
ਸੂਰਜਾਂ ਦੇ ਜਨਮ ਦੀ ਰੁੱਤ ਹੈ !!!

ਉਪਰੋਕਤ ਕਾਵਿ-ਬੰਦਾਂ ਵਿਚ 'ਯੁੱਧ' ਅਤੇ 'ਸੂਰਜ' ਦੇ ਚਿਹਨ ਵਿਅਕਤੀ ਦੀਆਂ ਬੁਨਿਆਦੀ ਸੰਘਰਸ਼ਮਈ ਤੇ ਚੇਤਨਾਂ-ਮੁਖੀ ਬਿਰਤੀਆਂ ਨੂੰ ਉਜਾਗਰ ਕਰਦੇ ਹਨ। ਇੰਜ ਰਵਿੰਦਰ ਰਵੀ ਕਾਵਿ ਦੇ ਮਾਨਵ-ਹਿਤੈਸ਼ੀ ਧਰਮ ਨੂੰ ਦਰਸ਼ਨ ਨਾਲ ਜੋੜਕੇ ਆਪਣੀ ਕਵਿਤਾ ਨੂੰ ਸਦੀਵੀ ਦਿੱਖ ਪ੍ਰਦਾਨ ਕਰਦਾ ਹੈ। ਵਿਅਕਤੀ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਨੂੰ ਬਚਾਈ ਰੱਖਣ ਵਾਲੀ ਵਿਸ਼ੇਸ਼ ਕਿਸਮ ਦੀ ਮਨੋਵਿਗਿਆਨਕੀ ਬਚਾਉ-ਜੁਗਤ ਰਵੀ ਦੀ ਕਾਵਿ-ਚੇਤਨਾਂ ਨੂੰ ਨਿਵੇਕਲਾ ਸਰੂਪ ਪ੍ਰਦਾਨ ਕਰਦੀ ਹੈ। ਰਵਿੰਦਰ ਰਵੀ ਨਵੇਂ ਯੁੱਗ ਦਾ ਕਵੀ ਹੈ ! ਨਵੇਂ ਯੁੱਗ ਦੇ ਇਸ ਕਵੀ ਨੂੰ ਮਾਨਣ ਤੇ ਸਮਝਣ ਲਈ ਉਸ ਦੀਆਂ ਬਾਕੀ ਕਾਵਿ- ਪੁਸਤਕਾਂ ਸਮੇਤ "ਬਾਜ਼ ਦੀ ਨਜ਼ਰ" ਨੂੰ ਪੜ੍ਹਨਾਂ ਤੇ ਸਮਝਣਾਂ ਅਤਿ ਜ਼ਰੂਰੀ ਹੈ।

**-ਡਾ. ਚੰਦਰ ਮੋਹਨ**

'ਸਿਰਜਣਾ', ਨੰਬਰ 157, ਜੁਲਾਈ-ਸਤੰਬਰ, 2010 ਚੰਡੀਗੜ੍ਹ, ਭਾਰਤ
'ਇੰਡੋ-ਕਨੇਡੀਅਨ ਟਾਇਮਜ਼', ਜੁਲਾਈ 22-28, 2010
'ਸਿਰਜਨਾ' (www.sirjna.blogspot. com),
'ਪੰਜਾਬੀ ਸੱਥ' (www.5abi.com), 'ਪੰਜਾਬੀ ਮਾਂ' (www.punjabimaa.com), ਵੈਬ ਮੈਗਜ਼ੀਨਾਂ ਦੇ ਅਗਸਤ-ਸਤੰਬਰ, 2010 ਤੇ 'ਪੰਜਾਬੀ ਆਲੋਚਨਾ' (www.punjabialochna.com) ਵੈਬ ਸਾਈਟ ਉੱਤੇ ਜੁਲਾਈ 2010 ਨੂੰ ਪੋਸਟਡ 'ਚਰਚਾ ਪੰਜਾਬ' ਵੈਬ ਮੈਗਜ਼ੀਨ (www.charchapunjab.com) ਦੇ ਜੁਲਾਈ-ਅਗਸਤ, 2010 ਅੰਕ ਵਿਚ ਪ੍ਰਕਾਸ਼ਤ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਬਾਜ਼ ਦੀ ਨਜ਼ਰ (ਕਾਵਿ ਸੰਗ੍ਰਹਿ) : ਰਵਿੰਦਰ ਰਵੀ

ਜ਼ਿੰਦਗੀ ਦੀ ਨਿਰੰਤਰ ਗਤੀਸ਼ੀਲਤਾ ਤੇ ਯੋਗਤਾ ਨੂੰ ਬਣਾਈ ਰੱਖਣ ਲਈ ਕੇਵਲ, ਪ੍ਰਚੱਲਤ ਰਵਾਇਤਾਂ, ਸਿਧਾਂਤ, ਨਿਯਮ, ਸਿਆਣਪਾਂ ਤੇ ਵਿਸ਼ਵਾਸ ਹੀ ਕਾਫੀ ਨਹੀਂ, ਸਗੋਂ ਬਦਲੇ ਸਮੇਂ ਤੇ ਸਥਿਤੀ ਅਨੁਸਾਰ ਮਨੁੱਖ ਨੂੰ ਕਈ ਨਵੇਂ ਸੰਘਰਸ਼ੀ ਤਜਰਬਿਆਂ ਤੇ ਅਨੁਭਵਾਂ ਵਿਚੋਂ ਵੀ ਲੰਘਣਾ ਪੈਂਦਾ ਹੈ। ਰਵਿੰਦਰ ਰਵੀ ਪੰਜਾਬੀ ਕਾਵਿ ਖੇਤਰ ਦਾ ਅਜਿਹਾ ਵੱਡਾ ਨਾਂਅ ਹੈ, ਜਿਸ ਨੇ ਪੰਜਾਬੀ ਕਵਿਤਾ ਨੂੰ ਨਵੇਂ ਪ੍ਰਯੋਗਵਾਦੀ ਭਾਵ-ਬੋਧ ਨਾਲ ਜੋੜਿਆ। ਛੇਵੇਂ ਦਹਾਕੇ ਤੋਂ ਸ਼ੁਰੂ ਹੋਇਆ ਉਸ ਦਾ ਕਾਵਿ ਸਫ਼ਰ ਪ੍ਰਯੋਗਵਾਦ, ਆਧੁਨਿਕਤਾਵਾਦ ਤੇ ਉੱਤਰ ਆਧੁਨਿਕਤਾਵਾਦ ਦੇ ਪੜਾਅ ਪਾਰ ਕਰਕੇ ਹੁਣ ਬ੍ਰਹਿਮੰਡੀ ਚੇਤਨਾ ਦੇ ਹਾਣੀ ਹੋਣ ਦਾ ਦਮ ਭਰਦਾ ਹੈ। ਉਸ ਦੇ ਹੱਥਲੇ ਕਾਵਿ ਸੰਗ੍ਰਹਿ "ਬਾਜ਼ ਦੀ ਨਜ਼ਰ" ਦੀਆਂ ਕਵਿਤਾਵਾਂ ਅਜੋਕੇ ਮਨੁੱਖ ਦੀ ਤੇਜ਼ੀ ਨਾਲ ਬਦਲ ਰਹੀ ਜੀਵਨ ਧਾਰਾ ਦੇ ਸੰਘਰਸ਼ਾਂ, ਮੰਤਵਾਂ, ਅਨੁਭਵਾਂ, ਇੱਛਾਵਾਂ ਤੇ ਕਲਪਨਾਵਾਂ 'ਤੇ ਬਾਜ਼ ਵਰਗੀ ਨਜ਼ਰ ਰਖਦੀਆਂ ਹਨ। ਵਿਚਾਰਾਂ ਦੀ ਨਿਰੰਤਰ ਕਾਰਜਸ਼ੀਲਤਾ ਨੂੰ ਜੀਵਨ ਦੀ ਰਵਾਨਗੀ ਨਾਲ ਅੰਤਰ ਸੰਬੰਧਤ ਕਰਦਿਆਂ ਉਹ ਵਿਚਾਰਧਾਰਕ ਊਰਜਾ ਤੋਂ ਪ੍ਰਾਪਤ ਹੁੰਦੀ ਜੀਵਨ ਸ਼ਕਤੀ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਰੂਪਮਾਨ ਕਰਦਾ ਹੈ।

ਕਵੀ ਆਧੁਨਿਕ ਵਿਸ਼ਵੀ ਮਨੁੱਖ ਨੂੰ ਆਧੁਨਿਕ ਵਿਸ਼ਵੀ ਸਮੱਸਿਆਵਾਂ ਤੇ ਚੁਣੌਤੀਆਂ ਦੇ ਸਨਮੁੱਖ ਹੋਇਆ ਵੇਖਦਾ ਹੈ ਤਾਂ ਉਸ ਦੀ ਨਜ਼ਰ ਵਿਸ਼ਵੀ ਸੰਕਲਪਾਂ ਤੋਂ ਪਾਰ ਜਾਣ ਦੀ ਜੁਰਅੱਤ ਵੀ ਕਰਦੀ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਤੇ ਅਵਿਸ਼ਵੀਕਰਨ ਵਿਚ ਰੂਪਾਂਤਰਣ ਹੋਣ ਦੀ ਪ੍ਰਕਿਰਿਆ ਦੀ ਨਿਸ਼ਾਨਦੇਹੀ ਕਰਦਿਆਂ 'ਪਿੰਡ' ਦੀ ਇਕਾਈਗਤ ਪਹਿਚਾਣ ਫਿਰ ਕਾਇਮ ਹੋਣ ਦੀ ਭਵਿੱਖਵਾਣੀ ਵੀ ਕਰਦਾ ਹੈ।

ਰਵਿੰਦਰ ਰਵੀ ਦਾ ਇਹ ਸੰਗ੍ਰਹਿ ਉਸ ਦੀ ਕਵਿਤਾ ਦੇ ਅਭਿਵਿਅਕਤੀਗਤ ਪਸਾਰਾਂ ਤੇ ਸਰੋਕਾਰਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨ ਦੇ ਨਾਲ-ਨਾਲ ਉਸ ਦੇ ਆਪਣੇ ਵਿਅਕਤਿਤਵ ਦੇ ਕਈ ਦ੍ਰਿਸ਼ ਤੇ ਅਦ੍ਰਿਸ਼ ਪਹਿਲੂਆਂ ਨੂੰ ਵੀ ਉਜਾਗਰ ਕਰਦਾ ਹੈ।

ਲੇਖਕ : ਰਵਿੰਦਰ ਰਵੀ, ਪੰਨੇ : 142, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਨਿਰੰਜਣ ਬੋਹਾ**

"ਨਵਾਂ ਜ਼ਮਾਨਾ", ਜਲੰਧਰ, ਭਾਰਤ

7 ਨਵੰਬਰ 2010



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਬਾਜ਼ ਦੀ ਨਜ਼ਰ

ਰਵਿੰਦਰ ਰਵੀ ਪਿਛਲੀ ਅੱਧੀ ਸਦੀ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਨਾਂਅ ਹੈ। "ਬਾਜ਼ ਦੀ ਨਜ਼ਰ" ਉਸ ਦਾ 18ਵਾਂ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਉਸ ਨੇ 2007-09 ਤਕ ਲਿਖੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਹਨ।

ਇਨ੍ਹਾਂ ਕਵਿਤਾਵਾਂ ਵਿਚਲਾ ਮਨੁੱਖ ਮਸ਼ੀਨੀ ਯੁੱਗ ਦੀ ਪੈਦਾਵਾਰ ਹੈ। ਉਸ ਦੇ ਸੰਤਾਪ ਦਾ ਕਾਰਨ ਵਿਸ਼ਵੀਕਰਨ, ਗਲੋਬਲ ਵਾਰਮਿੰਗ, ਸ਼ੀਤ ਯੁੱਧ, ਬੇਕਾਰੀ, ਮੰਦਵਾੜਾ ਤੇ ਭੂਗੋਲਿਕ ਸਮੱਸਿਆਵਾਂ ਹਨ। ਤਕਨੀਕੀ ਬਸਤੀਆਂ ਮਨੁੱਖ ਦੇ ਸੰਸੇ ਵਿਚ ਵਾਧਾ ਕਰ ਰਹੀਆਂ ਹਨ। ਮਾਨਵੀ ਰਿਸ਼ਤੇ ਲਗਾਤਾਰ ਸੁੱਕੇ ਪਿਆਜ਼ ਤੋਂ ਪੱਤ ਵਾਂਗ ਲੱਥਦੇ ਜਾ ਰਹੇ ਹਨ। ਮਨੁੱਖ ਟੁਕੜਿਆਂ ਵਿਚ ਵੰਡਿਆ ਜਾ ਰਿਹਾ ਹੈ। 'ਮੈਟਰੋ ਦਾ ਸਫਰ' ਨਾਮੀ ਕਵਿਤਾ ਵਿਚ ਕਵੀ ਅਜਿਹੇ ਮਨੁੱਖ ਦਾ ਚਿੱਤਰ ਪੇਸ਼ ਕਰਦਾ ਹੈ ਜੋ ਭੀੜ ਵਿਚ ਘਿਰ ਕੇ ਵੀ ਇਕੱਲਾ ਹੈ ਤੇ ਮਸ਼ੀਨ ਨਾਲ ਮਸ਼ੀਨ ਬਣ ਜਾਣ ਦਾ ਸੰਤਾਪ ਭੋਗ ਰਿਹਾ ਹੈ। 'ਗੁਮਸ਼ੁਦਾ ਰਸਤੇ' ਕਵਿਤਾ ਗੁਆਚੇ ਅਕਸ ਵਾਲੇ ਮਨੁੱਖ ਦਾ ਚਿੱਤਰ ਪੇਸ਼ ਕਰਦੀ ਹੈ ਜਿਸ ਦੀ ਹੋਂਦ ਲਗਾਤਾਰ ਅਹੋਂਦ ਵਿਚ ਵਟਦੀ ਜਾ ਰਹੀ ਹੈ। ਉਸ ਮਨੁੱਖ ਦਾ ਰੂਪ ਰਵੀ ਦੀ ਕਵਿਤਾ ਵਿਚ ਇੰਜ ਪੇਸ਼ ਹੋਇਆ ਹੈ:

ਹੋਂਦ ਨਿਹੋਂਦ ਦਾ ਗੰਢ-ਵਲੇਵਾਂ, ਚਿੰਤਨ ਉਲਝ ਗਏ,
ਭੁੱਲ ਭੁਲੱਈਆਂ ਵਿਚ ਦਿਸ਼ਾਵਾਂ, ਰਸਤੇ ਕਿੱਧਰ ਗਏ।

ਮਾਨਸਿਕ ਦਬਾਉ ਵਿਚ ਘਿਰੇ ਮਨੁੱਖ ਨੂੰ ਸਾਗਰ ਵੀ ਰੇਤ ਨਜ਼ਰ ਆਉਂਦਾ ਹੈ। 'ਰੀਮੋਟ ਕੰਟਰੋਲ' ਕਵਿਤਾ ਵਿਸ਼ਵੀਕਰਨ ਦੇ ਨੇਮ ਵਿਚ ਬੱਝੇ ਮਨੁੱਖ ਦੀ ਮਾਨਸਿਕ ਦਸ਼ਾ ਦਾ ਬਿਆਨ ਹੈ, ਜਿਸ ਵਿਚ ਰੀਮੋਟ ਕੰਟਰੋਲ ਰਾਜਨੀਤੀ ਵਾਂਗ ਹੱਥ ਬਦਲਦਾ ਰਹਿੰਦਾ ਹੈ। ਸਨਅਤੀਕਰਨ ਦੀ ਮਾਰ ਹੇਠ ਆਏ ਆਬਸ਼ਾਰ ਸੁੱਕ ਰਹੇ ਹਨ। ਦਰਵਾਜ਼ੇ ਤੋਂ ਬਾਹਰ ਰਾਵਣਾਂ ਦਾ ਚੱਕਰਵਿਊ ਹੈ। ਮਸ਼ੀਨ ਕਲਚਰ 'ਚ ਘਿਰਿਆ ਮਨੁੱਖ ਖੁਦ ਤੋਂ ਵੀ ਤੇ ਇਕ-ਦੂਸਰੇ ਤੋਂ ਵੀ ਟੁੱਟ ਰਿਹਾ ਹੈ।

ਮਨੁੱਖ ਦੀ ਇਸ ਸਾਰੀ ਟੁੱਟ-ਭੱਜ ਦੇ ਬਾਵਜੂਦ ਕਵੀ ਆਪਣੇ ਹਾਂ-ਪੱਖੀ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪੱਲਾ ਨਹੀਂ ਛੱਡਦਾ। ਦਿਲ ਦਾ ਕਿੱਸਾ/ਦਿਲ ਬਿਜਲੀ ਝਟਕੇ ਕਵਿਤਾਵਾਂ ਵਿਚ ਉਹ ਆਖਦਾ ਹੈ : 'ਜੋ ਮੌਤ ਪਕੜਦੇ ਮੁੱਠੀ ਵਿਚ ਜੀਵਨ ਦਾ ਜਸ਼ਨ ਮਨਾਉਂਦੇ ਨੇ, ਤੇ ਨ੍ਹੇਰੀਆਂ ਕਾਲੀਆਂ ਰਾਤਾਂ ਵਿਚ ਸੂਰਜ ਦਾ ਗੀਤ ਬਣਾਉਂਦੇ ਨੇ।'

ਲੇਖਕ : ਰਵਿੰਦਰ ਰਵੀ, ਪੰਨੇ : 142, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਕੇ. ਐਲ. ਗਰਗ**

"ਅਜੀਤ", ਜਲੰਧਰ, ਭਾਰਤ 27, ਮਾਰਚ 2017



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਬਾਜ਼ ਦੀ ਨਜ਼ਰ (ਕਾਵਿ ਸੰਗ੍ਰਹਿ)

ਸ਼ਾਇਰ, ਨਾਟਕਕਾਰ, ਕਹਾਣੀਕਾਰ, ਨਸਰ ਨਿਗਾਰ, ਆਲੋਚਕ, ਸੰਪਾਦਕ ਅਤੇ ਸਮੀਖਿਅਕ ਰਵਿੰਦਰ ਰਵੀ ਸਾਡਾ ਬਹੁਤ ਮਕਬੂਲ ਪੰਜਾਬੀ ਕਾਮਾ ਹੈ। 1955 ਤੋਂ ਲੈ ਕੇ ਹੁਣ ਤਕ ਉਸ ਦੀ ਕਲਮ ਇਕੋ ਜਿੰਨੀ ਰਵਾਨੀ ਨਾਲ ਪੰਜਾਬੀ ਅਦਬ ਦੇ ਵਰਕਿਆਂ ਉੱਪਰ ਆਪਣਾ ਇਤਿਹਾਸ ਸਿਰਜਦੀ ਆ ਰਹੀ ਹੈ, ਜਿਸ ਦਾ ਪ੍ਰਮਾਣ ਉਸ ਦਾ ਹੁਣੇ -ਹੁਣੇ ਛਪ ਕੇ ਆਇਆ 18ਵਾਂ ਕਾਵਿ-ਸੰਗ੍ਰਹਿ "ਬਾਜ਼ ਦੀ ਨਜ਼ਰ" ਹੈ, ਜੋ ਉਸ ਨੇ ਆਪਣੇ ਪਰਮ ਮਿੱਤਰ ਅਮਰਜੀਤ ਸਿੰਘ, ਸੰਪਾਦਕ 'ਅਕਸ' ਨੂੰ ਸਮਰਪਿਤ ਕੀਤਾ ਹੈ। ਪੁਸਤਕ ਦੇ ਅਰੰਭ ਵਿਚ ਹੀ ਰਵਿੰਦਰ ਰਵੀ ਦੇ ਵਿਸਤ੍ਰਿਤ ਬਿਉਰੇ ਅਤੇ ਸ੍ਰ. ਅਮਰਜੀਤ ਸਿੰਘ ਅਕਸ ਨਾਲ ਖਿਚਵਾਈਆਂ ਰੰਗਦਾਰ ਤਸਵੀਰਾਂ ਅੰਕਿਤ ਕੀਤੀਆਂ ਗਈਆਂ ਹਨ।

ਰਵੀ ਦੇ ਸਮਕਾਲੀ ਜਾਣਦੇ ਹਨ ਕਿ ਉਸ ਕੋਲ ਅਜਿਹਾ ਅਨੋਖਾ ਕਾਵਿ-ਮੁਹਾਵਰਾ ਹੈ ਜਿਸ ਨਾਲ ਉਹ ਸਧਾਰਨ ਤੋਂ ਸਧਾਰਨ ਵਸਤੂ ਨੂੰ ਵੀ ਅਸਾਧਾਰਨ ਬਣਾ ਕੇ ਪੇਸ਼ ਕਰ ਦਿੰਦਾ ਹੈ। ਚੱਕ੍ਰਵਯੂਹ ਵਿਚ ਘਿਰੇ ਹੋਏ ਰਿਸ਼ਤੇ, ਨਾਇਕ ਅਤੇ ਖਲਨਾਇਕ ਵਿਚਕਾਰ ਟਕਰਾਉ, ਗਿਆਨ ਅਤੇ ਵਿਗਿਆਨਕ ਪਾਸਾਰੇ, ਮਾਨਸਕ ਦਬਾਅ ਵਿਚ ਜੀ ਰਿਹਾ ਮਨੁੱਖ, ਤਕਨੀਕੀ ਸੋਚ ਅਤੇ ਚੌਪਾਸੀਂ ਫੈਲਿਆ ਪ੍ਰਦੂਸ਼ਣ ਉਸ ਦੀਆਂ ਇਹਨਾਂ ਨਜ਼ਮਾਂ ਦੇ ਮਾਧਿਅਮ ਰਾਹੀਂ ਬਾਖ਼ੂਬੀ ਦ੍ਰਿਸ਼ਟੀਗੋਚਰ ਹੁੰਦਾ ਹੈ। ਬੁਨਿਆਦੀ ਤੌਰ 'ਤੇ ਰਵੀ ਇਸ ਪੁਸਤਕ ਵਿਚਲੀ ਸ਼ਾਇਰੀ ਰਾਹੀਂ ਸਮੁੱਚੀ ਗਲੋਬਲਾਈਜੇਸ਼ਨ ਨੂੰ ਪਰਿਭਾਸ਼ਿਤ ਕਰ ਰਿਹਾ ਹੈ। ਚਿਹਨਾਂ ਰਾਹੀਂ ਉਸਦੀਆਂ ਦਰਜਨਾਂ ਨਜ਼ਮਾਂ ਜੀਵਨ ਦੇ ਲੁਕੇ ਛੁਪੇ ਭੇਦਾਂ ਨੂੰ ਉਜਾਗਰ ਕਰਦੀਆਂ ਹਨ। ਉਸ ਦੀ ਪਹਿਲੀ ਨਜ਼ਮ "ਬਾਜ਼ ਦੀ ਨਜ਼ਰ" ਦੀਆਂ ਕੁਝ ਸਤਰਾਂ ਹਨ :

ਟੁੱਟਣ 'ਚੋਂ ਹੀ, ਜੁੜਨ ਦੀ
ਚੇਤਨਾ ਜਨਮਦੀ ਹੈ
ਖੜ੍ਹਨ 'ਚੋਂ ਤੁਰਨ ਦੀ।
ਸ਼ਿਕਾਰ, ਆਕਾਸ਼ ਤੇ ਧਰਤੀ-
ਬਾਜ਼ ਦੀ ਨਜ਼ਰ ਵਿਚ ਹੁੰਦੇ ਹਨ,
ਚੁੰਜ ਤੇ ਪੰਜਿਆਂ ਵਿਚ ਨਹੀਂ।

(ਪੰਨਾ 23)



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਅੱਗੇ ਹੀ ਅੱਗੇ ਵਧਦੇ ਜਾਂਦੇ ਮਨੁੱਖ ਨੂੰ ਇਹ ਚੇਤਾ ਭੁੱਲ ਜਾਂਦਾ ਹੈ ਕਿ ਅੰਤ ਉਹਦੀ ਮੰਜ਼ਲ ਕਿਹੜੀ ਹੈ ? ਟੀਸੀ 'ਤੇ ਜਾ ਕੇ ਹੇਠਾਂ ਤਾਂ ਪਰਤਣਾ ਹੀ ਪੈਂਦਾ ਹੈ।

ਲੇਖਕ : ਰਵਿੰਦਰ ਰਵੀ, ਪੰਨੇ : 142, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**–ਡਾ. ਦਰਸ਼ਨ ਸਿੰਘ ਆਸ਼ਟ**

ਮਾਸਕ "ਅਕਸ", ਦਿੱਲੀ (ਭਾਰਤ), ਮਾਰਚ, 2010



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਨਵੀਂ ਸਦੀ ਦੀ ਨਵੀਂ ਨਸਲ : ਇਕ ਕਾਵਿਕ ਪ੍ਰਯੋਗ

'ਨਵੀਂ ਸਦੀ ਦੀ ਨਵੀਂ ਨਸਲ' ਰਵਿੰਦਰ ਰਵੀ ਦਾ ਉਨ੍ਹੀਵਾਂ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਉਸ ਦੀਆਂ ਜਨਵਰੀ 2010 ਤੋਂ ਜਨਵਰੀ 2013 ਤਕ ਦੀਆਂ ਲਿਖੀਆਂ ਕਵਿਤਾਵਾਂ ਸ਼ਾਮਿਲ ਹਨ। ਜਿਵੇਂ ਕਿ ਇਸ ਸੰਗ੍ਰਹਿ ਦਾ ਸਿਰਲੇਖ ਹੀ ਸਪਸ਼ਟ ਕਰਦਾ ਹੈ, ਇਸ ਵਿਚ ਨਵੀਂ ਸਦੀ ਯਾਨੀ ਇੱਕੀਵੀਂ ਸਦੀ ਦੀ ਨਵੀਂ ਨਸਲ ਅਰਥਾਤ ਦੁਨੀਆਂ ਦੇ ਜੀਵਨ-ਯਥਾਰਥ ਨੂੰ ਲਿਆ ਗਿਆ ਹੋਵੇਗਾ। ਠੀਕ ਹੀ, ਇਸ ਵਿਚ ਹਾਲੀਵੁੱਡ ਦੀਆਂ ਬਣੀਆਂ ਫ਼ਿਲਮਾਂ ਉੱਤੇ ਤੁਰਦੀਆਂ-ਫਿਰਦੀਆਂ ਤੇ ਬੋਲਦੀਆਂ ਤਸਵੀਰਾਂ ਵਰਗੀ ਤਕਨੀਕੀ ਜੁਗਤ ਨੂੰ ਕਾਵਿ-ਜੁਗਤ ਦੇ ਤੌਰ ਉੱਤੇ ਵਰਤ ਕੇ ਨਵੀਂ ਨਸਲ ਦੀ ਤਸਵੀਰ ਉਤਾਰੀ ਗਈ ਹੈ। ਰਵੀ ਨੇ ਸ਼ਾਇਦ ਏਸੇ ਨੂੰ ਹੀ ਸਿਨਮੈਟਿਕ ਤਕਨੀਕ ਕਿਹਾ ਹੈ। ਅਜਿਹੀ ਤਕਨੀਕ ਕਵੀ ਦੇ ਦਰਸ਼ਨੀ ਪ੍ਰਭਾਵਾਂ (Visuals) ਨੂੰ ਵਿਅਕਤੀ ਕਰਨ ਦਾ ਕਾਵਿਕ ਪ੍ਰਯੋਗ ਕਿਹਾ ਜਾ ਸਕਦਾ ਹੈ। ਇਸ ਪ੍ਰਯੋਗ ਦਾ ਮੰਤਵ ਨਵੀਂ ਸਦੀ ਦੀ ਨਵੀਂ ਨਸਲ ਦੇ ਜੀਵਨ ਦੀਆਂ ਧੁਰ-ਡੂੰਘਾਣਾਂ ਤਕ ਲੱਥ ਦੇ ਇਸ ਨੂੰ ਇਸ ਦੀ ਪੂਰੀ-ਸੂਰੀ ਹੋਂਦ ਸਹਿਤ ਸਾਕਾਰਨ ਨਾਲ ਹੈ। ਉਂਞ ਵੀ, ਰਵੀ ਨਵੇਂ ਨਵੇਂ ਪ੍ਰਯੋਗ ਕਰਨ ਵਿਚ ਮਾਹਿਰ ਹੈ।

ਹੱਥਲੀ ਪੁਸਤਕ ਦੀ ਸਿਰਲੇਖਕ ਕਵਿਤਾ 'ਨਵੀਂ ਸਦੀ ਦੀ ਨਵੀਂ ਨਸਲ' ਵਿਚ ਇਕ ਛੱਤ ਹੇਠ ਰਹਿੰਦੇ ਮਾਤਾ-ਪਿਤਾ ਤੇ ਉਹਨਾਂ ਦੇ ਦੋ ਪੁੱਤਰਾਂ ਤੇ ਦੋ ਧੀਆਂ ਦੇ ਜੀਵਨ-ਬਿਰਤਾਂਤ ਨੂੰ ਪਾਠਕਾਂ ਸਾਹਵੇਂ ਧਰਨ ਲਈ ਸਿਨਮੈਟਿਕ ਤਕਨੀਕ ਦਾ ਭਰਪੂਰ ਇਸਤੇਮਾਲ ਕੀਤਾ ਗਿਆ ਹੈ। ਇਸ ਕਵਿਤਾ ਦੇ ਇਹ ਛੇ ਪਾਤਰ ਤੇ ਹੋਰਨਾਂ ਕਈ ਕਵਿਤਾਵਾਂ ਜਿਵੇਂ 'ਨਵੀਂ ਸਦੀ ਦੀ ਨਵੀਂ ਤਾਸ਼', 'ਨਵੀਂ ਸਦੀ ਦਾ ਨਵਾਂ ਘਰ', 'ਸਦੀਆਂ ਦੀ ਪਿਆਸ', 'ਬਾਲੀਵੁੱਡ : ਨਾਇਕ ਤੇ ਖਲਨਾਇਕ', 'ਮੋਬਾਇਲ ਟਾਪੂ', 'ਰਿਸ਼ਤਿਆਂ ਦੀ ਸ਼ੂਨਯਤਾ', 'ਨੰਗੇਜ਼ੀ ਸਿਖਰ-ਸੰਤੋਖ' ਤੇ 'ਬਿਨ ਦਰੋ ਦੀਵਾਰ' ਦੇ ਪਾਤਰ ਖਪਤ-ਸੱਭਿਆਚਾਰ ਦੇ ਮਾਰੂ ਪ੍ਰਭਾਵਾਂ ਦਾ ਸ਼ਿਕਾਰ ਹਨ। ਖਪਤ-ਸਭਿਆਚਾਰ ਨਵੀਂ ਸਦੀ ਦੀ ਨਵੀਂ ਨਸਲ ਦੇ ਜੀਵਨ ਨੂੰ ਘੁਣ ਵਾਂਗ ਲੱਗ ਕੇ ਇਸ ਨੂੰ ਹਰ ਪੱਖ ਤੋਂ ਖੋਦਾ ਕਰੀ ਜਾ ਰਿਹਾ ਹੈ। ਖਪਤ-ਸੱਭਿਆਚਾਰ ਨੇ ਘਰ ਤੇ ਟੱਬਰ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਕਿਉਂਕਿ ਨਵੀਂ ਨਸਲ ਕੇਵਲ ਆਪਣੇ ਆਪ ਨੂੰ ਹੀ ਨਹੀਂ ਭੁੱਲ ਰਹੀ ਬਲਕਿ ਆਪਣੇ ਵਿਰਸੇ ਦੀਆਂ ਰੀਤਾਂ ਨੂੰ ਵੀ ਭੁੱਲ ਚੁੱਕੀ ਹੈ। ਹਾਲੀਵੁੱਡ ਤੇ ਬਾਲੀਵੁੱਡ ਦੀਆਂ ਫੈਂਟਸੀਆਂ ਭੋਗ-ਭੋਗ ਜੀਂਦੀ ਤੇ ਥੀਂਦੀ ਹੈ, ਗੋਤ-ਗਮਨ ਤੇ ਰੇਪ-ਯੁੱਗ ਨੂੰ ਹੰਢਾਉਂਦੀ ਹੋਈ ਜੰਗਲ ਦੀ ਸੱਭਿਅਤਾ ਪੈਦਾ ਕਰ ਰਹੀ ਹੈ। ਜੰਗਲੀ ਸੱਭਿਅਤਾ ਨੂੰ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਰੋਕਣ ਵਾਲੇ ਅਕਲ ਤੇ ਇਲਮ ਰੂਪੀ ਹੱਥਿਆਰਾਂ ਨੂੰ ਵੀ ਖਪਤ-ਸੱਭਿਆਚਾਰ ਆਪਣੀ ਮਰਜ਼ੀ ਨਾਲ ਵਰਤ-ਵਰਤਾਅ ਕੇ ਨਿਗਲ ਰਿਹਾ ਹੈ। ਰਵੀ ਦੀ ਕਾਵਿ-ਦ੍ਰਿਸ਼ਟੀ ਵਿਚ ਗਿਆਨ ਤੇ ਵਿਗਿਆਨ ਵੀ ਗਲੋਬਲੀਕਰਨ ਦੀ ਬੀਂਡੀ ਬਣੇ ਹੋਏ ਹਨ।

ਨਵੀਂ ਸਦੀ ਦੇ ਗਿਆਨ ਤੇ ਵਿਗਿਆਨ ਨੇ ਅਨੇਕਾਂ ਅਜਿਹੇ ਸੰਦਾਂ ਤੇ ਸਾਧਨਾਂ ਦਾ ਅਵਿਸ਼ਕਾਰ ਕੀਤਾ ਹੈ ਜਿਨ੍ਹਾਂ ਦਾ ਮੂਲ ਪ੍ਰਯੋਜਨ ਸਰਮਾਏਦਾਰੀ ਦੇ ਹੱਕ ਵਿਚ ਭੁਗਤ ਕੇ ਇਸ ਨੂੰ ਹੋਰ ਤਕੜਿਆਂ ਕਰਨਾ ਅਤੇ ਨਵੀਂ ਨਸਲ ਨੂੰ ਉਸ ਦੇ ਅਸਲ ਕਰਮ-ਖੇਤਰ ਦੇ ਫ਼ਰਜ਼ਾਂ ਤੋਂ ਦੂਰ ਕਰਨਾ ਹੈ। ਸੂਚਨਾ-ਤਕਨਾਲੋਜੀ ਦੀ ਤੇਜ਼-ਰਫ਼ਤਾਰੀ ਦੀ ਕਾਰਗੁਜ਼ਾਰੀ ਨੂੰ ਏਸੇ ਸੰਦਰਭ ਵਿਚ ਪਛਾਣਦਿਆਂ ਰਵੀ ਨੇ ਨਵੀਂ ਨਸਲ ਦੇ ਵਿਗੜਨ ਦੇ ਦਰਸ਼ਨੀ ਪ੍ਰਭਾਵ ਹੱਥਲੀ ਪੁਸਤਕ ਵਿਚ ਸਾਕਾਰ ਕੀਤੇ ਹਨ। ਇੰਟਰਨੈਟ, ਫੇਸਬੁੱਕ, ਆਈ ਫੋਨ ਆਦਿ ਨੇ ਮਨੁੱਖੀ ਨਸਲ ਲਈ ਜਿੱਥੇ ਸਮੇਂ ਤੇ ਸਥਾਨ ਦੇ ਫਾਸਲੇ ਘਟਾਏ ਹਨ, ਉੱਥੇ ਉਸ ਦੀ ਨਵੀਂ ਨਸਲ ਨੂੰ ਕਈ ਗਲਤ ਕੀਮਤਾਂ ਦੇ ਕੇ ਕੁਰਾਹੇ ਵੀ ਪਾਇਆ ਹੈ। ਉਸ ਨੂੰ ਉਸ ਦੀਆਂ ਵਿਰਾਸਤੀ ਕੀਮਤਾਂ ਤੋਂ ਦੂਰ ਕਰਕੇ ਉਸ ਦੀ ਐਸੀ ਮਨੋ-ਸਮਾਜਕ ਸਥਿਤੀ ਬਣਾ ਦਿੱਤੀ ਹੈ, ਜਿਸ ਨੂੰ ਰਵਿੰਦਰ ਰਵੀ ਨੇ ਨਵੀਂ ਸਦੀ ਦੀ ਨਵੀਂ ਨਸਲ ਦੀਆਂ ਮਾਨਸਿਕ ਗੁੰਝਲਾਂ ਦਾ ਚੱਕ੍ਰਵਿਊਹ ਕਿਹਾ ਹੈ। ਅਸਲ ਵਿਚ ਇਹ ਗਲੋਬਲੀਕਰਨ ਦਾ ਐਸਾ ਚੱਕ੍ਰਵਿਊਹ ਹੈ, ਜਿਸ ਵਿਚ ਪਿਆਰ ਤੋਂ ਸੱਖਣੇ ਰੋਬੋਟ ਵਰਗੇ ਇਨਸਾਨ ਇਨਸਾਨੀਅਤ ਦਾ ਗਲਾ ਘੁੱਟਦੇ ਸਮਲਿੰਗੀ-ਭੋਗੀ, ਬਹੁ-ਲਿੰਗ-ਭੋਗੀ ਤੇ ਵਿਰੋਧ-ਲਿੰਗ-ਭੋਗੀ ਦਾ ਸੰਭੋਗ ਕਲਚਰ ਪੈਦਾ ਕਰ ਰਹੇ ਹਨ। ਕਿਉਂਕਿ ਇਨ੍ਹਾਂ ਰੋਬੋਟਾਂ ਦਾ ਬਸੇਰਾ ਨੰਗੇਜੀ ਸਿਖਰ-ਸੰਤੋਖ ਉਪਜਾਉਂਦੇ ਨਗਨ-ਨਿਰਤ ਘਰਾਂ ਵਿਚ ਹੈ। ਨਸ਼ਿਆਂ ਦੇ ਬਾਜ਼ਾਰ ਵਿਚ ਸਰਗਰਮ ਮੁੰਡੇ-ਕੁੜੀਆਂ ਫੈਂਟਸੀ ਵਰਗਾ ਜੀਵਨ ਭੋਗਦੇ ਹਨ। ਏਥੋਂ ਦੇ ਦੇਹ-ਵਪਾਰ, ਹਿੰਸਾ ਤੇ ਬਲਾਤਕਾਰ ਵਰਗੀਆਂ ਗੱਲਾਂ ਪਿੰਡ ਪਿੰਡ (ਰਾਸ਼ਟਰੀ ਪੱਧਰਾਂ) ਤੇ ਬ੍ਰਹਿਮੰਡ (ਅੰਤਰਰਾਸ਼ਟਰੀ ਪੱਧਰ) ਵਿਚ ਤੁਰਦੀਆਂ ਹਨ ਤੇ ਜਿਨ੍ਹਾਂ ਨੂੰ ਬਿਨਾਂ ਕਿਸੇ ਭੈਅ ਦੇ ਅੰਜ਼ਾਮ ਦੇ ਦਿੱਤਾ ਜਾਂਦਾ ਹੈ। 16 ਦਸੰਬਰ 2012 ਨੂੰ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਹੋਏ ਗੈਂਗ ਰੇਪ ਦੇ ਪ੍ਰਤੀਕਰਮ ਵਜੋਂ ਲਿਖੀ 'ਗੈਂਗ ਰੇਪ' ਨਾਂ ਦੀ ਕਵਿਤਾ ਅਤੇ ਅਮਰੀਕਾ ਦੇ ਇਕ ਐਲੀਮੈਂਟਰੀ ਸਕੂਲ ਵਿਚ ਹੋਏ ਬੱਚਿਆਂ ਦੇ ਕਤਲ-ਏ-ਆਮ ਤੋਂ ਬਾਅਦ ਲਿਖੀ 'ਅਮਰੀਕਾ : ਹਿੰਸਾ ਦਾ ਸੱਭਿਆਚਾਰ' ਨਾਂ ਦੀ ਕਵਿਤਾ ਨੂੰ ਇਸ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। ਗਲੋਬਲੀਕਰਨ ਦੀ ਇਹ ਇਕ ਯੁੱਧ-ਨੀਤੀ ਹੈ ਜੋ ਅੰਡਰ-ਵਰਲਡ ਦੀ ਦੁਨੀਆਂ ਨਾਲ ਜੁੜੀ ਹੋਈ ਹੈ। ਰਵਿੰਦਰ ਰਵੀ ਦਾ ਕਾਵਿ-ਦ੍ਰਿਸ਼ਟੀ ਬ੍ਰਹਿਮੰਡ (ਵਿਸ਼ਵ) ਵਿਚ ਇਕਮਿਕ ਹੋਏ ਪਿੰਡਾਂ (ਰਾਸ਼ਟਰਾਂ) ਦੇ ਸਮਾਜ-ਸ਼ਾਸਤਰ ਤਕ ਸਹਿਜੇ ਹੀ ਪਹੁੰਚ ਜਾਂਦੀ ਹੈ। ਏਸੇ ਦ੍ਰਿਸ਼ਟੀ ਰਾਹੀਂ ਉਸ ਨੇ ਗਲੋਬਲੀਕਰਨ ਨੂੰ ਪਰਿਭਾਸ਼ਤ ਕਰਨ ਦਾ ਕਾਵਿ-ਉਪਰਾਲਾ ਕੀਤਾ ਹੈ।

ਗਲੋਬਲੀਕਰਨ ਮਿਸ਼ਰਤ ਸਰਮਾਇਦਾਰੀ ਨਿਜ਼ਾਮਾਂ ਦੀ ਇਕ ਐਸੀ ਪ੍ਰਕਿਰਿਆ ਹੈ ਜਿਹੜੀ ਬਹੁ-ਰਾਸ਼ਟਰੀ ਸੰਗਠਨ ਵਿਓਪਾਰ ਦਾ ਨਾਅਰਾ ਦੇ ਕੇ ਸਮੁੱਚੇ ਰਾਸ਼ਟਰਾਂ ਨੂੰ


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਆਰਥਿਕ ਗੁਲਾਮੀ ਦੀਆਂ ਜ਼ੰਜੀਰਾਂ ਨਾਲ ਨੂੜ ਕੇ ਇੰਨ੍ਹਾਂ ਦੇ ਸੱਭਿਆਚਾਰਾਂ ਨੂੰ ਤਾਰ-ਤਾਰ ਵੀ ਕਰ ਰਹੀ ਹੈ। ਸੂਚਨਾ-ਤਕਨਾਲੋਜੀ ਤੇ ਵਪਾਰਕ ਸੰਧੀਆਂ ਇਸ ਦੇ ਵਿਸ਼ੇਸ਼ ਹੱਥਿਆਰ ਹਨ, ਜਿਨ੍ਹਾਂ ਰਾਹੀਂ ਇਹ ਕਿਸੇ ਵੀ ਰਾਸ਼ਟਰ ਦੀ ਸੱਭਿਅਤਾ ਦੇ ਲੋਕਯਾਨ ਨੂੰ ਨਿਗਲ ਰਹੀ ਹੈ, ਸਥਾਨਕ ਬੋਲੀ ਦੇ ਅਰਥਾਂ ਨੂੰ ਬਦਲ ਰਹੀ ਹੈ, ਧਰਤੀ ਤੇ ਪਉਣ-ਪਾਣੀ ਜਿਹੇ ਕੁਦਰਤੀ ਸੋਮਿਆਂ ਨੂੰ ਨਿਚੋੜ ਰਹੀ ਹੈ, ਸੱਤਾ-ਸਿਆਸਤ ਨੂੰ ਆਪਣੀ ਗੋਲੀ ਬਣਾ ਰਹੀ ਹੈ। ਗਲੋਬਲੀਕਰਨ ਦਾ ਇਹ ਤਾਨਾਸ਼ਾਹੀ ਦੌਰ ਸਮਾਨਤਾ ਦੇ ਨਾਂ ਉੱਤੇ ਅਸਮਾਨਤਾ ਦੀ ਆਰਾਜਕਤਾ ਫੈਲਾਅ ਕੇ ਇਕ-ਧਰੁੱਵੀ ਸਾਮਰਾਜੀ ਸ਼ਕਤੀ ਨੂੰ ਮਜ਼ਬੂਤ ਕਰ ਰਿਹਾ ਹੈ। ਰੂਸ, ਚੀਨ ਜਿਹੇ ਸਮਾਜਵਾਦੀ ਮੰਨੇ ਜਾਂਦੇ ਮੁਲਕਾਂ ਵਿਚ ਵੀ ਇਹ ਆਪਣਾ ਭਾਣਾ ਵਰਤਾ ਰਿਹਾ ਹੈ। ਇਸ ਵਿਚਾਰ ਦੀ ਪੁਸ਼ਟੀ ਲਈ 'ਉੱਤਰ ਮਾਰਕਸਵਾਦ', 'ਤਾਨਾਸ਼ਾਹੀ ਤੇ ਵਿਸ਼ਵੀਕਰਨ', 'ਵਣ ਨੂੰ ਬਚਾਓ' ਕਵਿਤਾਵਾਂ ਨੂੰ ਪੜ੍ਹਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਇਨ੍ਹਾਂ ਕਵਿਤਾਵਾਂ ਵਿੱਚੋਂ ਕੁਝ ਸਤਰਾਂ ਲੈਂਦੇ ਹਾਂ :

1. ਵਿਸ਼ਵੀਕਰਨ ਦੀ ਕਿਰਿਆ ਵਿਚ
ਸਭ ਕੁਝ ਗਡ ਮਡ, ਉਲਝ ਗਿਆ ਹੈ
ਸਮਾਜਵਾਦ ਦੀ ਤਾਸੀਰ ਬਦਲ ਗਈ ਹੈ
ਸਾਮਰਾਜਵਾਦ ਵੀ ਉਹ ਨਹੀਂ ਰਿਹਾ
ਇਹ ਨਵ-ਬਸਤੀਵਾਦੀ ਯੁੱਗ ਹੈ
ਬਹੁ-ਰਾਸ਼ਟਰੀ ਕੰਪਨੀਆਂ ਦੇ ਹੱਥ
ਆਰਥਿਕ ਸੱਤਾ ਦੀ ਡੋਰ ਹੈ
ਕੱਠਪੁਤਲੀਆਂ ਵਾਂਗ, ਸਭ ਦੇਸ਼ਾਂ ਦੇ
ਸੱਤਾਧਾਰੀ ਹਿੱਲਦੇ ਹਨ
ਚਿਹਰੇ ਮੁਸਕਰਾਉਂਦੇ, ਹੱਥ ਮਿਲਦੇ ਹਨ

(ਉੱਤਰ ਮਾਰਕਸਵਾਦ)

2. ਵਿਸ਼ਵੀਕਰਨ ਦੇ ਯੁੱਗ ਵਿਚ ਵੀ :
ਮਜ਼ਦੂਰ ਪਿਸ ਰਿਹਾ ਹੈ
ਕਿਸਾਨ ਪਿਸ ਰਿਹਾ ਹੈ
ਆਮ ਜਿਹਾ, ਹਰ ਥਾਂ
ਇਨਸਾਨ ਪਿਸ ਰਿਹਾ ਹੈ
ਆਰਥਿਕ ਸ਼ਕਤੀ, ਸੀਮਤ ਜਿਹੇ ਹੱਥਾਂ ਵਿਚ
ਕੇਂਦਰਤ ਹੋ ਗਈ ਹੈ
ਧਨ, ਉਤਪਾਦਨ ਤੇ ਖਪਤ ਦੇ
ਸਮੀਕਰਨ ਬਦਲ ਗਏ ਹਨ

(ਤਾਨਾਸ਼ਾਹੀ ਤੇ ਵਿਸ਼ਵੀਕਰਨ)



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਰਵਿੰਦਰ ਰਵੀ ਦੀ ਕਵਿਤਾ ਗਲੋਬਲੀਕਰਨ ਦੀਆਂ ਮਾਰੂ ਪਰਤਾਂ ਨੂੰ ਉਧੇੜਨ-ਬੁਣਨ ਦੀ ਪ੍ਰਕਿਰਿਆ ਤਕ ਹੀ ਸੀਮਿਤ ਨਹੀਂ ਰਹਿੰਦੀ, ਸਗੋਂ ਇਨ੍ਹਾਂ ਪਰਤਾਂ ਨੂੰ ਪੈਦਾ ਕਰਨ ਵਾਲੀਆਂ ਸ਼ਕਤੀਆਂ ਨਾਲ ਸਿੱਝਣ ਦੀ ਸਮਰੱਥਾ ਵੀ ਰੱਖਦੀ ਹੈ। ਏਸੇ ਲਈ ਉਸ ਨੇ ਗਲੋਬਲੀਕਰਨ ਦੀ 'ਅੱਗ' ਨੂੰ ਪਕੜ ਕੇ ਮਾਨਵਤਾ ਰੂਪੀ 'ਵਣ' ਨੂੰ ਬਚਾਉਣ ਦਾ ਸੁਨੇਹਾ ਦਿੱਤਾ ਹੈ। ਗਲੋਬਲੀਕਰਨ ਨੂੰ ਇਕ 'ਸ਼ਰਾਪ' ਮੰਨ ਕੇ ਮਨੁੱਖ ਨੂੰ ਉਸ ਦੇ ਮਨ-ਰੂਪੀ ਸ਼ੀਸ਼ੇ ਸਨਮੁੱਖ ਰਹਿਣ ਦਾ ਸੰਦੇਸ਼ ਦਿੱਤਾ ਹੈ। ਅਤੇ ਇਹ ਵੀ ਸੁਨੇਹਾ ਦਿੱਤਾ ਹੈ ਕਿ ਗਲੋਬਲੀਕਰਨ ਵੱਲੋਂ ਆਰੰਭੇ ਯੁੱਧ ਨੂੰ ਕਿਸੇ ਹਥਿਆਰ ਨਾਲ ਨਹੀਂ ਸਗੋਂ ਚਿੰਤਨ ਦੇ ਮੰਥਨ ਰਾਹੀਂ ਜਿੱਤਿਆ ਜਾ ਸਕਦਾ ਹੈ। ਗਲੋਬਲੀਕਰਨ ਦੀ ਵਸਤੂ-ਰੂਪੀ ਲੀਲ੍ਹਾ (ਖਪਤ-ਸੱਭਿਆਚਾਰ ਤੋਂ ਪੈਦਾ ਹੋਏ ਵਿਕਾਰ) ਨੂੰ ਸ਼ਬਦਾਂ ਵਿਚ ਮਘਦੀ ਅਗਨ (ਚਿੰਤਨ-ਚੇਤਨਾ) ਨਾਲ ਸਾੜਿਆ ਜਾ ਸਕਦਾ ਹੈ। ਇਸ ਪਰਥਾਏ 'ਯੁੱਧ ਦੀ ਸ਼ਤਰੰਜ' ਕਵਿਤਾ ਦੀਆਂ ਸਤਰਾਂ ਹਨ :

ਯੁੱਧ ਵਿਚ, ਹੱਥਿਆਰ ਚੁੱਕਣੇ ਜ਼ਰੂਰੀ ਨਹੀਂ ਹੁੰਦੇ
ਚਿੰਤਨ ਜ਼ਰੂਰੀ ਹੁੰਦਾ ਹੈ, ਚਿੰਤਨ ਦਾ ਮੰਥਨ

'ਨਵੀਂ ਸਦੀ ਦੀ ਨਵੀਂ ਨਸਲ' ਕਾਵਿ-ਪੁਸਤਕ ਵਿਚਲੀਆਂ ਕਵਿਤਾਵਾਂ ਦੀ ਸ਼ਬਦਾਵਲੀ, ਤਕਨੀਕ ਤੇ ਬਿੰਬ-ਵਿਧਾਨ ਨੂੰ ਪੜਤਾਲਦਿਆਂ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਰਵੀ ਦੀ ਦ੍ਰਿਸ਼ਟੀ ਵਿਚ ਇਕ ਐਸੇ ਸੰਤੁਲਤ ਵਿਅਕਤੀ ਦਾ ਵਾਸ ਹੈ, ਜੋ ਨਵੇਂ ਤੇ ਪੁਰਾਣੇ ਵਿੱਚੋਂ ਕੁਝ-ਕੁਝ ਚੰਗਾ ਚੁਣ ਕੇ ਚੰਗੀ ਜੀਵਨ-ਜਾਚ ਦਾ ਅਭਿਲਾਸ਼ੀ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਲਹਿੰਦੀ-ਚੜ੍ਹਦੀ ਦਾ ਪੂਰਾ ਗਿਆਨ ਹੈ। ਤੇ ਇਸ ਗਿਆਨ ਆਸਰੇ ਹੀ ਉਹ ਆਪਣੇ ਆਲੇ-ਦੁਆਲੇ ਦੇ ਮਾੜੇ ਵਰਤ-ਵਰਤਾਰੇ ਨਾਲ ਸਿੱਝਣਾ ਲੋਚਦਾ ਹੈ।

ਪੁਸਤਕ : ਨਵੀਂ ਸਦੀ ਦੀ ਨਵੀਂ ਨਸਲ
ਲੇਖਕ : ਰਵਿੰਦਰ ਰਵੀ
ਪੰਨੇ : 128, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਡਾ. ਚੰਦਰ ਮੋਹਨ**

"ਸਿਰਜਣਾ-170", ਅਕਤੂਬਰ-ਦਸੰਬਰ 2013,
ਚੰਡੀਗੜ੍ਹ, ਭਾਰਤ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਨਵੀਂ ਸਦੀ ਦਾ ਨਵਾਂ ਯਥਾਰਥ : "ਨਵੀਂ ਸਦੀ ਦੀ ਨਵੀਂ ਨਸਲ"

ਪ੍ਰਸਤੁਤ ਪੁਸਤਕ ਰਵਿੰਦਰ ਰਵੀ ਦੀ ਉੱਨ੍ਹੀਵੀਂ ਕਾਵਿ-ਪੁਸਤਕ ਹੈ। ਕਵੀ ਨੇ 'ਆਰੰਭਕ ਸ਼ਬਦ' ਵਿਚ ਇਸ ਕਾਵਿ-ਸੰਗ੍ਰਹਿ ਬਾਰੇ ਲਿਖਿਆ ਹੈ : "ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਨਵੀਂ ਸਦੀ ਦੀ, ਇਸ ਨਵੀਂ ਨਸਲ ਦੇ, ਬਦਲੇ ਹੋਏ ਮੁੱਲਾਂ ਨੂੰ, ਉਨ੍ਹਾਂ ਦੇ ਬਦਲੇ ਹੋਏ ਸੰਦਰਭਾਂ ਵਿਚ, ਸਮਝਣ ਤੇ ਸਿਰਜਣ ਦਾ ਹੀ ਇਕ ਚੇਤੰਨ ਤੇ ਕਲਾਤਮਕ ਉਪਰਾਲਾ ਹਨ।"

ਇਸ ਤੋਂ ਬਾਅਦ ਕਵੀ ਨੇ ਨਵੀਂ ਯੁਵਾ ਪੀੜ੍ਹੀ ਦੀਆਂ ਨਵੀਆਂ ਸਮੱਸਿਆਵਾਂ ਜਾਂ ਨਿਕਾਰਾਤਮਕ ਰੁਚੀਆਂ ਦੀ ਸੂਚੀ ਦਰਜ ਕੀਤੀ ਹੈ। ਇਹੋ ਨਹੀਂ, ਕਵੀ ਨੇ ਦੁਨੀਆਂ ਦੇ ਬਦਲਦੇ ਪਰਿਪੇਖ ਵਿਚ ਮਾਰਕਸਵਾਦੀ ਦੇਸ਼ਾਂ ਵਿਚ ਵੀ ਵਧ ਰਹੀਆਂ ਸਰਮਾਏਦਾਰਾਨਾਂ ਰੁਚੀਆਂ ਦੀ ਵੀ ਵਿਆਖਿਆ ਕੀਤੀ ਹੈ। ਇਸ ਦਾ ਭਾਵ ਇਹ ਹੈ ਕਿ ਇਹ ਕਾਵਿ-ਸੰਗ੍ਰਹਿ ਅੱਜ ਦੇ ਸਮਾਜਕ ਤੇ ਰਾਜਨੀਤਕ ਖੇਤਰ ਵਿਚ ਵਾਪਰ ਰਹੇ ਨਵੇਂ ਪਰਿਪੇਖਾਂ ਸੰਬੰਧੀ ਹੈ।

ਵਰਤਮਾਨ ਸਮੇਂ ਵਿਚ ਸਾਡੇ ਰੋਜ਼ਾਨਾਂ ਜੀਵਨ ਵਿਚ ਕੀ ਉੱਥਲ ਪੁੱਥਲ ਹੋ ਰਹੀ ਹੈ ? ਇਸ ਨੂੰ ਰਵੀ ਨੇ 'ਰਿਸ਼ਤਿਆਂ ਦੀ ਸ਼ੂਨਯਤਾ' ਦੀਆਂ ਇਹਨਾਂ ਸਤਰਾਂ ਰਾਹੀਂ ਰੂਪਮਾਨ ਕਰ ਦਿੱਤਾ ਹੈ :

ਅਸੀਂ ਨਾਈਟ ਕਲੱਬਾਂ ਵਿਚ ਜਾਗਦੇ
ਤੇ ਘਰਾਂ ਵਿਚ ਸੌਂਦੇ ਹਾਂ।
ਸਾਡਾ ਸਮਾਂ ਸੂਰਜ ਨਾਲ ਨਹੀਂ,
ਸਾਡੇ ਨਾਲ ਚੜ੍ਹਦਾ ਹੈ।

ਕਵੀ ਨੇ ਥਾਂ ਪਰ ਥਾਂ ਅਜੋਕੇ ਸਮੇਂ ਦੇ ਬਦਲ ਰਹੇ ਵਰਤਾਰਿਆਂ—ਵੈੱਬ ਸਾਈਟ, ਪੱਬ, ਕੈਸੀਨੋ, ਖਪਤ-ਕਲਚਰ, ਬਹੁ-ਰਾਸ਼ਟਰੀ ਕੰਪਨੀਆਂ ਦਾ ਪਾਸਾਰਾ, ਪਰਿਵਾਰਕ ਰਿਸ਼ਤਿਆਂ ਵਿਚ ਨਿਘਾਰ, ਆਤਮ-ਘਾਤੀ ਬੰਬ, ਇੰਟਰਨੈੱਟ ਦੇ ਨੰਗੇਜ਼ ਕਲੱਬ, ਮਾਨਸਿਕ ਟੁੱਟ ਭੱਜ ਆਦਿ ਦਾ ਅਜਿਹਾ ਮਾਰਮਿਕ ਚਿਤਰਣ ਕੀਤਾ ਹੈ ਕਿ ਕਵਿਤਾ ਦਾ ਆਮ ਪਾਠਕ ਵੀ ਇਹਨਾਂ ਨੂੰ ਸਹਿਜੇ ਹੀ ਸਵੀਕਾਰ ਕਰ ਲੈਂਦਾ ਹੈ ਅਤੇ ਇਹਨਾਂ ਸੰਬੰਧੀ ਸੋਚਣ ਲਈ ਮਜਬੂਰ ਵੀ ਹੁੰਦਾ ਹੈ।


Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

ਅਸਲ ਵਿਚ ਕਿਸੇ ਵੀ ਰਚਨਾ ਦੀ ਸਾਰਥਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਆਮ ਪਾਠਕ ਉਸ ਰਚਨਾ ਨੂੰ ਕਿੰਨਾ ਕੁ ਮਾਣ ਸਕਦਾ ਹੈ। ਕੇਵਲ ਬੁੱਧੀਜੀਵੀਆਂ ਲਈ ਰਚੀਆਂ ਰਚਨਾਵਾਂ ਦਾ ਘੇਰਾ ਅਤੇ ਸਮਾਂ ਸੀਮਤ ਹੀ ਹੁੰਦਾ ਹੈ।

'ਬਿਨਾਂ ਦਰੋਂ ਦੀਵਾਰ' ਕਵਿਤਾ ਵਿਚ ਪਿਓ ਦੀ ਲਾਚਾਰੀ ਦੇਖਣ ਵਾਲੀ ਹੈ, ਜੋ ਆਪਣੇ ਚਾਲੀ ਸਾਲਾ ਪੁੱਤਰ ਤੋਂ ਇਸ ਲਈ ਖਫ਼ਾ ਹੈ ਕਿ ਉਹ ਬਾਹਰ ਤਾਂ ਧੱਕੇ ਖਾਂਦਾ ਫਿਰਦਾ ਹੈ ("ਬਾਹਰਲੀਆਂ ਬੱਕਰੀਆਂ ਨੂੰ ਮੇਮਣੇਂ ਦਿੰਦਾ") ਪਰ ਪਰਿਵਾਰਕ ਬੰਧਨ ਵਿਚ ਨਹੀਂ ਬੱਝ ਰਿਹਾ। ਉਸ ਨੂੰ ਇਸ ਗੱਲ ਦਾ ਵੀ ਫ਼ਿਕਰ ਹੈ ਕਿ ਨਸਲ ਅੱਗੇ ਨਹੀਂ ਚੱਲੇਗੀ ("ਇਸ ਨੇ ਤਾਂ ਪਿਤਾ ਨਹੀਂ ਬਣਨਾ, ਮੈਂ ਵੀ ਬਾਬਾ ਬਣਨੋਂ ਰਹਿ ਗਿਆ")। ਇਸ ਕਵਿਤਾ ਵਿਚ ਕਵੀ ਨੇ ਪੀੜ੍ਹੀਆਂ ਦੇ ਵਧਦੇ ਫਾਸਲਿਆਂ ਨੂੰ ਸਫਲਤਾਪੂਰਵਕ ਪੇਸ਼ ਕੀਤਾ ਹੈ ("ਕੀਮਤਾਂ ਤੇ ਪੀੜ੍ਹੀਆ ਦਾ ਗੇੜ ਕੈਸਾ ?")

ਇਸੇ ਤਰ੍ਹਾਂ ਹੀ 'ਮਾਨਸਕ ਗੁੰਝਲਾਂ ਦਾ ਚੱਕ੍ਰਵਯੂਹ ਤੇ ਨਵੀਂ ਨਸਲ' ਵਿਚ ਵੀ ਨਵੀਂ ਪੀੜ੍ਹੀ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਦਾ ਚਿਤਰਣ ਹੈ। 'ਮੋਬਾਇਲ ਟਾਪੂ' ਕਵਿਤਾ ਵਿਚ ਵਰਤਮਾਨ ਪੀੜ੍ਹੀ ਵਿਚ ਵਧ ਰਹੇ 'ਮੈਂ-ਯੁੱਧ' (ਹਉਮੈਂ) ਦਾ ਜ਼ਿਕਰ ਕੀਤਾ ਹੈ।

ਕਵੀ ਦੁਨੀਆਂ ਵਿਚ ਫੈਲ ਰਹੇ ਖਪਤ-ਸੱਭਿਆਚਾਰ ਤੋਂ ਵੀ ਪੂਰੀ ਤਰ੍ਹਾਂ ਵਾਕਿਫ਼ ਹੈ। ਇਸ ਲਈ ਅਜਿਹੇ ਸੱਭਿਆਚਾਰ ਵਿਚ ਤਨ, ਮਨ ਦਾ ਵਿਓਪਾਰ ਹੋ ਰਿਹਾ ਹੈ ਅਤੇ ਰਿਸ਼ਤੇ ਵੀ 'ਗਲੋਬਲ ਮੰਡੀ' ਵਿਚ ਵਿਕਣ ਵਾਲੀ ਚੀਜ਼ ਬਣ ਗਏ ਹਨ।

ਦਿੱਲੀ ਵਿਚ 16 ਦਸੰਬਰ, 2012 ਨੂੰ ਵਾਪਰੀ ਗੈਂਗ ਰੇਪ ਦੀ ਘਟਨਾ ਨੇ ਵੀ ਕਵੀ ਨੂੰ ਹਲੂਣਿਆ ਹੈ। ਇਸ ਲਈ ਉਹ ਅਜਿਹੇ ਕਾਰੇ ਕਰਨ ਵਾਲਿਆਂ ਨੂੰ ਪਸ਼ੂ ਕਹਿਣਾ ਪਸ਼ੂਆਂ ਦਾ ਨਿਰਾਦਰ' ਸਮਝਦਾ ਹੈ। 'ਸਦੀਆਂ ਦੀ ਪਿਆਸ' ਅਤੇ 'ਨਵੀਂ ਸਦੀ ਦਾ ਨਵਾਂ ਘਰ' ਕਵਿਤਾਵਾਂ ਵਿਚ ਅਜੋਕੇ ਪਰਿਵਾਰਾਂ ਦੇ ਦਵੰਦ ਨੂੰ ਚਿਤਰਿਆ ਹੈ, ਜੋ ਇਕ ਘਰ ਵਿਚ ਰਹਿੰਦੇ ਹੋਏ ਵੀ ਇਕ ਦੂਜੇ ਦੀ ਸੰਗਤ ਨਹੀਂ ਮਾਣ ਸਕਦੇ।

ਰਵਿੰਦਰ ਰਵੀ ਕੋਲ ਵੱਖ, ਵੱਖ ਦੇਸ਼ਾਂ ਵਿਚ ਵਰਤ ਰਹੇ ਵਰਤਾਰਿਆਂ ਨੂੰ ਦੇਖਣ ਵਾਲੀ ਤੇਜ਼ ਦ੍ਰਿਸ਼ਟੀ ਹੈ। ਇਸੇ ਲਈ ਉਸ ਨੇ 'ਉੱਤਰ ਮਾਰਕਸਵਾਦ' ਕਵਿਤਾ ਵਿਚ ਬਹੁ-ਰਾਸ਼ਟਰੀ ਕੰਪਨੀਆਂ ਦੀ ਤਾਨਾਸ਼ਾਹੀ ਦਾ ਜ਼ਿਕਰ ਕੀਤਾ ਹੇ ਅਤੇ ਚੀਨ ਵਰਗੇ ਦੇਸ਼ ਵਿਚ ਹੋ ਰਹੀ ਮਜ਼ਦੂਰਾਂ ਦੀ ਲੁੱਟ ਵੀ ਉਸ ਤੋਂ ਗੁੱਝੀ ਨਹੀਂ।

'ਨਵੀਂ ਸਦੀ ਦੀ ਨਵੀਂ ਨਸਲ' ਜਿਸ ਦੇ ਆਧਾਰ ਤੇ ਪੁਸਤਕ ਦਾ ਨਾਮਕਰਨ ਕੀਤਾ ਹੈ, ਬਹੁਤ ਹੀ ਭਾਵਪੂਰਨ ਕਵਿਤਾ ਹੈ। ਇਸ ਵਿਚ ਕਵੀ ਨੇ ਬਾਹਰਲੇ ਬੂਹੇ ਦੇ ਖੁੱਲ੍ਹਣ ਦੀ ਤੁਲਨਾ 'ਉਬਾਸੀ' ਨਾਲ ਕੀਤੀ ਹੈ। ਕਾਰਾਂ ਵਾਂਗ ਬਦਲਦੇ ਮਿੱਤਰਾਂ ਦੀ ਗੱਲ ਹੈ, ਸਮਲਿੰਗੀ, ਬਹੁ-ਲਿੰਗੀ, ਵਿਰੋਧ ਲਿੰਗ-ਭੋਗੀਆਂ ਦਾ ਜ਼ਿਕਰ ਹੈ। ਘਰਾਂ ਨੂੰ



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਨੁਮਾਇਸ਼ ਵਾਂਗ ਸਜਾਉਣ ਦੇ ਰੁਝਾਨ ਦੀ ਗੱਲ ਹੈ, ਆਪੋ ਆਪਣੀ ਦੁਨੀਆਂ ਵਿਚ ਗੁਆਚੇ ਲੋਕਾਂ ਦਾ ਜ਼ਿਕਰ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਪੁਸਤਕ ਰਾਹੀਂ ਰਵਿੰਦਰ ਰਵੀ ਨੇ ਪੰਜਾਬੀ ਕਵਿਤਾ ਦੇ ਅਮੀਰ ਵਿਰਸੇ ਨੂੰ ਹੋਰ ਅਮੀਰ ਕੀਤਾ ਹੈ।

ਪੁਸਤਕ : ਨਵੀਂ ਸਦੀ ਦੀ ਨਵੀਂ ਨਸਲ
ਲੇਖਕ : ਰਵਿੰਦਰ ਰਵੀ
ਪੰਨੇ : 128, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**–ਰਵਿੰਦਰ ਸਿੰਘ ਸੋਢੀ**
ਮੋ.: 0699110880
**"ਅਕਸ"**, ਦਿੱਲੀ, ਭਾਰਤ–ਜੂਨ, 2013
**"ਪੰਜਾਬੀ ਮਾਂ"** (www.punjabimaa.com) –ਜੂਨ, 2013


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਨਵੀਂ ਸਦੀ ਦੀ ਨਵੀਂ ਨਸਲ : ਚਿੰਤਨ/ਮੰਥਨ ਲਈ ਸਵਾਲ

ਰਵਿੰਦਰ ਰਵੀ ਪੰਜਾਬੀ ਦਾ ਸਥਾਪਤ ਸਾਹਿਤਕਾਰ ਹੈ, ਜਿਸ ਨੇ ਕਵਿਤਾ, ਨਾਟਕ, ਕਹਾਣੀ, ਵਾਰਤਕ, ਸਫ਼ਰਨਾਮਾ, ਆਲੋਚਨਾ ਆਦਿ ਨੂੰ ਆਪਣੀ ਕਲਮ ਦੇ ਘੇਰੇ ਵਿਚ ਲਿਆ। ਉਸ ਦੇ ਸਾਹਿਤ ਸੰਬੰਧੀ ਜਿੱਥੇ ਐੱਮ.ਫਿਲ./ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ ਹੋਇਆ, ਉੱਥੇ ਉਸ ਦੇ ਸਾਹਿਤ ਸੰਬੰਧੀ ਸਤਾਰਾਂ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਿਤ ਵੀ ਹੋ ਚੁੱਕੀਆਂ ਹਨ। ਉਸ ਨੂੰ ਅਨਗਿਣਤ ਪੁਰਸਕਾਰ ਮਿਲ ਚੁੱਕੇ ਹਨ। 'ਨਵੀਂ ਸਦੀ ਦੀ ਨਵੀਂ ਨਸਲ' ਰਵਿੰਦਰ ਰਵੀ ਦਾ ਉਨ੍ਹੀਂਵਾਂ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ 38 ਕਵਿਤਾਵਾਂ ਦਰਜ ਹਨ। ਉਸ ਦੀਆਂ ਕਵਿਤਾਵਾਂ ਨੂੰ ਸਮਾਜ ਦੇ ਪਰਿਵਰਤਿਤ ਹੋਏ ਮੁੱਲ-ਪ੍ਰਬੰਧ ਦੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ। ਉਸ ਦਾ ਵਿਚਾਰ ਹੈ ਕਿ ਹਿੰਸਾ, ਨਸ਼ੀਲੇ ਪਦਾਰਥ, ਕਤਲ, ਬਲਾਤਕਾਰ, ਜੁਰਮ, ਤਸਕਰੀ, ਦੇਹ-ਵਪਾਰ, ਭ੍ਰਿਸ਼ਟਾਚਾਰ, ਗੰਧਲੀ ਰਾਜਨੀਤੀ, ਦਹਿਸ਼ਤ, ਬਹੁ-ਰਾਸ਼ਟਰੀ ਕੰਪਨੀਆਂ, ਵਿਸ਼ਵੀਕਰਨ ਅਤੇ ਅਨਿਸ਼ਚਿਤ ਭਵਿੱਖ ਨਾਲ ਜੂਝਦੀ ਹੋਈ ਨਵੀਂ ਨਸਲ, ਕਈ ਉਲਾਰ ਰੁਚੀਆਂ, ਮਨੋ-ਗੁੰਝਲਾਂ ਅਤੇ ਉਲਝਣਾਂ ਦਾ ਸ਼ਿਕਾਰ ਹੋ ਰਹੀ ਹੈ। ਖਪਤ ਸਭਿਆਚਾਰ ਨੇ ਮਾਨਵੀ ਕਦਰਾਂ ਕੀਮਤਾਂ ਨੂੰ ਖਪਤ ਦੀਆਂ ਵਸਤਾਂ ਬਣਾ ਦਿੱਤਾ ਹੈ। ਪੇਚੀਦਗੀ ਵਿਚ ਫਸੀ 'ਨਵੀਂ ਨਸਲ' ਕਿਉਂ ਉਲਝੀ ਤੇ ਗੁਆਚੀ ਹੋਈ ਹੈ ? ਰਵਿੰਦਰ ਰਵੀ ਆਪਣੀਆਂ ਕਵਿਤਾਵਾਂ ਰਾਹੀਂ ਅਨੇਕਾਂ ਸਵਾਲ ਚਿੰਤਨ/ਮੰਥਨ ਲਈ ਖੜ੍ਹੇ ਕਰਦਾ ਹੈ।

ਪੁਸਤਕ : ਨਵੀਂ ਸਦੀ ਦੀ ਨਵੀਂ ਨਸਲ
ਲੇਖਕ : ਰਵਿੰਦਰ ਰਵੀ
ਪੰਨੇ : 128, ਮੁੱਲ : 200 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਡਾ. ਸਤਨਾਮ ਸਿੰਘ ਜੱਸਲ**
"ਪੰਜਾਬੀ ਟ੍ਰਿਬਿਊਨ", ਚੰਡੀਗੜ੍ਹ (ਭਾਰਤ),
18 ਅਗਸਤ, 2013



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਪਰਵਾਸੀ ਲੇਖਕ ਰਵਿੰਦਰ ਰਵੀ ਦੀ ਹਥਲੀ ਪੁਸਤਕ "ਸ਼ਬਦਾਂ ਦੇ ਚਿਹਰੇ" ਵਿਚ ਕਲਮੀ ਚਿਤਰ ਸ਼ਾਮਿਲ ਹਨ। ਕਲਮੀ ਚਿਤਰ ਉਸ ਨੇ ਸਭ ਤੋਂ ਪਹਿਲਾਂ 1967-68 ਵਿਚ ਕੀਨੀਆਂ ਵਿਚ ਲਿਖਣੇ ਆਰੰਭੇ ਜੁ ਸੰਨ 1969 ਵਿਚ ਛਪੇ। "ਸ਼ਬਦਾਂ ਦੇ ਚਿਹਰੇ" ਕਲਮੀ ਚਿਤਰ ਸੰਨ 1969 ਤੋਂ 1978 ਤਕ ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਅਜਾਇਬ ਕਮਲ, ਜਗਤਾਰ, ਪ੍ਰੀਤਮ ਸਿੰਘ, ਦੇਵਿੰਦਰ ਸਤਿਆਰਥੀ, ਗੁਲਜ਼ਾਰ ਸਿੰਘ ਸੰਧੂ, ਤਾਰਾ ਸਿੰਘ ਆਦਿ ਤੇ 2013 ਵਿਚ ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਅਜੀਤ ਕੌਰ, ਗੁਰੂਮੇਲ, ਡਾ ਸੁਤਿੰਦਰ ਸਿੰਘ ਨੂਰ, ਤਾਰਾ ਸਿੰਘ ਹੇਅਰ, ਮਨਜੀਤ ਟਿਵਾਣਾ, ਚਰਨ ਸਿੰਘ ਤੇ "ਆਪਣੀ ਬੁੱਕਲ" (ਸਵੈ-ਚਿਤਰ) ਆਦਿ ਲਿਖੇ ਗਏ ਹਨ। ਪੁਸਤਕ ਦੇ ਅੰਤਲੇ ਪੰਨਿਆਂ ਵਿਚ ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ ਹੈ ਤੇ ਦੋ ਲੇਖ ਹਨ। ਰਵਿੰਦਰ ਰਵੀ ਪਹਿਲਾ ਪਰਵਾਸੀ ਲੇਖਕ ਹੈ, ਜਿਸਨੂੰ ਭਾਸ਼ਾ ਵਿਭਾਗ, ਪੰਜਾਬ ਅਤੇ ਪੰਜਾਬ ਆਰਟਸ ਕੌਂਸਲ ਨੇ 1980 ਵਿਚ "ਸ਼੍ਰੋਮਣੀ ਸਾਹਿਤਕਾਰ" ਪੁਰਸਕਾਰ ਦਿੱਤੇ। ਇਸ ਪੁਸਤਕ ਵਿਚ ਕਈ ਕਵੀਆਂ/ਸਾਹਿਤਕਾਰਾਂ ਦੇ ਕਾਵਿ-ਚਿਤਰ ਵੀ ਦਰਜ ਹਨ।

ਮੋਹਨ ਸਿੰਘ ਬਾਰੇ ਉਸਦੀਆਂ ਸਤਰਾਂ, ਵੇਖੋ:

'ਕੱਚ' ਤੇ 'ਸੱਚ' ਦੀ ਪਹਿਚਾਣ ਵਿਚ ਉਲਝਿਆ,
ਨਾ ਉਹ 'ਕੱਚ' ਹੀ ਪਾ ਸਕਿਆ ਨਾ 'ਸੱਚ'।

ਕਰਤਾਰ ਸਿੰਘ ਦੁੱਗਲ ਦਾ ਕਾਵਿ-ਚਿਤਰ ਉਸਨੇ ਇੰਜ ਲਿਖਿਆ ਹੈ:

ਸਾਹਿਤ, ਉਸਦੀ ਕੁਦਰਤ,
ਆਪ ਉਹ ਕਰਤਾਰ ਸੀ!!!

ਬਲਵੰਤ ਗਾਰਗੀ ਲਈ ਉਹ ਲਿਖਦਾ ਹੈ:

"ਕਾਲੇ ਅੰਬ" ਚੂਪਦਾ, ਚੂਪਦਾ,
"ਕੌਡੀਆਂ ਵਾਲਾ ਸੱਪ" ਬਣ ਕੇ,
ਉਹ "ਨੰਗੀ ਧੁੱਪ": ਵਿਚ ਆ ਬੈਠਾ!

ਡਾ. ਐਮ.ਐਸ. ਰੰਧਾਵਾ ਬਾਰੇ ਉਸਨੇ ਕਿਹਾ:

ਉਹ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ
ਤੇ ਕਲਾ ਦਾ ਸ਼ੈਦਾਈ ਸੀ।



Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

'ਵਿਰਕ', 'ਸੇਖੋਂ', 'ਗੁਲਜ਼ਾਰ' ਤੇ 'ਮੋਹਨ ਸਿੰਘ',
ਉਸਦੀ ਰੌਸ਼ਨੀ ਵਿਚ ਨਹਾਉਂਦੇ ਰਹੇ।

ਇਉਂ "ਸ਼ਬਦਾਂ ਦੇ ਚਿਹਰੇ" ਵਿਚ ਕਾਫੀ ਜਾਣਕਾਰੀ ਦਰਜ ਹੈ। ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਥਾਂ ਪੁਰ ਥਾਂ ਪੁਰਾਣੀਆਂ ਤਸਵੀਰਾਂ ਵੀ ਦਰਜ ਹਨ।

ਪੁਸਤਕ : ਸ਼ਬਦਾਂ ਦੇ ਚਿਹਰੇ
ਲੇਖਕ : ਰਵਿੰਦਰ ਰਵੀ
ਪੰਨੇ : 216 ਮੁੱਲ : 350 ਰੁਪਏ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**–ਡਾ ਸ਼ਰਨਜੀਤ ਕੌਰ**
"ਪੰਜਾਬੀ ਟ੍ਰਿਬਿਊਨ"(ਚੰਡੀਗੜ੍ਹ, ਭਾਰਤ),
ਅਗਸਤ 3, 2014



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਰਵਿੰਦਰ ਰਵੀ : ਬ੍ਰਹਮੰਡਕ ਚੇਤਨਾ ਵਾਲਾ ਕਵੀ, ਸਾਹਿਤਕਾਰ

ਮਾਰਚ, 1937 ਨੂੰ ਸਿਆਲਕੋਟ (ਪਾਕਿਸਤਾਨ) ਵਿਖੇ ਜਨਮਿਆਂ ਲੇਖਕ ਰਵਿੰਦਰ ਰਵੀ ਬ੍ਰਹਮੰਡਕ ਚੇਤਨਾਂ ਵਾਲਾ ਕਵੀ, ਸਾਹਿਤਕਾਰ ਹੈ। ਉਸਦੀਆਂ ਸਾਹਿਤਕ ਕਿਰਤਾਂ ਨੂੰ ਪੜ੍ਹਨ ਲਈ ਆਮ ਪਾਠਕ ਕਾਫੀ ਨਹੀਂ, ਗਹਿਰ ਗੰਭੀਰ ਸੋਚ ਹੀ ਉਸ ਨੂੰ ਜਾਣਨ, ਸਮਝਣ ਦੇ ਸਮਰੱਥ ਹੋ ਸਕਦੀ ਹੈ।

ਇਸ ਪੁਸਤਕ ਵਿਚ ਉਸ ਨੇ ਕੁਝ ਇਕ ਮਿਲਣ ਗਿਲਣ ਵਾਲੇ ਜਾਂ ਜੁ ਉਸ ਨੂੰ ਠੀਕ ਜਾਪੇ, ਉਨ੍ਹਾਂ ਕਵੀਆਂ, ਲੇਖਕਾਂ ਦੇ ਕਾਵਿਕ ਚਿਤਰ ਬਿਆਨ ਕੀਤੇ ਹਨ। ਇਸ ਤੋਂ ਇਲਾਵਾ ਸਤਨਾਮ ਢਾਅ ਵਲੋਂ ਕੀਤੀ ਉਸ ਨਾਲ ਮੁਲਾਕਾਤ ਵੀ ਹੈ ਅਤੇ ਲੇਖਕ ਦਾ ਸਵੈ-ਚਿਤਰ ਵੀ।

ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਗੁਲਜ਼ਾਰ ਸਿੰਘ ਸੰਧੂ, ਕੁਲਵੰਤ ਸਿੰਘ ਵਿਰਕ, ਜਸਬੀਰ ਸਿੰਘ ਆਹਲੂਵਾਲੀਆ, ਤਾਰਾ ਸਿੰਘ ਆਦਿ ਦੇ ਕਲਮੀਂ ਚਿਤਰ 1969-1978 ਦੌਰਾਨ ਲਿਖੇ ਗਏ ਹਨ ਤੇ 2013 ਵਿਚ ਉਸ ਨੇ ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਡਾ ਰਘਬੀਰ ਸਿੰਘ 'ਸਿਰਜਣਾ', ਮਨਜੀਤ ਟਿਵਾਣਾ, ਅਮਰਜੀਤ ਸਿੰਘ 'ਅਕਸ' ਆਦਿ ਦੇ ਚਿਤਰਾਂ ਨੂੰ ਅੰਜਾਮ ਦਿੱਤਾ ਹੈ। ਇਹ ਸਾਰੇ ਕਲਮੀਂ ਚਿਤਰ ਰਵੀ ਦੀ ਕਾਵਿ-ਸੀਮਾਂ ਤੇ ਪ੍ਰਤਿਭਾ ਦੇ ਲਖਾਇਕ ਹਨ।

ਮੁਲਾਕਾਤ ਦੇ ਇਕ ਸਵਾਲ ਵਿਚ, ਰਵੀ ਦੇ ਲੰਮੇਂ ਉਤਰ ਵਿਚੋਂ, ਹੇਠ ਲਿਖੀਆਂ ਕੁਝ ਲਾਈਨਾਂ ਪੜ੍ਹਕੇ, ਸੰਜੀਦਾ ਪਾਠਕ ਕੁਝ ਸੋਚਣ ਲਈ ਜ਼ਰੂਰ ਮਜਬੂਰ ਹੁੰਦਾ ਹੋਵੇਗਾ:

> "ਬੁਨਿਆਦੀ ਤੌਰ 'ਤੇ ਹਰ ਯੁੱਗ ਵਿਚ ਸਾਹਿਤ ਕਈ ਪੱਧਰਾਂ 'ਤੇ ਲਿਖਿਆ ਜਾਂਦਾ ਹੈ। ਪਹਿਲਾ, ਜੋ ਲੋਕ-ਪੱਧਰ 'ਤੇ, ਆਮ ਲੋਕਾਂ ਬਾਰੇ , ਲੋਕਾਂ ਲਈ ਲਿਖਿਆ ਹੋਵੇ। ਦੂਜਾ, ਸਟੇਜੀ ਸ਼ਾਇਰੀ, ਜਿਸ ਤਰ੍ਹਾਂ ਸੁਰਜੀਤ ਪਾਤਰ ਤੇ ਸ਼ਿਵ ਕੁਮਾਰ ਦੀ ਕਵਿਤਾ, ਜਿਹੜੀ ਪਰਫੌਰਮ ਕਰਨ ਵਾਲੀ ਹੈ। ਇਹਦੇ ਵਿਚ ਬੌਧਕ ਸ਼ਾਇਰੀ ਵੀ ਆ ਜਾਂਦੀ ਹੈ, ਜਿਹੜੀ ਆਮ ਲੋਕਾਂ ਬਾਰੇ ਹੁੰਦੀ ਹੋਈ ਵੀ , ਵਸ਼ਿਸ਼ਟ ਵਰਗ ਦੇ ਲੋਕਾਂ ਲਈ ਲਿਖੀ ਜਾਂਦੀ ਹੈ। ਸ਼ਿਵ ਅਤੇ ਪਾਤਰ ਦੀ ਕਵਿਤਾ ਜਦੋਂ ਲੋਕ ਉਨ੍ਹਾਂ(ਕਵੀ) ਦੀ ਜ਼ਬਾਨੀ ਸੁਣਦੇ ਹਨ, ਤਾਂ ਗੱਲ ਹੋਰ ਹੁੰਦੀ ਹੈ। ਜਦੋਂ ਤੁਸੀਂ ਆਪ ਉਸੇ ਕਵਿਤਾ ਨੂੰ ਪਰਫੌਰਮ ਕਰਦੇ ਹੋ, ਤਾਂ ਉਹ ਗੱਲ ਨਹੀਂ


Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

ਬਣਦੀ। ਇਹ ਮਨੋਰੰਜਨ ਵਧੇਰੇ ਕਰਦੀ ਹੈ, ਪਰ ਬੌਧਕ ਘੱਟ ਹੁੰਦੀ ਹੈ।"

ਇਸ ਬੌਧਕ ਕਵੀ, ਕਹਾਣੀਕਾਰ, ਨਾਟਕਕਾਰ ਕੋਲ ਬਹੁਤ ਕੁਝ ਕਹਿਣ, ਦੱਸਣ ਵਾਲਾ ਹੈ, ਪ੍ਰੰਤੂ ਸ਼ਰਤ ਇਹ ਹੈ ਕਿ ਪਾਠਕ, ਸਰੋਤਾ ਉਸ ਦੇ ਬੌਧਕ ਪਧਰ ਦੇ ਹਾਣ ਦਾ ਹੋਵੇ। ਕੁਲ ਮਿਲਾ ਕੇ ਲੇਖਕ ਦੀਆਂ ਵਿਭਿੰਨ ਪੁਸਤਕਾਂ ਦੀ ਗਿਣਤੀ ਸੈਂਕੜੇ ਨੂੰ ਅਪੜ ਜਾਂਦੀ ਹੈ। ਅਜਿਹੇ ਅਣਥੱਕ ਸਾਹਿਤਕਾਰ ਦੀ ਸਾਰ ਲਈ ਵੀ ਗਈ ਹੈ। ਹੋਰ ਵਾਜਬ ਮੁਲਾਂਕਣ ਦੀ ਵੀ ਲੋੜ ਹੈ।

ਪੁਸਤਕ : ਸ਼ਬਦਾਂ ਦੇ ਚਿਹਰੇ (ਕਲਮੀਂ ਚਿਤਰ: 1969 - 2013)
ਲੇਖਕ : ਰਵਿੰਦਰ ਰਵੀ
ਮੁੱਲ : 350 ਰੁਪਏ, ਪੰਨੇ : 216,
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ, ਭਾਰਤ

**-ਸੁਖਮਿੰਦਰ ਸਿੰਘ ਸੇਖੋਂ**
"ਪੰਜਾਬੀ ਜਾਗਰਣ",
ਜਲੰਧਰ, ਭਾਰਤ - 25 ਮਈ, 2014



Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/**Pind Brahmand-D1**
Academy of the Punjab in North America - APNA: http://www.apnaorg.com

# ਪੁਸਤਕ ਦਰਸ਼ਨ





Ist on 25.3.2015
D:/National/Ravi-15/Pind Brahmand/1-Proof/**Pind Brahmand-D1**

Academy of the Punjab in North America - APNA: http://www.apnaorg.com

Ist on 25.3.2015
D:/National/Ravi-15/Pind Brahmand/1-Proof/Pind Brahmand-D1
Academy of the Punjab in North America - APNA: http://www.apnaorg.com

## ਨਾਟਕ ਤੇ ਰੰਗਮੰਚ ਦੀ ਰੂਹ ਦਾ ਨੁਮਾਇੰਦਾ : ਰਵਿੰਦਰ ਰਵੀ

